

# ਸ੍ਰੀ ਗੁਰੂ ਗ੍ਰੰਥ-ਸਾਹਿਬ ਇਕ ਪਰਿਚਯ

ਡਾ. ਧਰਮਪਾਲ ਮੈਨੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੇਕਰ ਪ੍ਰੋ: ਦਰਸ਼ਨ ਸਿੰਘ ਵੱਲੋਂ ਇਸ ਪੁਸਤਕ ਦੀ ਭਾਸ਼ਾ ਨੂੰ ਇਹ ਰੂਪ ਦੇਣ ਦੀ ਅਤੇ ਭਾਸ਼ਾ ਵਿਭਾਗ ਪਟਿਆਲਾ ਦੀ ਆਰਥਿਕ ਸਹਾਇਤਾ ਪ੍ਰਾਪਤ ਨਾ ਹੁੰਦੀ ਤਾਂ ਨਾ ਜਾਣੇ ਕਿਨਾ ਚਿਰ ਹੋਰ ਇਹ ਕਿਰਤ ਅਪ੍ਰਕਾਸ਼ਿਤ ਹੀ ਰਹਿੰਦੀ, ਲੇਖਕ ਉਨ੍ਹਾਂ ਦਾ ਆਭਾਰੀ ਹੈ ।

(ਲੇਖਕ)

Digitized by Panjab Digital Library | www.panjabdigilib.org

ਗੁਰਦੇਵ ਅਚਾਰਯ ਹਜ਼ਾਰੀ ਪ੍ਰਸਾਦ ਜੀ ਦ੍ਵਿਵੇਦੀ

ਤੇ

ਸਰਲ ਅਧਿਆਪਕ ਡਾਕਟਰ ਤਾਰਨ ਸਿੰਘ ਜੀ ਨੂੰ

ਤੇ

ਹਰੇਕ ਸਿਖ (ਸ਼ਿਸ਼) ਨੂੰ

ਆਪਣੇ ਗੁਰੂ ਦੇ ਰਾਹੀਂ

ਆਤਮ ਗਿਆਨ ਲਈ

'ਗੁਰੂ ਮਾਨਿਓ ਗ੍ਰੰਥ'

ਵਿਨੀਤ

ਧਰਮ ਪਾਲ ਮੈਨੀ

ਪ੍ਰਾਧਿਆਪਕ ਹਿੰਦੀ ਵਿਭਾਗ

ਪੰਜਾਬ ਵਿਸ਼ਵ ਵਿਦਿਆਲਯ

Digitized by Panjab Digital Library | www.panjabdigilib.org

# ਪਰਿਚਯ ਦਾ ਪਰਿਚਯ

ਮੇਰਾ ਮੁਝ ਮੇਂ ਕੁਛ ਨਹੀਂ ਜੋ ਕਿਛ ਹੈ ਸੋ ਤੇਰਾ ।
ਤੇਰਾ ਤੁਝ ਕੋ ਸੌਂਪ ਤੇ ਕਿਆ ਲਾਗੇ ਮੇਰਾ ।
(ਕਬੀਰ)

ਅੱਜ ਤੋਂ ਲੱਗ ਭਗ ੩ ਵਰ੍ਹੇ ਪਹਿਲਾਂ ਰੰਗੂਨ ਦੇ ਭਾਰਤੀ ਸਕੂਲ ਵਿਚ ਇਸ ਦੋਹਿਰੇ ਨੇ ਮੈਨੂੰ ਪ੍ਰਭਾਵਿਤ ਕੀਤਾ ਸੀ । ਉਸ ਵੇਲੇ ਤੋਂ ਲੈ ਕੇ ਹੁਣ ਤੱਕ ਆਪਣੇ ਅਧਿਐਨ ਦੇ ਵਿਕਾਸ ਮਾਰਗ ਵਿਚ ਇਸ ਤਰ੍ਹਾਂ ਦੇ ਕਬੀਰ ਦੇ ਸਰਲ, ਸਰਸ, ਤੇ ਸਪੱਸ਼ਟ, ਨਾ ਜਾਣੇ ਕਿਨੇ ਹੀ, ਦੋਹਿਰੇ ਮੇਰੇ ਅਰਧ ਚੇਤੰਨ ਮਨ ਵਿਚ ਥਾਂ ਬਣਾਉਂਦੇ ਚਲੇ ਆਏ ਹਨ, ਅਤੇ ਜੀਵਨ ਦੇ, ਇਸ ਅਧਿਐਨ ਕਰਨ ਦੇ ਸਮੇਂ ਵਿਚ ਕਬੀਰ ਦੇ ਵਿਅਕਤਿਤਵ ਨੇ ਮੈਨੂੰ ਦਿਨੋਂ ਦਿਨ ਹੋਰ ਪ੍ਰਭਾਵਿਤ ਕੀਤਾ ਹੈ । ਇਸ ਵਿਕਾਸ ਮਾਰਗ ਵਿਚ ਵਿਸ਼ੇਸ਼ ਕਰ ਕੇ ਅਧਿਆਤਮਕ ਖੇਤਰ ਵਿਚ ਨਾ ਕੇਵਲ ਪੁਰਾਣੇ ਸਗੋਂ ਆਧੁਨਿਕ ਲੇਖਕ. ਰਵਿੰਤਰ, ਗਾਂਧੀ ਤੇ ਅਰਵਿੰਦ ਦੀ ਬਾਣੀ ਵਿਚ ਭੀ ਇਹੋ ਸਚਾਈਆਂ, ਉਨ੍ਹਾਂ ਦੇ ਵਿਅਕਤਿਤਵ ਦੇ ਮਾਧਿਅਮ ਤੋਂ ਪ੍ਰਗਟ ਹੁੰਦੀਆਂ ਅਨੁਭਵ ਹੋਈਆਂ ਹਨ : ਇਸ ਅਨੁਭਵ ਨੇ ਹੀ ਕਬੀਰ ਦੇ ਮਹੱਤਵ ਤੇ ਵਿਅਕਤਿਤਵ ਵਲ ਮੇਰੀ **ਜਿਗਿਆਸਾ** ਨੂੰ ਪ੍ਰੇਰਿਆ ਤੇ ਉਹ ਇਸ ਪਾਸੇ ਵੱਲ ਵਹਿ ਤੁਰੀ ।

ਜੋ ਕੁਝ ਭੀ ਹੋਵੇ, ਕਬੀਰ ਦੇ ਇਸ ਅਦੁੱਤੀ ਵਿਅਕਤਿਤਵ ਦੀ ਜੋਤੀ ਤੋਂ ਉਤਪੰਨ ਹੋਈ ਅਨੁਭੂਤੀ ਨੂੰ ਅੱਜ ਦੇ ਵਿਗਿਆਨਕ ਅਤੇ ਬੌਧਿਕ ਯੁੱਗ ਵਿਚ ਕ੍ਰਮ-ਬਧ ਵਿਚਾਰਧਾਰਾ ਦੀ ਲੋੜ ਅਨੁਭਵ ਹੋਈ ਅਤੇ ਮੇਰਾ ਅੰਦਰ ਉਸ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਲਈ ਵਿਵਸ਼ ਹੋ ਉਠਿਆ। ਇਸ ਵਿਸ਼ਲੇਸ਼ਣਾਤਮਕ ਅਧਿਐਨ ਦੇ ਚੱਕਰ ਵਿਚ ਹੀ ਉਸ ਦੀ ਪਰਾਮਾਣਿਕਤਾ ਦੀ ਖੋਜ ਨੇ ਕੁਝ ਵਰ੍ਹੇ ਹੋਏ ਗੁਰੂ ਗ੍ਰੰਥ ਨਾਲ ਮੇਰੀ ਜਾਣ ਪਛਾਣ ਕਰਾਈ ।



Digitized by Panjab Digital Library | www.panjabdigilib.org

ਗੁਰੂ ਗ੍ਰੰਥ ਨਾਲ ਮੇਰੀ ਪਹਲੀ ਜਾਣ ਪਛਾਣ ਹੋਈ–'ਜੇਹਾ ਡਿੱਠਾ ਮੈਂ ਤਿਹੋ ਕਹਿਆ–ਦੇ ਮਾਧਿਅਮ ਨਾਲ। ਇਸ ਵਿਚ ਭੀ ਉਹੀ ਜੋਤੀ ਰੌਸ਼ਨੀ ਕਰਦੀ ਨਜ਼ਰ ਆਈ। ਜਾਣ ਪਛਾਣ ਵਧਦੀ ਗਈ ਤੇ ਰਾਹੀ ਰਾਹ ਭੁਲਦਾ ਗਇਆ। ਇਸ ਤਰ੍ਹਾਂ ਲੁਦਿਹਾਣੇ ਤੋਂ ਕਾਂਸ਼ੀ ਦਾ ਰਾਹ ਪੁਛਦਿਆਂ ਰਾਹ ਗੀਰ ਪੰਧਾਊ ਜਾ ਪੁੱਜਾ ਅੰਮ੍ਰਿਤਸਰ। ਸੁਣਿਆਂ ਉਥੋਂ ਭੀ ਗੱਡੀ ਸਿੱਧੀ ਕਾਂਸ਼ੀ ਜਾਂਦੀ ਹੈ। ਗੱਡੀ ਦੇ ਜਾਣ ਵਿਚ ਅਜੇ ਸਮਾਂ ਸੀ। ਮੈਂ ਸੋਚਿਆ, ਚਲੋ ਥੋੜੀ ਜਿਹੀ ਜਾਣ ਪਛਾਣ ਇਸ ਪੜਾ ਨਾਲ ਭੀ ਸਹੀ। ਇਹ ਇਸ ਪੜਾ ਦੀ ਜਾਣ ਪਛਾਣ ਦੀ ਕਹਾਣੀ ਆਪਣੇ ਆਪ ਹੀ ਗੁਰੂ ਗ੍ਰੰਥ ਦੀ ਜਾਣ ਪਛਾਣ ਦੀ ਕਹਾਣੀ ਬਣ ਜਾਵੇ ਗੀ, ਇਸ ਦੀ ਕਲਪਨਾ ਮੈਂ ਸੁਪਨੇ ਵਿਚ ਭੀ ਨਹੀਂ ਸੀ ਕਰ ਸਕਦਾ। ਇਹ ਅਕਲਪਿਤ ਸੁਪਨਾ ਸਾਕਾਰ ਬਣ ਉਠਿਆ। ਇਹੋ ਹੈ ਇਸ ਦੀ ਜਾਣ ਪਛਾਣ।

ਸਿਰਲੇਖ ਅਨੁਸਾਰ ਇਸ ਜਾਣ ਪਛਾਣ ਦਾ ਪਰਿਚਯ ਦੇਣਾ ਭੀ ਉਚਿਤ ਬਣਦਾ ਹੈ। ਵੱਧ ਨਹੀਂ ਤਾਂ ਇਸੇ ਵਿਚਾਰ ਤੋਂ ਕਿ ਸੰਤ ਬਾਣੀ ਦੇ ਪਰਿਚਯ ਵਿਚ ਉਨ੍ਹਾਂ ਦੀ ਘਟੋ ਘਟ ਇਕ ਗਲ —'ਕਥਨੀ ਤੇ ਕਰਨੀ ਵਿਚ ਅੰਤਰ ਨਹੀਂ ਹੋਣਾ ਚਾਹੀਦਾ' ਮੰਨ ਲੈਣੀ ਚਾਹੀਦੀ ਹੈ।

ਗੁਰੂ ਗ੍ਰੰਥ ਨਾਲ ਸੰਬੰਧਿਤ ਇਨਾਂ ਹੋਰ ਸਾਹਿਤ ਹੁੰਦਿਆਂ ਹੋਇਆਂ ਭੀ ਇਸ ਪਰਿਚਯ ਦੀ ਕਹਾਣੀ ਆਪਣੀ ਹੀ ਹੈ। ਅਸਲ ਵਿਚ ਗੁਰੂ ਗ੍ਰੰਥ ਨਾ ਕੇਵਲ ਸਿੱਖ ਧਰਮ ਜਾਂ ਭਾਰਤ ਦਾ ਸਗੋਂ ਉਹ ਤਾਂ ਸਮੁਚੇ ਮਨੁੱਖ ਮਾਤਰ ਦਾ ਅਮੁਲ ਅਧਿਆਤਮਕ ਵਿਰਸਾ ਹੈ। ਇਸ ਲਈ ਗੁਰੂਆਂ ਦੇ ਦੇਸ਼ ਪੰਜਾਬ ਦੀ ਪੰਜਾਬੀ ਦੁਆਰਾ ਹਰੇਕ ਸਿੱਖ (ਸ਼ਿਸ਼) ਵਿਚ, ਭਾਰਤ ਦੇ ਜਨ-ਸਾਧਾਰਣ ਦੀ ਭਾਸ਼ਾ ਹਿੰਦੀ ਦੁਆਰਾ ਹਰ ਇਕ ਭਾਰਤੀ ਵਿਚ ਤੇ ਵਿਸ਼ਵ ਦੀ ਸਭ ਤੋਂ ਵੱਧ ਪ੍ਰਚਲਿਤ ਭਾਸ਼ਾ ਅੰਗ੍ਰੇਜ਼ੀ ਦੁਆਰਾ ਹਰ ਇਕ ਮਨੁਖ ਵਿਚ,......ਮਨੁੱਖ ਮਾਤਰ ਦੇ ਇਕੋ ਹੀ ਅਮੁੱਲ ਅਧਿਆਤਮਕ ਵਿਰਸੇ ਦੀ ਸਮਾਨ ਵੰਡ ਵਿਚ ਹੀ ਧਰਮ ਪਾਲਨ ਹੈ।

ਗੁਰੂ ਗ੍ਰੰਥ ਦੇ ਹਰ ਇਕ ਅਧਿਐਨ ਕਰਨ ਵਾਲੇ ਨੂੰ ਉਸ ਦਾ ਘੱਟੋ ਘੱਟ ਇਨਾ ਸਰਬ-ਪੱਖੀ ਪਰਿਚਯ ਜ਼ਰੂਰੀ ਹੈ। ਇਸ ਲਈ ਇਸ ਨੂੰ ਜਨ-ਸਾਧਾਰਣ ਦੀ ਭਾਸ਼ਾ ਵਿਚ ਹੀ, ਜਨ ਸਾਧਾਰਣ ਲਈ ਹੀ ਸੁਲੱਭ ਬਣਾਇਆ



Digitized by Panjab Digital Library | www.panjabdigilib.org

ਗਇਆ ਹੈ ।

ਅਧਿਆਤਮਕ-ਦਰਸ਼ਨ, ਧਰਮ, ਸਾਹਿਤ (ਕਾਵਿ ਤੇ ਗਿਆਨ) ਇਤਿਹਾਸ ਤੇ ਭਾਰਤੀ ਸੰਸਕ੍ਰਿਤੀ ਆਦਿ ਸਾਰਿਆਂ ਦਾ ਹੀ ਸਾਧਾਰਣ ਪਰਿਚਯ ਪ੍ਰਾਪਤ ਕਰਨ ਵਾਲਾ ਵਿਅਕਤੀ ਜਿਸ ਕਿਸੇ ਵਿਸ਼ਯ ਵਿਚ ਭੀ ਰੁਚੀ ਰੱਖਦਾ ਹੋਵੇ ਇਸ ਪਰਿਚਯ ਦੁਆਰਾ ਆਪਣੀ ਰੁਚੀ ਅਨੁਸਾਰ ਉਸ ਵਿਸ਼ਯ ਵਿਚ ਪ੍ਰਵੇਸ਼ ਕਰ ਸਕਦਾ ਹੈ ।

ਸੰਖੇਪ ਵਿਚ ਜਨ-ਸਾਧਾਰਣ ਦੀ ਅਮੁੱਲ ਨਿਧੀ (ਗੁਰੂ ਗ੍ਰੰਥ) ਜੋ ਕਿ ੧੪੩੦ ਪੰਨਿਆਂ ਦੇ ਵਿਸ਼ਾਲ ਆਕਾਰ ਵਿਚ ਹੈ ਦੀ ਸਰਬ-ਪਖੀ ਜਾਣ ਪਛਾਣ ਜਨ-ਸਾਧਾਰਣ ਦੀ ਭਾਸ਼ਾ ਦੁਆਰਾ ਹੀ ਜਨਤਾ ਤਕ ਆਸਾਨੀ ਨਾਲ ਪਹੁੰਚਾਉਣਾ ਇਸ ਜਾਣ ਪਛਾਣ ਦਾ ਮੁੱਖ ਉਦੇਸ਼ ਹੈ। ਕਿਉਂਕਿ ਰਿਸ਼ੀ, ਮੁਨੀ ਤੇ ਸੰਤਾਂ ਦੇ ਦੇਸ਼ (ਹੁਣ) ਸੁਤੰਤਰ ਭਾਰਤ ਨੇ ਫਿਰ ਅਧਿਆਤਮਕ ਜੀਵਨ ਦੁਆਰਾ ਆਪਣੀ ਵਿਸਰ ਚੁਕੀ ਸੰਸਕ੍ਰਿਤੀ ਨੂੰ ਪੁਨਰ ਜਨਮ ਦੇਣ ਤੋਂ ਉਪਰੰਤ-ਜਨ ਸਾਧਾਰਣ ਨੂੰ ਨਵੇਂ ਜੀਵਨ ਦਾ ਸੰਦੇਸ਼ ਹੀ ਨਹੀਂ ਦੇਣਾ ਸਗੋਂ ਫਿਰ ਤੋਂ ਜਗਤ ਗੁਰੂ ਬਣ ਕੇ ਜਗਤ ਨੂੰ ਪ੍ਰਕਾਸ਼-ਮਾਨ ਭੀ ਕਰਨਾ ਹੈ । ਆਧੁਨਿਕ ਯੁਗ ਦੇ ਵਿਸ਼ਵ ਨੂੰ ਪ੍ਰਭਾਵਿਤ ਕਰਨ ਵਾਲੀਆਂ ਮਹਾਨ ਵਿਅਕਤੀਆਂ ਰਵਿੰਦਰ ਨਾਥ ਟੈਗੋਰ, ਗਾਂਧੀ ਤੇ ਅਰਵਿੰਦ ਤਾਂ ਪਰਾਧੀਨ ਭਾਰਤ ਦੀ ਦੇਣ ਸਨ ਪਰ ਹੁਣ ਸੰਸਾਰ ਸੁਤੰਤਰ ਭਾਰਤ ਵੱਲ ਆਸ਼ਾ ਭਰਪੂਰ ਨਜ਼ਰਾਂ ਨਾਲ ਵੇਖ ਰਹਿਆ ਹੈ ।

ਇਸ ਤਰ੍ਹਾਂ ਦੀ ਪੁਕਾਰ ਸੁਣ ਨਿਮਨ ਚੇਤੰਨ ਜਦੋਂ ਤੀਬਰਤਾ ਤੋਂ ਸੁਚੇਤ ਹੋਇਆ ਤਾਂ ਉਹ ਸਾਕਾਰ ਰੂਪ ਲੈਣ ਤੋਂ ਨਾ ਰੁਕ ਸਕਿਆ ਤੇ ਉਸੇ ਦਾ ਸਿੱਟਾ ਜਾਂ ਪ੍ਰਮਾਣ ਹੈ ਇਹ......'ਪਰਿਚਯ' ਇਹੋ ਹੈ 'ਪਰਿਚਯ' ਦੇ 'ਪਰਿਚਯ ਦੀ ਕਹਾਣੀ ।

ਜਿਨ੍ਹਾਂ ਦੀ ਉਚਤਾ ਸਵੀਕਾਰ ਕਰਦੇ ਹੋਏ ਭੀ ਮੈਂ ਉਨ੍ਹਾਂ ਦਾ ਧੰਨਵਾਦ ਨਹੀਂ ਕਰ ਸਕਿਆ ਉਨ੍ਹਾਂ ਦੀ ਥੋੜੀ ਜਿਹੀ ਜਾਣ ਪਛਾਣ ਕਰਾਕੇ ਕ੍ਰਿਤਗਯਤਾ ਪ੍ਰਕਾਸ਼ ਦੁਆਰਾ ਆਤਮ ਸੰਤੋਖ ਰੂਪੀ ਲਾਭ ਦੀ ਸਵਾਰਥ ਪੂਰਤੀ ਅਵੱਸ਼ ਕਰ ਰਹਿਆ ਹਾਂ, ਉਨ੍ਹਾਂ ਵਿਚ—ਗੁਰਦੇਵ ਆਚਾਰੀਆ ਹਜ਼ਾਰੀ ਪ੍ਰਸ਼ਾਦ ਜੀ ਦਿਵੇਦੀ ਪਦਮ ਭੂਸ਼ਨ ਸੰਤ ਵਿਅਕਤੀ ਦੀ ਅਰੁੱਕ ਤੇ ਪਰਖਰ ਹੁੰਦਿਆਂ ਭੀ



Digitized by Panjab Digital Library | www.panjabdigilib.org

ਸੁਨੈਹਰੀ ਜੋਤੀ; ਪ੍ਰਿੰਸੀਪਲ ਸਾਹਿਬ ਸਿੰਘ ਦਾ ਸਚਾਈ ਭਰਿਆ ਸੂਖਮ ਵਿਸ਼ਲੇਸ਼ਣ ਤੇ ਮੌਲਿਕ ਚਿੰਤਨ ਅਤੇ ਸਹਯੋਗ; ਭਾਈ ਜੋਧ ਸਿੰਘ ਦਾ ਧਾਰਮਿਕ ਦ੍ਰਿਸ਼ਟਿਕੋਣ, ਸਮਝ ਸਪੱਸ਼ਟਤਾ ਤੇ ਕੰਮ ਨੂੰ ਛੇਤੀ ਕਰਨਾ; ਗਿਆਨੀ ਸ਼ੇਰ ਸਿੰਘ ਦਾ ਪਹਲਾਂ ਸੰਗਠਿਤ, ਦਾਰਸ਼ਨਿਕ ਦ੍ਰਿਸ਼ਟਿਕੋਣ ਤੇ ਸਮਰਥ; ਡਾ: ਮੋਹਨ ਸਿੰਘ, ਇਤਿਹਾਸਕ, ਸਾਹਿਤਕ ਖੋਜ ਪ੍ਰਤਿ ਵਿਚਾਰ ਦ੍ਰਿੜਤਾ ਅਤੇ ਲਟਕ, ਵਕੀਲ ਪਰੁਸ਼ਰਾਮ ਚਤੁਰ ਵੇਦੀ ਦਾ, ਸੰਤ ਸਾਹਿਤ ਦਾ ਕ੍ਰਮ-ਬਧ ਅਧਿਐਨ ਉਸ ਦੀ ਪਰੰਪਰਾ ਦਾ ਪ੍ਰਚਾਰ ਤੇ ਪਰਸਾਰ; ਵਿਨੀਤ ਵਿਨਯ ਮੋਹਨ ਸਰਮਾ ਦਾ ਸੰਤ ਦਾ ਪਰਸਪਰ ਸੰਬੰਧ—

ਸਰਲ ਮੂਲ ਅਧਿਆਪਕ ਤਾਰਨ ਸਿੰਘ ਦਾ ਵਧੇਰੇ ਅਧਿਐਨ ਤੇ ਉਸ ਤੋਂ ਭੀ ਵਧੇਰੇ ਉਸ ਦੀ ਗੂੜ੍ਹ ਅਨੁਭੂਤੀ ਤੇ ਉਸਦਾ ਪ੍ਰਤੱਖ ਪ੍ਰਗਟਾਉ ਮੇਰੀ ਇਸ ਜਾਣ ਪਛਾਣ ਦੇ ਵਿਸ਼ੇਸ਼ ਪਦ ਚਿੰਨ੍ਹ ਹਨ।

ਪਹਾੜੀ ਚਸ਼ਮੇ ਦੇ ਰਾਹ ਵਿਚ ਆਉਣ ਵਾਲੀ ਹਰ ਇਕ ਚਟਾਨ ਉਸਦੇ ਵਹਾ ਨੂੰ ਕੁਝ ਪਲਾਂ ਲਈ ਰੋਕ ਕੇ ਉਸਨੂੰ ਹੋਰ ਤੇਜ਼ੀ ਨਾਲ ਅਗਾਂਹ ਵਧਣ ਦਾ ਸੰਦੇਸ਼ ਹੀ ਨਹੀਂ ਦਿੰਦੀ ਸਗੋਂ ਪ੍ਰੇਰਣਾ ਅਤੇ ਸਮਰਥਾ ਭੀ ਪ੍ਰਦਾਨ ਕਰਦੀ ਹੈ। ਸ਼ਾਇਦ ਇਸੇ ਲਈ ਮੈਂ ਭੀ ਰੁਕਾਵਟ ਪਾਉਣ ਵਾਲੀਆਂ ਸ਼ਕਤੀਆਂ ਦਾ ਮਹੱਤਵ—ਸਹਾਇਕ ਸ਼ਕਤੀਆ ਤੋਂ ਘੱਟ ਅਨੁਭਵ ਨਹੀਂ ਕਰ ਸਕਿਆ।

ਇਸ ਲਈ ਜਿਹੜੀਆਂ ਵਿਰੋਧਕ ਤੇ ਸਹਾਇਕ ਸ਼ਕਤੀਆਂ ਦੀ,ਪਰਿਚਯ ਵਿਚ ਜਾਣ ਪਛਾਣ ਨਹੀਂ ਕਰਾ ਸਕਿਆ। ਉਨ੍ਹਾਂ ਦਾ ਧਨਵਾਦ ਨਾ ਕਰਨਾ ਮੇਰੀ ਅਕ੍ਰਿਤਘਨਤਾ ਹੋਵੇਗੀ ਇਹ ਮੈਂ ਅਨੁਭਵ ਕਰਦਾ ਹਾਂ ਅਤੇ ਇਸ ਲਈ ਮੈਂ ਵਿਸ਼ੇਸ਼ ਤੌਰ ਤੇ ਉਨ੍ਹਾਂ ਸਾਰਿਆਂ ਦਾ ਧਨਵਾਦੀ ਹਾਂ ਸਾਹਿਤ ਦੇ ਰਾਜ ਵਿਚ ਅਨੰਤ ਕਾਲ ਤੋਂ ਬੇਅੰਤ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਵਿਸ਼ਵ ਵੱਲ ਆਪਣੀ ਪ੍ਰਤਿਕ੍ਰਿਅਤਾ ਦਾ ਪਰਿਚਯ ਦਿੰਦੇ ਆਏ ਹਨ। ਉਸ ਮਹਾਨ ਰਾਹ ਉੱਤੇ ਅੰਤ-ਪੱਥਰ ਲਾ ਜਾਣ ਵਾਲੇ ਕੁਝ ਵਿਲੱਖਣ ਰਾਹੀ ਅਜਿਹੇ ਭੀ ਹੋਏ ਹਨ ਜਿਨ੍ਹਾਂ ਨੇ,

"ਪੁਰਾਣ ਮਿਤੀਏਵ ਨਾ ਸਾਧੂ ਸਰੰਵ
ਨਾ ਚਾਪਿ ਕਾਵਿਅੰ ਨਵੀ ਮਤਿਆਦਅੰ।



Digitized by Panjab Digital Library | www.panjabdigilib.org

ਸੰਤ ! ਪਰੀਕਸ਼ਯਾ ਨਯਤਰਦ ਤਜੰਤੇ,
ਮੂੜ ! ਪਰਪਰਤਯ ਨੇਯ ਬੁੱਧੀ ॥"

(ਕਾਲੀਦਾਸ = ਮਾਲਵੀਕਾਗਨੀ ਮਿਤਰਨ ੧.੨)

(ਜਿਹੜਾ ਪੁਰਾਣਾ ਹੈ ਉਹ ਸਾਰਾ ਕੁਝ ਹੀ ਚੰਗਾ ਨਹੀਂ ਹੁੰਦਾ ਅਤੇ ਜੋ ਨਵਾਂ ਹੈ ਉਹ ਇਸ ਲਈ ਨਿੰਦਾ ਯੋਗ ਭੀ ਨਹੀਂ। ਸੰਤ ਪ੍ਰੀਖਿਆ ਕਰਕੇ ਦੋਹਾਂ ਵਿਚੋਂ ਇਕ ਨੂੰ ਅਪਣਾਉਂਦੇ ਹਨ। ਮੂਰਖ ਤਾਂ ਦੂਜਿਆਂ ਦੇ ਵਿਚਾਰਾਂ ਦੇ ਦਾਸ ਹੀ ਹੁੰਦੇ ਹਨ )

ਇਹ ਕਹਕੇ ਆਪਣੀ ਜਾਣ ਪਛਾਣ-ਕਰਾਈ ਹੈ ਤੇ ਦੂਜਿਆਂ ਨੇ ਜਿਨ੍ਹਾਂ ਦੀ ਸੰਸਾਰ ਨੇ ਪਰਵਾਹ ਨਹੀਂ ਕੀਤੀ ਉਨ੍ਹਾਂ ਨੇ,

"ਉਤਪਤਸਯਤੇ ਮਮੂਤ ਕੋਪੀ ਸਮਾਨ ਧਰਮਾ
ਕਾਲੋਹਯਮ ਨਿਰਵਿਧਿ ਵਿਪੁਲਾ ਚਪ੍ਰਿਥਵੀ ॥"

(ਭਵਭੂਤੀ ਮਾਲਤੀ ੧.੮)

( ਸਾਡੇ ਸਮਾਨ ਗੁਣਾਂ ਤੇ ਸੁਭਾ ਵਾਲਾ ਕਦੇ ਤੇ ਕੋਈ ਹੋਵੇਗਾ ਹੀ ਕਿਉਂ ਜੋ ਸਮਾਂ ਤੇ ਬਿਅੰਤ ਹੈ ਤੇ ਪ੍ਰਿਥਵੀ ਭੀ ਵਿਸ਼ਾਲ )

ਇਹ ਕਹਿ ਕੇ ਆਤਮ-ਸੰਤੋਖ-ਕੀਤਾ ਪਰੰਤੂ ਇਹੋ ਜਿਹੇ ਭੀ ਬਹੁਤ ਘਟ ਹਨ ਜਿਨ੍ਹਾਂ ਦੀ ਗਿਣਤੀ ਵਧੇਰੇ ਹੈ ਅਤੇ ਜਿਨ੍ਹਾਂ ਦੇ ਅਨੰਤ ਪਦ ਉਸ ਰਾਜਪਥ ਤੇ ਪਦ ਚਿੰਨ੍ਹ ਅੰਕਿਤ ਕਰਕੇ ਭੀ ਆਪਣੀ ਜਾਣ ਪਛਾਣ ਨਾ ਛੱਡ ਸਕੇ। ਅਪੂਰਣ ਮਾਨਵ ਕਦੇ ਪੂਰਣ ਨਹੀਂ ਹੋ ਸਕਦਾ। ਪਰ ਤਾਂ ਭੀ ਉਸ ਪਾਸੇ ਕੋਸ਼ਿਸ਼ ਕਰਦਾ ਹੀ ਰਹਿੰਦਾ ਹੈ। ਮੈਨੂੰ ਭੀ ਆਪਣੇ ਘਟ ਗਿਆਨ ਦਾ ਪੂਰਾ ਗਿਆਨ ਹੈ। ਅਤੇ ਇਹ ਤਾਂ ਹੈ ਭੀ ਇਕ ਜਾਣ ਪਛਾਣ ਹੀ। ਇਸ ਲਵੀ ਸੁਝਾਵਾਂ ਦੀ ਸਦਾ ਹੀ ਆਦਰ ਨਾਲ ਉਡੀਕ ਰਹੇਗੀ।

ਇਸ ਰਾਜ ਪਥ ਤੇ ਹੀ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰਨ ਦੀ ਰੀਝ ਰੱਖਣ ਭਾਲੇ ਸ਼ਿਸ਼ ਮੇਰੇ 'ਪਗ' ਗੁਰੂ ਗ੍ਰੰਥ ਦੀ ਸਰਬ-ਪਖੀ ਜਾਣ ਪਛਾਣ ਦਾ ਇਕੋ ਹੀ ਪਰਿਚਯ ਹੈ। ਕਿਉਂ ਕਿ 'ਅਰੂਪ ਦੀ ਰੂਪ ਕਲਪਨਾ, ਅਮਰ-ਵਚਨੀਯ ਨਾ ਸਤੁਤੀ ਨਿਰਵਚਨ, ਵਿਆਪੀ ਕਾ ਸਥਾਨ ਵਿਸ਼ੇਸ਼ ਮੇਂ ਨਿਰਦੇਸ਼"—ਇਨ੍ਹਾਂ ਤਿੰਨ ਅਪਰਾਧਾਂ ਦੀ ਖਿਮਾ ਮੰਗਦੇ ਹੋਏ ਜਿੱਥੇ ਗੁਰੂਦੇਵ ਰੁਕੇ ਸਨ (ਕਬੀਰ ਦਾ ਉਪ ਸੰਗ੍ਰਹ—ਪੰਨਾ ੨੨੩) ਉਥੋਂ ਹੀ ਮੈਂ ਅੱਗੇ



Digitized by Panjab Digital Library | www.panjabdigilib.org

ਚਲਣ ਦੀ ਕੋਸ਼ਿਸ਼ ਕੀਤੀ ਸੀ ਪਰ ਇਥੇ ਪੁੱਜ ਕੇ ਅਨੁਭਵ ਕਰਦਾ ਹਾਂ ਕਿ ਮੈਂ ਉਥੋਂ ਇਕ ਕਦਮ ਭੀ ਅੱਗੇ ਨਹੀਂ ਟੁਰ ਸਕਿਆ ਤੇ ਸ਼ਾਇਦ ਕਦੇ ਅਗਾਂਹ ਵਧਿਆ ਭੀ ਨਹੀਂ ਜਾ ਸਕਦਾ ਕਿਉਂ ਕਿ.........

ਤੂੰ ਸੁਲਤਾਨੁ ਕਹਾਂ ਹਉ ਮੀਆ ਤੇਰੀ ਕਵਣ ਵਡਾਈ ।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ।

(ਬਿਲਾਵਲ ਮਹਲਾ ੧)

ਗੁਰੂ ਗ੍ਰੰਥ ਦਿਵਸ (ਭਾਦੋਂ ਸੁਦੀ ੧; ਸੰਮਤ ੨੦੧੪)
ਅਨੰਤ ਭਵਨ, ਪੰ ਫੀਲਡ ਗੰਜ, ਲੁਧਿਆਣਾ

ਧਰਮ ਪਾਲ

———



Digitized by Panjab Digital Library | www.panjabdigilib.org

## ਪਹਿਲਾ ਅਧਿਆਇ

### 'ਗ੍ਰੰਥ' ਦੀ ਜਾਣ-ਪਛਾਣ

ਗ੍ਰੰਥ ਦੀ ਮਹਤਤਾ—ਉਸ ਵੇਲੇ ਦੀਆਂ ਹਾਲਤਾਂ

'ਗ੍ਰੰਥ ਦੀ ਲੋੜ-ਸੰਪਾਦਕ ਅਤੇ ਸੰਗ੍ਰਹਕ-ਗੁਰਬਾਣੀ ਗੁਰੂ ਅਰਜਨ-ਦੇਵ ਨੂੰ ਕਿੱਥੋਂ ਹਾਸਿਲ ਹੋਈ ?—ਵੱਖ—ਵੱਖ ਵਿਚਾਰ—ਨਿਚੋੜ (ਸਾਰ) 'ਗ੍ਰੰਥ ਵਿਚ—'ਸੰਤ ਬਾਣੀ ਨੂੰ ਕਿਉਂ ਸਥਾਨ ਮਿਲਿਆ ? ਵੱਖ—ਵੱਖ ਵਿਚਾਰ—ਉਹਨਾ ਦੀ—ਪਰਖ – ਨਿਚੋੜ—'ਸੰਤ—ਬਾਣੀ' ਕਿਥੋਂ ਹਾਸਿਲ ਕੀਤੀ—? --ਵੱਖ—ਵੱਖ ਵਿਚਾਰ—ਅੰਦਰਲੇ ਸਬੂਤ – ਨਿਚੋੜ—'ਗ੍ਰੰਥ—ਨਿਰਮਾਣ—ਦਾ—ਨਿਯਤ – ਤਰੀਕਾ— (ਢੰਗ) —ਪ੍ਰਕਾਸ਼—'ਆਦਿ ਗ੍ਰੰਥ ਤੋਂ 'ਸ੍ਰੀ ਗੁਰੂ—ਗ੍ਰੰਥ ਸਾਹਿਬ'—ਪਰਾਮਾਣਿਕ—ਕਾਪੀਆਂ—ਆਧੁਨਿਕ—ਨਵੀਂ ਖੋਜ ।

## ਦੂਸਰਾ ਅਧਿਆਇ

### 'ਗ੍ਰੰਥ' ਦੀ—ਬਾਣੀ—ਦੀ—ਜਾਣ—ਪਛਾਣ

'ਗ੍ਰੰਥ' ਦੀ – ਬਾਣੀ - ਦੀ ਸੰਖਿਆ—(ਫਹਰਿਸਤ) – ਬਾਣੀ—ਦੀ—ਤਰਤੀਬ ਦਾ ਆਧਾਰ—ਵੱਖ—ਵੱਖ ਵਿਚਾਰ—ਭਾਵ, ਰਾਗ ਅਤੇ ਭਾਸ਼ਾ ਦਾ ਮੇਲ—ਬਾਣੀ ਦਾ ਵਰਗੀਕਰਣ—ਬਾਣੀ—ਦੀ—ਤਰਤੀਬ—ਨਿਚੋੜ—ਰਾਗ ਦੀ—ਮਹੱਤਤਾ - ਰਾਗਾਂ ਦਾ—ਵਿਰਤਾਂਤ (ਵਿਵਰਣ)—ਭਾਵ ਦੇ ਮੁਤਾਬਕ ਰਾਗ—'ਗ੍ਰੰਥ' ਵਿਚ ਰਾਗਾਂ ਦਾ ਵਿਸ਼ਲੇਸ਼ਣ ।



Digitized by Panjab Digital Library | www.panjabdigilib.org

## ਤੀਸਰਾ ਅਧਿਆਇ

ਤਿੱਨ ਭਾਗ- ਜਾਣ ਪਛਾਣ—ਦੇ ਅਧਿਐਨ—ਖੇਤਰ ਬਾਣੀ—
**ਵਰਗੀਕ੍ਰਿਤ—ਬਾਣੀ ਦੀ—ਜਾਣ - ਪਛਾਣ—**

(੧) ਆਰੰਭ—ਦਾ ਨਾਉਂ, (੨) ਸਰੂਪ—(ਆਕਾਰ), (੩) ਲੇਖਕ, (੪) ਮਹਤਤਾ (੫) ਮੁਖ ਵਿਚਾਰ, (੬) ਭਾਸ਼ਾ—ਸ਼ੈਲੀ, (੭) ਸਿਖ—ਧਰਮ ਵਿਚ ਸਥਾਨ (੮) ਦੂਸਰੇ ਜ਼ਰੂਰੀ—ਖਾਸ ਵਿਰਤਾਂਤ । **ਪਹਿਲਾ ਭਾਗ**—(ਰਾਗਾਂ ਵਿਚ—ਬਿਆਨ—ਹੋਈ—ਬਾਣੀ—ਰਾਗ ਦਾ ਆਧਾਰ—ਸਮਾਂ,ਰੁਤ—ਅਤੇ ਜਾਗਰਕ—ਭਾਵ,—੬ - ਸ੍ਰੀ ਰਾਗ, ੭—ਮਾਝ ੮—ਰਾਗ ਗਉੜੀ—੯—ਰਾਗ ਆਸਾ, ੧੦—ਰਾਗ—ਗੂਜਰੀ—੧੧—ਦੇਵ ਗੰਧਾਰੀ ੧੨—ਬਿਹਾਗੜਾ ੧੩—ਵਡਹੰਸ, ੧੪—ਸੋਰਠ, ੧੫ - ਧਨਾਸਰੀ,—੧੬—ਜੈਤਸਰੀ,—੧੭—ਟੋਡੀ—੧੮—ਬੈਰਾੜੀ,—੧੯—ਤਿਲੰਗ, ੨੦—ਸੂਹੀ,—੨੧—ਬਿਲਾਵਲ, ੨੨—ਗੋਂਡ ੨੩—ਰਾਮਕਲੀ, ੨੪—ਨਟਨਾਰਾਇਣ,—੨੫—ਮਾਲੀ ਗਉੜਾ, ੨੬—ਸਾਰੰਗ ੩੨—ਮਲਹਾਰ, ੩੩—ਕਾਨੜਾ—੩੪—ਕਲਿਆਨ—੩੫—ਪਰਭਾਤੀ—੩੬—ਰਾਗ—ਜੈਜਾਵੰਤੀ, **ਅੰਤਲਾ ਭਾਗ**—(ਰਾਗਾਂ ਦੇ—ਬਾਦ—ਅੰਕਿਤ ਹੋਈ—ਬਾਣੀ—੩੭—ਸ਼ਲੋਕ—ਸਹਸਕ੍ਰਿਤੀ,—੩੮ - ਗਾਥਾ, ੩੯—ਫੁਨਹੇ, ੪੦—ਚਉ ਬੋਲੇ, ੪੧—ਸ਼ਲੋਕ - ਫਰੀਦ,—੪੩—ਗੁਰੂ ਅਤੇ ਭੱਟਾਂ ਦੇ ਸਵੀਏ,—੪੪ ਸ਼ਲੋਕ—ਵਾਰਾਂ ਤੋਂ ਵਧੀਕ, ੪੫—ਮੁਦਾਵਨੀ—੪੬—ਰਾਗ—ਮਾਲਾ ।

## ਚੌਥਾ ਆਧਿਆਇ

**ਵਿਸ਼ੇਸ਼ ਬਾਣੀਆਂ ਅਤੇ ਸ਼ਬਦਾਂ ਦੀ—ਜਾਣ—ਪਛਾਣ**

ਆਰੰਭ—**ਗੁਰੂ ਨਾਨਕ ਦੀ ਬਾਣੀ**—੧—ਮੂਲ ਮੰਤਰ, ੨—ਜਪੁਜੀ, ੩—ਪਹਿਰੇ, ੪—ਵਾਰ—ਮਾਝ, ੫—ਪੱਟੀ,—੬—ਵਾਰ—ਆਸਾ,੭—



Digitized by Panjab Digital Library | www.panjabdigilib.org

ਅਲਾਹੁਣੀਆਂ, ੮ ਆਰਤੀ, ੯—ਰਾਇਸਾ, ੧੦—ਕੁਚੱਜੀ, ੧੧—ਸੁਚੱਜੀ, ੧੨ –ਥਿਤੀ, ੧੩—ਦਖਣੀ ਉਂਕਾਰੁ, ੧੪– ਸਿੱਧ ਗੋਸ਼ਟ,—੧੫—ਕਾਫ਼ੀਆਂ ੧੬—ਬਾਰਹਮਾਹ - ੧

**ਤੀਸਰੇ–ਗੁਰੂ ਅਮਰ ਦਾਸ**—੧੭– ਪੱਟੀ,—੧੮—ਆਨੰਦ

**ਚੌਥੇ ਗੁਰੂ–ਰਾਮ ਦਾਸ** –੧੯—ਪਹਿਰੇ, –੨੦—ਬਣਜਾਰਾ, ੨੧—ਕਰਹਲੇ, ੨੨—ਘੋੜੀਆਂ, ੨੩—ਰਾਇਸਾ, ੨੪—ਲਾਵਾਂ ।

**ਪੰਜਵੇਂ ਗੁਰੂ–ਅਰਜੁਨ–ਦੇਵ**–੨੫ –ਪਹਰੇ, ੨੬ –ਬਾਰਹ—ਮਾਹ, ੨੭—ਦਿਨਰੈਣਿ, ੨੮—ਬਾਵਨ—ਅਖਰੀ,—੨੯ –ਸੁਖਮਣੀ, ੩੦—ਥਿਤੀ, ੩੧—ਬਿਰਹੜੇ,—੩੨—ਵਾਰ–ਜੈਤਸਰੀ,–੩੩–ਕਾਫੀ,–੩੪–ਗੁਣਵੰਤੀ,–੩੫–ਰੁਤੀ,–੩੬– ਅੰਜਲੀਆਂ, ੩੭ ਰਹਿਰਾਸ ।

**ਕਬੀਰ**–੩੮–ਬਾਵਨ—ਅਖਰੀ—੩੯–ਥਿਤੀ–੪੦–ਵਾਰ, ੪੧—ਆਰਤੀ–੪੨–ਮਰਦਾਨਾਂ ਦੇ ਸ਼ਬਦ–੪੩—ਸੁੰਦਰ-ਦੇ–ਸਦ, ੪੪—ਸੱਤਾ ਅਤੇ–ਬਲਵੰਡ ਦੀ–ਵਾਰ ।

**ਵਿਸ਼ੇਸ਼ ਸ਼ਬਦਾਂ ਦੀ–ਜਾਣ–ਪਛਾਣ**–ਸ਼ਬਦਾਂ ਦੀ ਮਹੱਤਾ–੧—ਵਾਹਿਗੁਰ,—੨—ਅਕਾਲ ਪੁਰਖ,– ਰਜਾਈ, ੪–ਕਵਾਓ,–੫—ਹੁਕਮੁ ੬–ਵਿਸਮਾਦ, ੭—ਹੁਓਮੈ, ੮–ਕਿਰਤ–੯–ਨਦਿਰ–੧੦–ਬਾਣੀ,–੧੧–ਭਾਂਡਾ,–੧੨–ਸੱਚ ਖੰਡ ।

# ਪੰਜਵਾਂ ਅਧਿਆਇ

## ਵਿਚਾਰ–ਧਾਰਾ ਅਤੇ 'ਗ੍ਰੰਥ' ਦੀ ਸਾਹਿੱਤਕ ਜਾਣ–ਪਛਾਣ

ਅਧਿਆਤਮਿਕ——ਰਚਨਾ– —ਵਿਸ਼ਲੇਸ਼ਣ– ਵਿਚ ਕਠਿਨਾਈ—ਵਿਚਾਰਧਾਰਾ—ਬ੍ਰਹਮ, ਸ੍ਰਿਸ਼ਟੀ, ਜੀਵ—ਸਾਧਧ (ਨਿਸ਼ਾਨਾਂ) **ਰੱਖਕ (ਰੋਕਣ ਵਾਲੀਆਂ) ਤਾਕਤਾਂ**–ਬਾਹਰਲੇ ਅਡੰਬਰ, ਮਾਇਆ, ਹਉਮੈ—ਦੁਰਮੁਖ ਮਨ- **ਸਹਾਇਕ ਤਾਕਤਾਂ**–ਨਦਰਿ, ਸਤਗੁਰੂ, ਨਾਮ—ਵਿਸਮਾਦ—ਵਾਤਾਵਰਣ' ਸਤ-ਸੰਗ, ਸਤ—ਕਰਮ, ਉਚਿਤ—ਗਿਆਨ—ਸਦਾਚਾਰ—ਵਾਹਿਗੁਰੂ ਦਾ **ਡਰ–ਅਤੇ**—ਇਤਬਾਰ, ਪਵਿਤਰ-ਮਨ—ਮਨੁੱਖੀ ਧਰਮ–ਸਾਰ—ਭੌਮ–



Digitized by Panjab Digital Library | www.panjabdigilib.org

ਸਰਵਕਾਲੀਨ—ਸਚ । ਕਲਪਨਾ—ਭਾਸ਼ਾ ਅਤੇ ਸ਼ੈਲੀ—ਵੱਖ-ਵੱਖ ਰਾਂਵਾਂ—ਲੇਖਕ ਦਾ ਦ੍ਰਿਸ਼ਟਿਕੋਣ—ਸਿਧਾਤਾਂ ਦਾ ਵਿਸ਼ਲੇਸ਼ਣ—ਪੰਜਾਬੀ ਅਤੇ ਹਿੰਦੀ ਵਿਚ ਅੰਤਰ-'ਗ੍ਰੰਥ' ਦੀ ਭਾਸ਼ਾ ਸਬੰਧੀ ਸਾਰ—ਸੰਗੀਤ (ਰਾਗ)—ਅਲੰਕਾਰ ਅਖਾਣਾਂ, ਮੁਹਾਵਰੇ—ਅਤੇ ਸੂਕਤੀਆਂ—ਸ਼ੈਲੀ-ਵਰਣਕ-ਛੰਦ —'ਗ੍ਰੰਥ' ਵਿਚ ਸਭ ਤੋਂ ਚੰਗੇ ਛੰਦ ।

## ਛੇਵਾਂ ਅਧਿਆਇ

### ਲੇਖਕਾਂ ਦੀ ਸਾਹਿੱਤਕ ਜਾਣ-ਪਛਾਣ

ਲੇਖਕਾਂ ਦੀਆਂ ਭਿੰਨ-ਭਿੰਨ ਕੋਟੀਆ (ਪਰਕਾਰ)—ਉਹਨਾਂ ਦਾ ਵਰਗੀ-ਕਰਣ—ਗੁਰੂ—ਸੰਤ—ਗੁਰੂ ਘਰ ਦੇ ਵਖਰੇ ਚਾਰ ਲੇਖਕ—ਭੱਟ—ਗੁਰੂ ਨਾਨਕ—ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜੁਨ, ਗੁਰੂ ਤੇਗ ਬਹਾਦੁਰ, ਰਾਮਾਨੰਦ, ਕਬੀਰ, ਰਵੀਦਾਸ ਸੈਨ, ਧੰਨਾ, ਪੀਪਾ —ਸਧਨਾ—ਨਾਮਦੇਵ—ਤਿਰਲੋਚਨ,—ਬੇਨੀ—ਜੈਦੇਵ – ਸੂਰਦਾਸ – ਪਰਮਾ-ਨੰਦ(–)ਦਾਸ—ਸ਼ੇਖ ਫਰੀਦ — ਭੀਖਨ—ਸੁੰਦਰ— ਮਰਦਾਨਾ - ਸਤਾ ਤੇ ਬਲਵੰਡ ਕਲ ਆਦਿ—ਭੱਟ ਗੁਰੂ ਗ੍ਰੰਥ ।

### ਉਪਸੰਹਾਰ–(ਸਾਰ-ਅੰਸ਼)

### ਗ੍ਰੰਥ ਦੀ ਦੇਨ

ਮਹੱਤਤਾ ਦੀ ਕਸੌਟੀ—ਸਬਾਈ ਪ੍ਰਭਾਵ—ਅਧਿਆਤਮਿਕ—ਦਾਰਸ਼ਨਿਕ ਧਾਰਮਿਕ—(ਮਨੁੱਖ-ਧਰਮ) —ਸਾਮਾਜਿਕ—ਰਾਜਨੀਤਕ – ਸਾਹਿੱਤਕ ਭਾਸ਼ਾ ਸਬੰਧੀ—ਸੰਗੀਤ ਸਬੰਧੀ—ਇਤਿਹਾਸ ਸੰਬੰਧੀ—ਸੰਸਕ੍ਰਿਤੀ—ਸੰਬੰਧੀ—ਦੇਸ਼ ਸੰਬੰਧੀ ਜਾਗਰਣ—ਸਦੀਵੀ ਅਵਸਥਾ ।

— —



Digitized by Panjab Digital Library | www.panjabdigilib.org

# ਤਤਕਰਾ


੧. ਪਰਿਚਯ ਦਾ ਪਰਿਚਯ ੫ ਤੋਂ ੧੦

੨. ਪਹਲਾ ਅਧਿਆਇ, (ਗੁਰੂ ਗ੍ਰੰਥ ਪਰਿਚਯ) ੧੭ ਤੋਂ ੪੭

੩. ਦੂਜਾ ਅਧਿਆਇ, ਗੁਰੂ ਗ੍ਰੰਥ ਦੀ ਬਾਣੀ ਦਾ ਪਰਿਚਯ ੪੮ ਤੋਂ ੬੨

੪. ਤੀਜਾ ਅਧਿਆਇ, ਵਰਗੀ ਕਰਿਤ ਬਾਣੀ ਦਾ ਪਰਿਚਯ ੬੩ ਤੋਂ ੯੬

੫. ਚੌਥਾ ਅਧਿਆਇ, ਵਿਸ਼ੇਸ਼ ਬਾਣੀਆਂ ਤੇ ਸ਼ਬਦਾਂ ਦਾ ਪਰਿਚਯ ੯੭ ਤੋਂ ੧੧੮

੬. ਪੰਜਵਾਂ ਅਧਿਆਇ. ਵਿਚਾਰ ਧਾਰਾ ਤੇ ਗੁਰੂ ਗ੍ਰੰਥ ਦਾ ਸਾਹਿਤਕ ਪਰਿਚਯ ੧੧੯ ਤੋਂ ੧੪੫

੭. ਛੇਵਾਂ ਅਧਿਆਇ, ਲਿਖਾਰੀਆਂ ਦਾ ਸਾਹਿਤਕ ਪਰਿਚਯ ੧੪੬ ਤੋਂ ੧੬੦

੮. ਅੰਤਕਾਂ, ਗੁਰੂ ਗ੍ਰੰਥ ਦੀ ਦੇਣ ੧੬੧ ਤੋਂ ੧੭੧

੯, ਸਹਾਇਕ ਗ੍ਰੰਥਾਂ ਦੀ ਸੂਚੀ ੧੭੨


**ਪਾਠਕਾਂ ਦੀ ਸੁਵਿਧਾ ਲਈ**

੧, (ਵਿਸਤ੍ਰਿਤ ਤਤਕਰਾ ਹਰ ਇਕ ਅਧਿਆਇ ਦੇ ਆਰੰਭ ਵਿਚ ਦਿੱਤਾ ਗਇਆ ਹੈ)

੨. ਸਹਾਇਕ ਪੁਸਤਕਾਂ ਦੀ ਸੂਚੀ ਵਿਚ ਥੋੜੇ ਜਿਹੇ ਚੋਣਵੇਂ ਗ੍ਰੰਥਾਂ ਦੇ ਹੀ ਨਾਂ ਦਿੱਤੇ ਗਏ ਹਨ।

੩. ਸਮੇਂ ਦੀ ਥੁੜ ਕਾਰਣ ਸੁਵਿਧਾਵਾਂ ਦੇ ਅਭਾਵ ਕਰਕੇ ਛਾਪੇ ਦੀਆਂ ਅਸ਼ੁਧੀਆਂ ਨੂੰ ਚੰਗੀ ਤਰ੍ਹਾਂ ਸੋਧਿਆ ਨਹੀਂ ਜਾ ਸਕਿਆ।

(ਲੇਖਕ)



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪਹਿਲਾ ਅਧਿਆਇ

## ਗ੍ਰੰਥ ਦਾ ਪਰਿਚਯ

ਸਮੇਂ ਦੀ ਲੋੜ ਹੀ ਸੰਸਾਰ ਦੇ ਮਹਾਨ ਵਿਅਕਤੀਆਂ ਨੂੰ ਜਨਮ ਦੇਂਦੀ ਹੈ* ਤੇ ਉਨ੍ਹਾਂ ਦੀ ਮਹਾਨਤਾ ਉਨ੍ਹਾਂ ਦੀ ਬਾਣੀ ਵਿਚ ਹੁੰਦੀ ਹੈ; ਜਿਹੜਾ ਕਿ ਯੁਗਾਂ ਯੁਗਾਂਤਰਾਂ ਤਕ ਜਨਤਾ ਨੂੰ ਜੀਵਨ ਪ੍ਰਦਾਨ ਕਰਦੀ ਹੈ ਅਤੇ ਇਸ ਢੰਗ ਨਾਲ ਜਾਤ ਕੌਮ ਤੇ ਜਗਤ ਨੂੰ ਆਪਣਾ ਮਹਾਨ ਸੰਦੇਸ਼ ਸਦਾ ਪਹੁੰਚਾਂਦੀ ਹੈ। ਇਸ ਤਰ੍ਹਾਂ ਅਜਿਹੇ ਮਹਾਨ ਵਿਅਕਤੀ ਜੀਵਨ ਨੂੰ ਆਦਰਸ਼ ਵਲ ਪ੍ਰੇਰਦੇ ਹਨ। ਸਭਿਅਤਾ ਤੇ ਬੁਧੀ ਦੀ ਉਨਤੀ ਦੇ ਨਾਲ ਨਾਲ ਮਨੁੱਖ ਵਿਚ ਅਨੰਤ ਪ੍ਰਭੂ ਦੀ ਅਨੰਤ ਖੇਡ ਨੂੰ ਦੇਖਕੇ ਇਸ ਨੂੰ ਜਾਣਨ ਦੀ ਰੀਝ ਤੋਂ ਹੀ ਰਹੱਸਵਾਦ ਦਾ ਜਨਮ ਹੋਇਆ। ਰਹੱਸਵਾਦ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਸੰਸਾਰ ਭਰ ਦੇ ਪੁਰਾਣੇ ਗਰੰਥਾਂ ਵਿਚ ਵਿਦਮਾਨ ਰਹਿਆ ਹੈ। ਇਸੇ ਲਈ 'ਏਕੰ ਸਦਵਿ੍ਪਾ ਬਹੁਧਾ ਵਦੰਤਿ'(†ਇਕ ਰਬ ਨੂੰ ਵਿਦਵਾਨ ਅਨੇਕ ਢੰਗਾਂ ਨਾਲ ਖਿਆਨ ਕਰਦੇ ਹਨ) ਦੀ ਭਾਵਨਾ ਆਸਤਕ, ਨਾਸਤਕ, ਕਿਰਿਆ ਪਰਧਾਨ ਆਚਰਣ-ਪਰਧਾਨ, ਗਿਆਨੀ ਅਤੇ ਜੋਗੀ ਸਾਰਿਆਂ ਨੂੰ ਪਾਰ ਕਰਦੀ ਹੋਈ ਭਾਰਤ ਦੇ ਚਮਕਦੇ ਸਿਤਾਰੇ ਮੱਧਕਾਲੀਨ ਸੰਤਾਂ ਦੀ ਅਨੁਭੂਤੀ ਦੁਆਰਾ ਪ੍ਰਗਟ ਹੋਈ ਤੇ ਇਹ ਪ੍ਰਗਟਾਓ ਇਕੱਤ੍ਰ ਹੋਇਆ ਹੈ; ਸ੍ਰੀ ਗੁਰੂ ਗਰੰਥ ਸਾਹਿਬ ਵਿਚ।

ਇਸ ਤਰ੍ਹਾਂ ਗੁਰੂ ਗਰੰਥ ਸਾਹਿਬ ਅਨੁਭੂਤੀ ਦੇ ਪਰਮ ਤੇ ਸਪੱਸ਼ਟ ਪ੍ਰਗਟਾਉ ਦੁਆਰਾ ਜਿਥੇ ਸੰਸਾਰ ਨੂੰ ਉਚ ਕੋਟੀ ਦੀ ਰਹੱਸਵਾਦੀ ਕਵਿਤਾ ਦਿੰਦਾ ਹੈ ਉਥੇ ਕਵਿਤਾ ਦੀ ਦ੍ਰਿਸ਼ਟੀ ਤੋਂ ਉਸਦੇ ਕੁਝ ਪਦ ਨਾ-ਕੇਵਲ ਅੱਜ ਤਕ ਦੇ ਪੰਜਾਬੀ ਸਾਹਿਤ ਵਿਚ ਮਹਾਨ ਥਾਂ ਰਖਦੇ ਹਨ, ਸਗੋਂ ਸੰਸਾਰ ਦੀਆਂ ਵਿਕਸਿਤ ਭਾਸ਼ਾਵਾਂ ਵਿਚ ਭੀ ਆਪਣੀ ਵਿਸ਼ੇਸ਼ ਥਾਂ ਬਣਾਈ ਬੈਠੇ ਹਨ।

ਗੁਰੂ ਗਰੰਥ ਨਾ-ਕੇਵਲ ਤਤਕਾਲੀਨ ਧਾਰਮਿਕ ਪਰਵਿਰਤੀਆਂ ਦਾ

---

*ਬਰਕਲੇ †ਰਿਗਵੇਦ ੨, ੩—੨੩, ੬



Digitized by Panjab Digital Library | www.panjabdigilib.org

ਇਤਿਹਾਸ ਹੈ, ਸਗੋਂ ਮਨੁੱਖੀ ਮਨ ਦੀਆਂ ਚਿਤ ਬ੍ਰਿਤੀਆਂ ਦਾ ਮਨੋ-ਵਿਗਿਆਨਕ ਵਿਸ਼ਲੇਸ਼ਣ ਕਰਦਾ ਹੋਇਆ ਇਹ ਭਾਰਤ ਵਿਚ ਹੀ ਨਹੀਂ ਸਗੋਂ ਸਮੂਹ ਮਾਨਵ ਮਾਤਰ ਦੇ ਮਨ ਦੀਆਂ ਨਿਰੰਤਰ ਚਲੀਆਂ ਆ ਰਹੀਆਂ ਗੁੰਝਲਾਂ ਦਾ ਸੁਲਝਾਉ ਵੀ ਪੇਸ਼ ਕਰਦਾ ਹੈ।

ਇਹ ਇਕ ਜੁੱਗ ਤੋਂ ਚਲੀ ਆਉਣ ਵਾਲੀ ਭਾਰਤੀ ਧਰਮ ਗਰੰਥਾਂ ਦੀ ਬੌਧਿਕ ਅਤੇ ਵਾਦ ਵਿਵਾਦ ਵਾਲੀ ਪਰੰਪਰਾ ਦਾ ਟੀਕਾ ਹੀ ਨਹੀਂ ਪੇਸ਼ ਕਰਦਾ ਸਗੋਂ ਇਹ ਅਧਿਆਤਮਕ ਅਨੁਭੂਤੀਆਂ ਦੁਆਰਾ ਦਰਸ਼ਨ ਤੇ ਜੀਵਨ ਨੂੰ ਇਕ ਮਿਕ ਕਰਦਾ ਹੈ। ਇਸ ਤਰ੍ਹਾਂ ਇਹ ਵੇਦ ਦੇ ਰਚਨ ਵਾਲਿਆਂ ਦੇ 'ਮੰਤਰ ਦਰਸ਼ਟਾਰ' ਦਾ ਅਨੁਸਾਰੀ ਹੁੰਦਾ ਆਇਆ ਹੈ ਜਿਨ੍ਹਾਂ ਨੇ ਸਚਾਈ ਨੂੰ ਜਿਵੇਂ ਦੇਖਿਆ ਉਸੇ ਤਰ੍ਹਾਂ ਪ੍ਰਗਟਾਇਆਂ, ਭਾਵੇਂ ਵਿਦਵਤਾ ਆਪਣੇ ਆਪ ਵਿਚ ਹੀ ਇਕ ਆਦਰ ਯੋਗ ਵਸਤ ਹੈ। ਪਰ ਇਹ ਰਚਨਾ ਤਾਂ ਉਨ੍ਹਾਂ ਮਹਾਂ ਪੁਰਖਾਂ ਦੇ ਵਚਿਤ੍ਰ ਵਾਕਾਂ ਦਾ ਸੰਗ੍ਰਹ ਹੈ, ਜਿਸ ਵਿਚ ਨਾ-ਕੇਵਲ ਅਧਿਆਤਮਕ ਸਗੋਂ ਲੌਕਿਕ ਅਨੁਭੂਤੀਆਂ ਦੁਆਰਾ ਜੀਵਨ ਦੇ ਪਰਮ-ਰਹੱਸ ਦਾ ਪ੍ਰਗਟਾ ਕੀਤਾ ਗਇਆ ਹੈ। ਕਲਾ ਦੇ ਦ੍ਰਿਸ਼ਟਿਕੋਣ ਤੋਂ ਗੁਰੂ ਗਰੰਥ ਵਿਚ ਸੰਗੀਤ ਅਤੇ ਰਾਗ ਦੀ ਮਹੱਤਤਾ ਅਦੁਤੀ ਹੈ। ਇਸ ਜਿਹੀ ਮੌਲਿਕਤਾ ਵਿਗਿਆਨਕ ਵਿਕਾਸ ਤੇ ਕਰਮ ਬੱਧਤਾ ਸੰਸਾਰ ਦੇ ਹੋਰ ਕਿਸੇ ਵੀ ਧਾਰਮਿਕ ਗਰੰਥ ਵਿਚ ਘੱਟ ਹੀ ਦੇਖੀ ਜਾ ਸਕਦੀ ਹੈ। ਉਸਦੀ ਭਾਸ਼ਾ ਪ੍ਰਮੁਖ ਰੂਪ ਵਿਚ ਪੰਜਾਬੀ ਹੁੰਦੀ ਹੋਈ ਭੀ ਤੱਤਕਾਲੀਨ ਭਾਰਤ ਦੇ ਹਰ ਪ੍ਰਾਂਤ ਦੀਆਂ ਸਾਹਿਤਕ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਵਿਚ ਸਮੇਟੀ ਬੈਠੀ ਹੈ। ਸਾਰੀਆਂ ਭਾਰਤੀ ਭਾਸ਼ਾਵਾਂ ਦੇ ਅਣਗਿਣਤ ਸ਼ਬਦ ਉਸ ਵਿਚ ਸਹਿਜ-ਸੁਭਾਵ ਹੀ ਆ ਮਿਲੇ ਹਨ ਤੇ ਭਾਸ਼ਾ ਵਿਗਿਆਨੀਆਂ ਦੀ ਦ੍ਰਿਸ਼ਟੀ ਤੋਂ ਸਾਰੀਆਂ ਉੱਤਰੀ ਭਾਰਤੀ ਭਾਸ਼ਾਵਾਂ ਦੇ ਵਿਕਾਸ ਦੀ ਕਹਾਣੀ ਕਹਿਣ ਵਿਚ ਇਸ ਮਹਾਨ ਗਰੰਥ ਦਾ ਬਹੁਤ ਵੱਡਾ ਹੱਥ ਹੈ। ਇਹ ਗੱਲ ਵਿਸ਼ੇਸ਼ ਧਿਆਨ ਦੀ ਪਾਤਰ ਹੈ।

ਭਾਰਤੀ ਜੀਵਨ ਦੀ ਰਾਜਨੀਤਕ ਤੇ ਸਾਮਾਜਿਕ ਪੁਕਾਰ ਦੇ ਉੱਤਰ ਵਿਚ ਸਿੱਖ ਧਰਮ ਤੇ ਜਾਤੀ ਦੀ ਜਨਮ ਸਿਧ ਵੀਰਤਾ ਉਸ ਵੇਲੇ ਦੇ ਔਰੰਗਜ਼ੇਬ ਨੇ ਹੀ ਨਹੀਂ ਸਗੋਂ ਹੁਣ ਤਕ ਦੇ ਵਿਸ਼ਵ-ਵਿਜੈਈ ਦੇਸ਼ ਵੀ ਸਵੀਕਾਰ ਕਰਦੇ ਹਨ। ਇਹ ਆਦਿ ਗਰੰਥ ਦੀ ਉਸ ਸਮੇਂ ਨੂੰ ਸਭ ਤੋਂ



Digitized by Panjab Digital Library | www.panjabdigilib.org

ਵੱਡੀ ਦੇਣ ਸੀ । ਆਦਿ ਗਰੰਥ ਨੂੰ ਗੁਰੂ ਗ੍ਰੰਥ ਬਣਾਉਣ ਵਿਚ ਇਸ ਲਕਸ਼ ਦੀ ਪੂਰਤੀ ਦਾ ਮਹਾਨ ਚਮਤਕਾਰ ਹੀ ਕੰਮ ਕਰ ਰਹਿਆ ਹੈ ।

**ਤਤਕਾਲੀਨ ਦਸ਼ਾ :**—ਧਾਰਮਿਕ ਖੇਤਰ ਦੇ ਕ੍ਰਾਂਤਕਾਰੀ ਸ਼ੰਕਰ ਨੇ ਸ਼ਰਮੱਨ ਸੰਸਕ੍ਰਿਤੀ (ਅਵੈਦਿਕ ਸੰਸਕ੍ਰਿਤੀ) ਨੂੰ ਪੁੱਟ ਕੇ ਬਰਾਹਮਣ ਸੰਸਕ੍ਰਿਤੀ ਦੀ ਸਥਾਪਨਾ ਕੀਤੀ ਸੀ । ਹਰਸ਼ ਪਤਨ ਦੇ ਪਿਛੋਂ ਜਿਹੜਾ ਬੁੱਧ ਧਰਮ ਲਗ ਭੱਗ ਨਸ਼ਟ ਹੋ ਚੁਕਿਆ ਸੀ ਉਸ ਸ਼ੰਕਰ ਦੀ ਇਸ ਸੱਟ ਨੂੰ ਨਾ ਸਹਿ ਸਕਿਆ । ਉਹ ਤੇਜ਼ੀ ਨਾਲ ਤਾਂਤ੍ਰਿਕ ਮੱਤ ਦਾ ਰੂਪ ਗ੍ਰਹਣ ਕਰਨ ਲਗਿਆ। ਇਸ ਤਰ੍ਹਾਂ ਪਹਿਲਾਂ ਉਹ 'ਵਜਰਯਾਨ' ਫੇਰ ਸਾਧਨਾ ਭੇਦ ਦੇ ਕਾਰਣ 'ਮੰਤਰਯਾਨ' ਤੇ ਫੇਰ ਸਾਧਨਾ ਦੇ ਹੋਰ ਸਹਿਜ ਹੋਣ ਕਾਰਣ ਉਹੋ 'ਸਹਿਜਯਾਨ' ਦੇ ਨਾਂ ਤੋਂ ਤਾਂਤ੍ਰਿਕਾਂ ਦੇ ਸਵਰ ਨੂੰ ਹੋਰ ਵੀ ਕਮਜ਼ੋਰ ਕਰਦਾ ਹੋਇਆ ਜਿਵੇਂ ਤਿਵੇਂ ੧੧ਵੀਂ ਸਦੀ ਤੀਕ ਜੀਉਂਦਾ ਰਹਿਆ ਤਾਂ ਉਸ ਵਕਤ ਨੇ ਗੁਝੀਆਂ ਸਾਧਨਾਵਾਂ ਅਤੇ ਭੋਗ ਵਿਚ ਬਦਲਦੇ ਹੋਏ ਇਨ੍ਹਾਂ 'ਯਾਨਾਂ' ਨੇ ਬੁੱਧ ਧਰਮ ਨੂੰ ਹਜ਼ਮ ਹੀ ਕਰ ਲਇਆ ।

ਇਸ ਵੇਲੇ ਰਾਜ ਸੱਤਾ ਦੁਆਰਾ ਅਭਾਰਤੀਯ (ਮੁਸਲਿਮ) ਧਰਮ ਦਾ ਪ੍ਰਵੇਸ਼ ਹੋਇਆ ਤੇ ਸਹਿਮੇ ਹੋਏ ਸਾਰੇ ਹੀ ਭਾਰਤੀ ਅਵੈਦਿਕ ਮੱਤ ਗੋਰਖ ਦੀ ਰਹਿਨਮਾਈ ਵਿਚ ਇਕੱਠੇ ਹੋ ਗਏ । ਇਹੋ ਉਹ ਨਾਥ ਸੰਪਰਦਾਏ ਸੀ ਜਿਸਦੀ ਸਾਧਨਾ ਪਧਤੀ 'ਹਠ ਯੋਗ' ਨੇ ਸੋਲਵੀਂ ਸਦੀ ਤਕ ਉੱਤਰ ਭਾਰਤ ਦੇ ਸਾਰੇ ਹੀ ਜੋਗੀਆਂ ਨੂੰ ਪ੍ਰਭਾਵਿਤ ਕਰੀ ਰਖਿਆ । ਕਬੀਰ ਆਦਿ ਸੰਤ ਆਪਣੇ ਪਹਿਲੇ ਜੀਵਨ ਵਿਚ ਇਨ੍ਹਾਂ ਤੋਂ ਪ੍ਰਭਾਵਿਤ ਰਹੇ ਤੇ ਗੁਰੂਆਂ ਨੇ ਵੀ ਦੇਹ ਰੱਖਿਆ ਦਾ ਮਹੱਤਵ ਸ਼ਾਇਦ ਇਨ੍ਹਾਂ ਜੋਗੀਆਂ ਤੋਂ ਹੀ ਜਾਣਿਆ ਹੋਵੇ । ਜਿਥੇ ਉਹਨਾਂ ਨੇ ਦੇਹ ਨੂੰ ਬੇ-ਲੋੜੀਂਦੇ ਕਸ਼ਟ ਦੇਣ ਦਾ ਵਿਰੋਧ ਕੀਤਾ ਹੈ ਉਥੇ ਸਬੱਲ ਤੇ ਸੁਸਥ ਦੇਹ ਦੀ ਰਖਿਆ ਦਾ ਸੰਦੇਸ਼ ਵੀ ਦਿਤਾ ਹੈ ।

ਸ਼ੰਕਰ ਦੇ ਅਦ੍ਵੈਤ ਦੀ ਪ੍ਰਤਿਕ੍ਰਿਆ ਵਿਚ ਦੱਖਣ ਦੇ ਨੌਂ ਆਦਿ ਆਡਵਾਰ ਭਗਤ ਹੋਰ ਵੀ ਤਿਖੇ ਸੁਰ ਵਿਚ ਭਗਤੀ ਦਾ ਰਾਗ ਅਲਾਪਦੇ ਰਹੇ ਜਦ ਤਕ ਪਹਿਲੇ ਆਚਾਰੀਆ ਰੰਗਮੁਨੀ ਨੇ ਉਸ ਭਗਤੀ ਨੂੰ ਦਰਸ਼ਨ ਦੀ ਸਬੱਲ ਨਿਉਂ ਦਾ ਸਹਾਰਾ ਨਹੀਂ ਦਿੱਤਾ । ਯਮੁਨਾਚਾਰੀਆ ਨੇ ਇਸ



Digitized by Panjab Digital Library | www.panjabdigilib.org

ਅੰਦੋਲਨ ਨੂੰ ਵਿਆਪਕ ਰੂਪ ਦਿਤਾ। ਤਦ ਰਾਮਾਨੁਜ ਨੇ ਵਿਸ਼ਸ਼ਟਾਦ੍ਵੈਤ ਨਿਮ-ਬਾਰਕ ਨੇ (ਦਵੈਤਾ ਦ੍ਵੈਤ), ਮਾਧਵ ਨੇ (ਦ੍ਵੈਤ) ਤੇ ਵੱਲਭ ਨੇ (ਸ਼ੁਧਾ ਦ੍ਵੈਤ) ਦੁਆਰਾ ਸ਼ੰਕਰ ਦੇ ਅਦ੍ਵੈਤ ਤੇ ਵਿਵਹਾਰਕ ਦ੍ਵੈਤ ਦੀ ਤੇ ਉਸਦੇ ਗਿਆਨ ਤੇ ਭਗਤੀ ਦੀ ਮਹਤਤਾ ਸਥਾਪਿਤ ਕੀਤੀ। ਇਸ ਢੰਗ ਨਾਲ ਧਰਮ ਨੂੰ ਬੌਧਿਕਾ ਤੇ ਵਿਦਵਾਨਾਂ ਦੇ ਤੰਗ ਘੇਰੇ ਚੋਂ ਕਢ ਕੇ ਜਨ-ਸਾਧਾਰਣ ਤੇ ਭਗਤਾਂ ਤਕ ਪਹੁੰਚਾਣ ਦੀ ਵਡਿਆਈ ਰਾਮਾਨੰਦ ਨੂੰ ਹੈ। ਇਹੋ ਰਾਮਾ ਨੰਦ ਭਗਤੀ ਨੂੰ ਦੱਖਣ ਤੋਂ ਉੱਤਰ ਵਿਚ ਲਿਆਇਆ ਸੀ। ਉਸ ਨੇ ਨਾ-ਕੇਵਲ ਇਸਨੂੰ ਸੰਸਕ੍ਰਿਤ ਦੇ 'ਕੂਪ ਜਲ' ਤੋਂ ਕਢ ਕੇ ਜਨ ਭਾਸ਼ਾ ਦੇ ਵਹਿੰਦੇ-ਨੀਰ ਵਿਚ ਪਹੁੰਚਾਇਆ, ਸਗੋਂ ਆਪਣੇ ਗੁਰੂ ਨੂੰ ਨਾਰਾਜ਼ ਕਰਕੇ ਭੀ ਭਗਤੀ ਦੇ ਅਕਲੋਂ ਅਧਿਕਾਰੀ ਬਰਾਹਮਣਾਂ ਤੋਂ ਖੋਹ ਕੇ ਜਨ-ਸਾਧਾਰਣ ਨੂੰ ਹੀ ਨਹੀਂ ਸਗੋਂ ਨੀਚ ਜ਼ਾਤ ਦੇ ਸਮਝੇ ਜਾਣ ਵਾਲੇ ਸ਼ੂਦਰਾਂ ਨੂੰ ਵੀ ਆਪਣੀ ਸ਼ਿਸ਼ ਪਰੰਪਰਾ ਵਿਚ ਥਾਂ ਦੇ ਕੇ ਭਗਤੀ ਦਾ ਅਧਿਕਾਰੀ ਬਣਾਇਆ। ਗੁਰੂ ਗਰੰਥ ਇਸਦਾ ਪਰਿਮਾਣ ਹੈ। ਇਹ ਸਾਮਾਜਿਕ ਖੇਤਰ ਵਿਚ ਵਿਸ਼ਮਤਾ ਅਤੇ ਘਿਰਨਾ ਦੀ ਚਰਮ ਸੀਮਾ ਦੀ ਹੀ ਪ੍ਰਤਿਕ੍ਰਿਆ ਦਾ ਪਰਿਮਾਣ ਹੈ।

ਅਭਾਰਤੀ ਰਾਜ ਸੱਤਾ ਨੇ ਮਜਬੂਰ ਜਨ-ਸਮਾਜ ਨੂੰ ਧਾਰਮਿਕ ਬਣਨ ਲਈ ਮਜਬੂਰ ਕੀਤਾ ਤੇ ਇਨ੍ਹਾਂ ਸੰਤਾਂ ਨੇ ਹੀ ਸਮਤਾ ਤੇ ਏਕਤਾ ਦੀ ਗੂੰਜ ਦੇ ਕੇ ਜਨਤਾ ਦੀ ਭਾਖਾ ਰਾਹੀਂ ਉਨ੍ਹਾਂ ਵਿਚ ਆਤਮ ਵਿਸ਼ਵਾਸ਼ ਭਰਣ ਦੀ ਕੋਸ਼ਿਸ਼ ਕੀਤੀ। ਸੰਤਾਂ ਦਾ ਸ੍ਵਰ ਅਨੁਭੂਤੀ ਪ੍ਰਧਾਨ ਸੀ। ਇਸੇ ਲਈ ਨਿਡੱਰ ਹੋ ਕੇ ਉਨ੍ਹਾਂ ਨੇ ਜਨਤਾ ਵਿਚ ਨਿਡਰਤਾ ਦਾ ਪਰਚਾਰ ਕੀਤਾ। ਅਸਲ ਵਿਚ ਇਹ ਮਧਕਾਲੀਨ ਸੰਤ ਹੀ ਤਤਕਾਲੀਨ ਭਾਰਤੀ ਸਮਾਜ ਦੇ ਹਿਰਦੈ ਦੇ ਬਾਦਸ਼ਾਹ ਸਨ। ਕਿਉਂਕਿ ਬਾਹਰ ਤੋਂ ਇਨ੍ਹਾਂ ਦਾ ਵਿਰੋਧ ਕਰਦੇ ਹੋਏ ਭੀ (ਬਰਾਹਮਣਾਂ ਦੁਆਰਾ) ਬਾਹਰੀ ਅਡੰਬਰਾਂ ਤੇ (ਰਾਜ ਸੱਤਾ ਦੁਆਰਾ) ਰਾਜਨੀਤਕ ਅਤਿਆਚਾਰਾਂ ਦੇ ਦੋਵੇਂ ਪੁੜਾਂ ਵਿਚ ਪਿਸਦੀ ਹੋਈ ਜਨਤਾ ਅੰਤਹਕਰਣ ਤੋਂ ਇਨ੍ਹਾਂ ਦਾ ਵਿਰੋਧ ਨਾ ਕਰ ਸਕੀ, ਸਗੋਂ ਇਨ੍ਹਾਂ ਦੀਆਂ ਬਾਣੀਆਂ ਤੋਂ ਹੀ ਨਿਰਾਸ਼ ਤੇ ਬੇਆਸਰੀ ਜਨਤਾ ਨੂੰ ਜੀਵਨ ਵਿਚ ਆਸ਼ਾ ਦਾ ਸਹਾਰਾ ਮਿਲਿਆ। ਗੁਰੂ ਗਰੰਥ ਇਹੋ ਜਿਹੀਆਂ ਬਾਣੀਆਂ ਦਾ ਸੰਗ੍ਰਹ ਹੈ।



Digitized by Panjab Digital Library | www.panjabdigilib.org

"ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ।
ਬਾਣੀ ਤਾਂ ਕੱਚੀ ਸਤਿਗੁਰੂ ਬਾਝਹੁ ਹੋਰ ਕੱਚੀ ਬਾਣੀ।
ਕਹਿਦੇ ਕਚੇ ਸੁਣਦੇ ਕਚੇ ਕਚੀ ਆਖ ਵਿਖਾਣੀ।
ਹਰਿ ਹਰਿ ਨਿਤ ਕਰਹਿ ਰਸਨਾ ਕਹੀਆ ਕਛੂ ਨਾ ਜਾਣੀ।
ਚਿਤੁ ਜਿਨਕਾ ਹਿਰ ਲਇਆ ਮਾਇਆ ਬੋਲਣ ਪਏ ਰਵਾਣੀ।
ਕਹੈ ਨਾਨਕ ਸਤਿਗੁਰੂ ਬਾਝਹੁ ਹੋਰ ਕੱਚੀ ਬਾਣੀ। (੨੪)

ਤੀਜੇ ਗੁਰੂ ਅਮਰਦਾਸ ਦੀ ਇਸ ਬਾਣੀ ਨੇ ਗੁਰੂ ਅਰਜਨ ਦੇ ਅਚੇਤ ਮਨ ਨੂੰ ਸੁਚੇਤ ਕੀਤਾ ਤੇ ਪ੍ਰੇਰਣਾ ਦਿਤੀ ਕਿ ਕੇਵਲ 'ਸੱਚੀ ਬਾਣੀ' ਦਾ ਹੀ ਪਾਠ ਹੋਣਾ ਚਾਹੀਦਾ ਹੈ। ਕਿਉਂਕਿ ਕੱਚੀ (ਅਨੁਭਵ ਹੀਣ) ਬਾਣੀ ਮਾਨਵ ਜੀਵਨ ਨੂੰ ਸਫਲ ਨਹੀਂ ਬਣਾ ਸਕਦੀ। ਜਦੋਂ ਚੇਲਿਆਂ ਵਿਚੋਂ ਕਿਸੇ ਦੇ ਮੂੰਹੋਂ ਗੁਰੂਆਂ ਤੋਂ ਬਿਨਾਂ ਉਨ੍ਹਾਂ ਦੇ ਨਾਮ ਤੇ ਰਚੀ ਹੋਈ ਕਿਸੇ ਹੋਰ ਬਾਣੀ ਨੂੰ ਗੁਰੂ ਨੇ ਸੁਣਿਆ ਤਾਂ ਉਨ੍ਹਾਂ ਦਾ ਮਨ ਪੂਰਾ ਸੁਚੇਤ ਹੋਇਆ, ਜਿਸਦਾ ਸਿੱਟਾ ਨਿਕਲਿਆ ਆਦਿ ਗਰੰਥ।

ਆਦਿ ਗਰੰਥ ਦੇ ਸੰਗ੍ਰਹਿ-ਕਰਤਾ ਪੰਜਵੇਂ ਗੁਰੂ ਅਰਜਨ ਨੇ ਇਸ ਵਿਚ ਆਪਣੀ ਅਤੇ ਆਪਣੇ ਪੂਰਵ ਕਾਲੀਨ ਚਾਰ ਗੁਰੂਆਂ ਅਤੇ ਪੰਦਰਾਂ ਭਗਤਾਂ ਅਤੇ ੧੧ ਭਟਾਂ ਦੀ ਅਤੇ ਚਾਰ ਹੋਰ ਗੁਰੂਆਂ ਨਾਲ ਸਬੰਧਿਤ ਵਿਅਕਤੀਆਂ ਦੀ ਬਾਣੀ ਅਤੇ ਗੁਰੂ ਗੋਬਿੰਦ ਸਿੰਘ ਨੇ ਪਿਛੋਂ ਨਾਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਇਸ ਵਿਚ ਦਰਜ ਕੀਤੀ।

ਗੁਰੂ ਅਰਜਨ ਨੇ ਇਹ ਬਾਣੀ ਕਦੋਂ, ਕਿਥੋਂ ਤੇ ਕਿਵੇਂ ਲਈ? ਇਹਵੀ ਮਹੱਤਾ ਪੂਰਣ ਵਿਚਾਰ ਕਰਨ ਦੇ ਯੋਗ ਸਵਾਲ ਹੈ, ਜਿਹੜਾ ਅਜੇ ਤਕ ਸੁਲਝਿਆ ਨਹੀਂ।

ਸੂਰਜ ਪ੍ਰਕਾਸ਼ ਦੇ ਕਰਤਾ ਅਨੁਸਾਰ ਜਿਥੇ ਪਹਿਲੇ ਗੁਰੂ ਦੀ ਬਾਣੀ ਭਾਈ ਮਨਸੁਖ ਨੇ ਲਿਖੀ ਉਥੇ ਦੂਜੇ ਦੀ ਬਾਣੀ ਭਾਈ ਪੈੜੇ ਮੋਖੇ ਨੇ ਤੇ ਤੀਜੇ ਦੀ ਗੁਰੂ ਅਮਰਦਾਸ ਜੀ ਦੀ ਮੋਹਨ ਦੇ ਪੁਤਰ ਸਹੱਸਰ ਰਾਮ ਨੇ। ਇਸ ਤਰ੍ਹਾਂ ਇਹ ਬਾਣੀ ਤੇ ਕੁਝ ਹੋਰ ਬਾਣੀ ਮੋਹਨ ਜੀ ਦੇ ਕੋਲ ਗੋਇੰਦਵਾਲ ਵਿਚ ਸੀ*। ਇਕ ਹੋਰ ਵਿਦਵਾਨ ਨੇ ਵੀ ਪੁਸਤਕ ਜਨਮਸਾਖੀ ਦੇ ਆਧਾਰ

*ਗ: ਪ੍ਰ: ਸੂ ਰਾਸ ੧, ਪੰਨਾ ੫੯



Digitized by Panjab Digital Library | www.panjabdigilib.org

ਤੇ ਇਸ ਗੱਲ ਦਾ ਸਮਰਥਨ ਕੀਤਾ ਹੈ* । ਜੇ ਕਰ ਇਨ੍ਹਾਂ ਨੂੰ ਗੁਰਬਾਣੀ ਦਾ ਲੇਖਕ ਮੰਨ ਵੀ ਲਇਆ ਜਾਵੇ ਤਾਂ ਵੀ ਇਹ ਗੁੰਝਲ ਨਹੀਂ ਸੁਲਝਦੀ ਕਿ ਇਹ ਬਾਣੀ ਗੁਰੂ ਅਰਜਨ ਤਕ ਕਿਵੇਂ ਪਹੁੰਚੀ ? ਇਸ ਲਈ ਇਸਦੇ ਸੁਝਾਉ ਲਈ ਸਾਰੇ ਗੁਰੂਆਂ ਦੀ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ ਸਹਾਇਕ ਸਿਧ ਹੋ ਸਕਦਾ ਹੈ ।

ਦੂਜੇ ਗੁਰੂ ਅੰਗਦ ਦੇ ਕੱਟੂਫ ਸ਼ਲੋਕ ਹਨ ਉਹ ਵੀ ਗੁਰੂ ਨਾਨਕ ਦੀ ਬਾਣੀ ਤੋਂ ਸਪਸ਼ਟ ਤੌਰ ਤੇ ਪ੍ਰਭਾਵਿਤ ਪ੍ਰਤੀਤ ਹੁੰਦੇ ਹਨ—ਭਾਵਾਂ ਅਤੇ ਵਿਚਾਰਾਂ ਦਾ ਹੀ ਸ਼ਬਦਾਂ, ਪਦਾਂ ਤੇ ਤੁਕਾਂ ਤਕ ਦਾ ਮੇਲ ਇਹ ਸਿਧ ਕਰਦਾ ਹੈ ਕਿ ਆਪਣੀ ਬਾਣੀ ਲਿਖਣ ਵੇਲੇ ਗੁਰੂ ਅੰਗਦ ਕੋਲ ਗੁਰੂ ਨਾਨਕ ਦੀ ਬਾਣੀ ਮੌਜੂਦ ਸੀ ਜਿਸ ਦਾ ਉਨ੍ਹਾਂ ਨੇ ਮੌਕੇ ਅਨੁਸਾਰ ਪ੍ਰਯੋਗ ਵੀ ਕੀਤਾ । ਉਦਾਹਰਣ ਲਈ—

ਚਾਕਰ ਲਗੇ ਚਾਕਰੀ ਜੇ ਚਲੈ ਖਸਮਿ ਭਾਇ ।......
ਨਾਨਕ ਹੁਕਮ ਨਾ ਚਲਈ ਨਾਲ ਖਸਮ ਚਲੈ ਅਰਦਾਸਿ†
ਚਾਕਰੁ ਲਗੇ ਚਾਕਰੀ ਨਾਲਿ ਗਾਰਬਿ ਵਾਦੁ ।......
ਸਾਹਿਬ ਸੇਤੀ ਹੁਕਮੁ ਨਾ ਚਲੈ ਕਹੀ ਬਣੈ ਅਰਦਾਸਿ‡ ॥੩॥

ਇਨਾਂ ਹੀ ਨਹੀਂ, ਗੁਰੂ ਅੰਗਦ ਦੇ ਮਗਰੋਂ ਤੀਜੇ ਗੁਰੂ ਅਮਰ ਦਾਸ ਦੀ ਬਾਣੀ ਨੂੰ ਭੀ ਵੇਖਣ ਤੇ ਇਹ ਅਸਚਰਜ ਕਰ ਦੇਣ ਵਾਲਾ ਸੰਜੋਗ ਮਿਲਦਾ ਹੈ ਕਿ ਨਾ-ਕੇਵਲ ਉਨ੍ਹਾਂ ਹੀ ੧੯ ਰਾਗਾਂ ਵਿਚੋਂ ੧੭ ਰਾਗਾਂ ਵਿਚ ਮਿਲਦਾ ਹੈ, ਜਿਨ੍ਹਾਂ ਵਿਚ ਗੁਰੂ ਨਾਨਕ ਦੀਆਂ ਹੇਠ ਲਿਖੀਆਂ ਸਮਤਾਵਾਂ ਇਹ ਸਿਧ ਕਰਦੀਆਂ ਹਨ ਕਿ ਆਪਣੀ ਬਾਣੀ ਲਿਖਣ ਲਗਿਆਂ ਉਨ੍ਹਾਂ ਕੋਲ ਵੀ ਗੁਰੂ ਨਾਨਕ ਦੀ ਬਾਣੀ ਸੀ ।

(੧) ਆਸਾ ਰਾਗ ਵਿਚ ਦੋਹਾਂ ਦੀ ਪੱਟੀ ਮਿਲਦੀ ਹੈ ਜਿਸ ਵਿਚ ਸਮਤਾ ਹੈ ।

(੨) ਰਾਗ ਵਡਹੰਸ ਵਿਚ 'ਅਲਾਹੁਣੀਆਂ' ਵਿਚ ਇਕੋ ਵਿਚਾਰ ਦੇ

*ਗੁਰਮਤ ਲੈਕਚਰ, ਗਿਆਨੀ ਪ੍ਰਤਾਪ ਸਿਘ ਪੰਨਾ ੭੪
†੪੭੪ ਵਾਰ ਆਸਾ (੧) ਮਹਲਾ ਪ੭ਪ ।
‡੪੭੪ ਰਾਗ ਆਸਾ (੨) ਮਹਲਾ ਪੰਨਾ ਪ੭ਪ



Digitized by Panjab Digital Library | www.panjabdigilib.org

ਗੁਰੂ ਨਾਨਕ ਦੇ ਪੰਜ ਤੇ ਗੁਰੂ ਅਮਰਦਾਸ ਦੇ ਚਾਰ ਸ਼ਬਦ ਮਿਲਦੇ ਹਨ।

(੩) ਰਾਗਮਾਰੂ ਵਿਚ ਗੁਰੂ ਨਾਨਕ ਦੇ ੨੨ ਤੇ ਗੁਰੂ ਅਮਰਦਾਸ ਦੇ ੨੪ ਸੋਹਲੇ ਮਿਲਦੇ ਹਨ–ਜਿਹੜੇ ਹੋਰ ਕਿਸੇ ਪਾਸੋਂ ਨਹੀਂ ਮਿਲਦੇ।

(੪) ਗੁਰੂ ਅਮਰ ਦਾਸ ਦਾ ੨੯ਵਾਂ ਸ਼ਲੋਕ ਗੁਰੂ ਨਾਨਕ ਦੇ ੨੭ਵੇਂ ਸ਼ਲੋਕ ਦਾ ਹੀ ਵਿਕਾਸ ਹੈ।

(੫) ਵਿਚਾਰ ਤੋਂ ਇਲਾਵਾ ਦੋਹਾਂ ਦੇ ਸ਼ਬਦ ਪਦ ਤੇ ਤੁਕਾਂ ਦਾ ਸੁਮੇਲ ਵੀ ਇਹੋ ਸਿਧ ਕਰਦਾ ਹੈ ਕਿ ਗੁਰੂ ਨਾਨਕ ਦੀ ਬਾਣੀ ਗੁਰੂ ਅੰਗਦ ਕੋਲ ਹੁੰਦੀ ਹੋਈ ਗੁਰੂ ਅਮਰਦਾਸ ਕੋਲ ਪਹੁੰਚੀ* ਤੇ ਉਨ੍ਹਾਂ ਨੇ ਲੋੜ ਅਨੁਸਾਰ ਉਸ ਦਾ ਪ੍ਰਯੋਗ ਭੀ ਕੀਤਾ।

ਇਸ ਢੰਗ ਨਾਲ ਸਿਰੀ ਰਾਗ ਦੇ ਸੌ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਣ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੇ ਗੁਰੂਆਂ ਦੀ ਬਾਣੀ ਵਾਰੋ ਵਾਰ ਆਉਣ ਵਾਲੇ ਗੁਰੂਆਂ ਕੋਲ ਮੌਜੂਦ ਸੀ ਤੇ ਉਹ ਉਨ੍ਹਾਂ ਤੋਂ ਪਰਭਾਵਿਤ ਹੋਏ।

"ਹਮ ਧਨਵੰਤ ਭਾਗਠ ਸੱਚ ਨਾਈ
ਹਰਿ ਗੁਣ ਗਾਵਹੁ ਸਹਜ ਸੁਭਾਈ ॥
ਪਿਉ ਦਾਦੇ ਦਾ ਖੋਲ੍ਹਿ ਡਿੱਠਾ ਖਜ਼ਾਨਾ
ਤਾਂ ਮੇਰੇ ਮਨਿ ਭਇਆ ਨਿਧਾਨਾ ॥ ਗੁਰੂ ਗ੍ਰੰਥ ਪੰਨਾ ੯੬, ਮ. ੫.।

ਗਉੜੀ ਰਾਗ ਵਿਚ ਪੰਜਵੇਂ ਗੁਰੂ ਦੇ ਇਹ ਸ਼ਬਦ ਉਸ ਵੇਲੇ ਦੇ ਭਾਸਦੇ ਹਨ ਜਦੋਂ ਗੁਰੂ ਅਰਜਨ ਨੂੰ ਸਾਰੀ ਗੁਰਬਾਣੀ ਦਾ ਖਜ਼ਾਨਾ ਚੌਥੇ ਗੁਰੂ ਰਾਮਦਾਸ ਤੋਂ ਮਿਲਿਆ। ਇਸ ਲਈ ਆਪਣੇ ਆਪ ਹੀ ਇਹ ਸਿਧ ਹੁੰਦਾ ਹੈ ਕਿ ਗੁਰੂ ਅਰਜਨ ਨੂੰ ਗੁਰਬਾਣੀ ਭੀ ਗੁਰੂ ਗੱਦੀ ਦੇ ਨਾਲ ਹੀ ਸ਼ਿਸ਼ ਪਰੰਪਰਾ ਵਿਚ ਮਿਲੀ†। ਮੈਕਾਲਿਫ(), ਪ੍ਰਿੰਸੀਪਲ ਤੇਜਾ ਸਿੰਘ‡, ਗਿਆਨੀ§

---

*ਕੁਝ ਹੋਰ ਧਾਰਮਕ ਲੇਖ (ਸਾਹਿਬ ਸਿੰਘ ਪੰਨਾ ੪੧)।
ਸਿੱਖ ਇਤਿਹਾਸ ਤੇਜਾ ਸਿੰਘ ਪੰਨਾ ੨੩

†ਕੁਝ ਹੋਰ ਧਾਰਮਿਕ ਲੇਖ ਪੰਨਾ ੪੧, ਸਾਹਿਬ ਸਿੰਘ

()ਮੈਕਾਲਫ ਸਿਖ ਰਿਲੀਜਨ ੩, ਮਾਸ ਪੰਨਾ ੫੫

‡ਤੇਜਾ ਸਿੰਘ ਹਿਸਟਰੀ ਸਿਖ, ਰਾਗ ੧ ਪੰਨਾ ੩੦

§ਪਰਤਾਪ ਸਿੰਘ ਗੁਰਮਤ ਲੈਕਚਰ ਪੰਨਾ ੧੯੦



Digitized by Panjab Digital Library | www.panjabdigilib.org

ਪਰਤਾਪ ਸਿੰਘ ਤੇ ਹੋਰ ਸਾਰੇ ਸਿੱਖ ਧਰਮ ਦੇ ਇਤਿਹਾਸਕਾਰਾਂ ਨੇ ਸੂਰਜ ਪ੍ਰਕਾਸ਼ ਦੇ ਆਧਾਰ ਤੇ ਲਿਖਿਆ ਹੋਇਆ ਹੈ ਕਿ ਗੁਰਬਾਣੀ ਜਿਨ੍ਹਾਂ ਦੋ ਸੈਂਚੀਆਂ ਵਿਚ ਇਕੱਤ੍ਰ ਸੀ ਉਹ ਮੋਹਨ ਜੀ ਕੋਲ ਸਨ। ਗੁਰੂ ਜੀ ਨੇ ਪਹਿਲਾਂ ਬਾਬੇ ਬੁੱਢੇ ਨੂੰ ਤੇ ਫਿਰ ਭਾਈ ਗੁਰਦਾਸ ਨੂੰ ਸੈਂਚੀਆਂ ਲੈਣ ਲਈ ਭੇਜਿਆ। ਪਰੰਤੂ ਗੁਰੂ ਗੱਦੀ ਨਾ ਪਾ ਸਕਣ ਵਾਲੇ ਤੀਜੇ ਗੁਰੂ ਦਾ ਪੁੱਤਰ ਮੋਹਨ ਕਿਉਂ ਸੈਂਚੀਆਂ ਦੇਣ ਲਗਿਆ ਸੀ ? ਇਸਤਰਾਂ ਉਨ੍ਹਾਂ ਦੇ ਨਿਸਫਲ ਮੁੜ ਆਉਣ ਤੇ ਗੁਰੂ ਜੀ ਆਪ ਗੋਇੰਦਵਾਲ ਉਸਦੇ ਕੋਲ ਗਏ ਤੇ ਮਧੁਰ ਸੁਰ ਵਿਚ ਗਾਉਣ ਲਗੇ—

"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ।"

ਮੋਹਨ ਜੀ ਦੀ ਸਮਾਧੀ ਭੰਗ ਹੋਈ। ਉਨ੍ਹਾਂ ਨੇ ਉਤਰ ਦਿੱਤਾ 'ਮੈਥੋਂ ਗੱਦੀ ਖੋਹਣ ਵਾਲਿਓ, ਗੁਰਬਾਣੀ ਰੂਪ ਮੇਰਾ ਅਮੁਲਾ ਰਤਨ ਵੀ ਖੋਹਣਾ ਚਾਹੁੰਦੇ ਹੋ" ? ਗੁਰੂ ਹੋਰ ਵੀ ਨਿਮਰ ਹੋ ਕੇ ਉਸਦੀ ਪ੍ਰਸੰਸਾ ਹੀ ਕਰਦੇ ਰਹੇ:—

"ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ,
ਮੋਹਨ ਤੂੰ ਮਾਨੇ ਏਕੁ ਜੀਵ ਅਵਰ ਸਭ ਰਾਲੀ।"

ਇਹ ਸੁਣਕੇ ਪਥਰ ਦਿਲ ਮੋਹਨ ਜੀ ਆਪ ਹੀ ਪਸੀਜ ਗਏ ਤੇ ਉਨ੍ਹਾਂ ਨੇ ਗੁਰਬਾਣੀ ਗੁਰੂ ਅਰਜਨ ਨੂੰ ਦੇ ਦਿਤੀ। ਜਿਸਨੂੰ ਲੈ ਕੇ ਗੁਰੂ ਜੀ ਰਾਮਸਰ ਆਏ ਤੇ ਆਪਣੇ ਕੰਮ ਵਿਚ ਲੱਗ ਗਏ।

ਪਰੰਤੂ ਇਸ ਪ੍ਰਚਲਿਤ ਮਤ ਦਾ ਪਰਿਮਾਣ ਸਹਿਤ ਖੰਡਨ ਕਰਦੇ ਹੋਏ ਪ੍ਰਿੰਸੀਪਲ ਸਾਹਿਬ ਸਿੰਘ ਨੇ ਦੱਸਿਆ ਹੈ* ਕਿ 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਆਦਿ ਸ਼ਬਦ ਸਤਿਗੁਰੂ ਦੀ ਪ੍ਰਸੰਸਾ ਵਿਚ ਗਾਇਆ ਗਇਆ ਹੈ। ਦੂਜੀ ਵੱਡੀ ਗੱਲ ਇਹ ਹੈ ਕਿ ਗੁਰੂ ਰਾਮਦਾਸ ਆਦਿ ਗੁਰੂਆਂ ਦੀ ਬਾਣੀ ਤੋਂ ਸਿਧ ਹੁੰਦਾ ਹੈ ਕਿ ਇਹ ਬਾਣੀ ਉਨ੍ਹਾਂ ਕੋਲ ਸੀ ਤੇ ਜਿਨ੍ਹਾਂ ਮੋਹਨੁ ਜੀ ਨੂੰ ਤੀਜੇ ਗੁਰੂ ਜੀ ਨੇ ਗੁਰਗੱਦੀ ਹੀ ਨਾ ਦਿਤੀ ਉਨ੍ਹਾਂ ਨੂੰ ਇਹ ਬਾਣੀ ਹੀ ਕਿਉਂ ਦੇਣ ਲਗੇ ਸਨ ? ਜੇ ਕਿਧਰੋਂ ਉਨ੍ਹਾਂ ਨੇ ਪ੍ਰਾਪਤ ਭੀ ਕਰ ਲਈ ਤਾਂ ਫਿਰ ਉਹ

*ਕੁਝ ਹੋਰ ਧਾਰਮਕ ਲੇਖ ਪੰਨਾ ੪੧



Digitized by Panjab Digital Library | www.panjabdigilib.org

ਵਾਪਸ ਕਿਉਂ ਕਰਨ ਲਗੇ ਸਨ। ਇੱਨਾਂ ਹੀ ਨਹੀਂ ਤੇ 'ਉਹ ਬਾਣੀ ਫਿਰ ਗੁਰੂ ਰਾਮਦਾਸ ਕੋਲ ਕਿਵੇਂ ਮੌਜੂਦ ਸੀ ? ਹੋ ਸਕਦਾ ਹੈ ਕਿ ਕੁਝ ਹੋਰ ਥੋੜੀ ਜਿਹੀ ਬਾਣੀ ਮੋਹਨ ਜੀ ਕੋਲ ਹੋਵੇ। ਪਰੰਤੂ ਉਤੇ ਦਿਤੇ ਗਏ ਪਰਿਮਾਣਾਂ ਤੋਂ ਇਹ ਆਪੇ ਹੀ ਸਿਧ ਹੁੰਦਾ ਹੈ ਕਿ ਇਹ ਸਾਰੀ ਬਾਣੀ ਸ਼ਿਸ਼ ਪਰੰਪਰਾ ਵਿਚ ਹੀ ਗੁਰੂ ਅਰਜਨ ਨੂੰ ਗੁਰੂ ਰਾਮਦਾਸ ਤੋਂ ਮਿਲੀ ਸੀ ਕਿਉਂਕਿ ਅੰਤਾ ਸਾਖੀ ਸਭ ਤੋਂ ਵਡਾ ਸਬੂਤ ਹੁੰਦਾ ਹੈ।

ਗੁਰੁਸਿਖ ਭਾਈ ਬਖ਼ਤਾ ਅਰੋੜਾ ਜਲਾਲਪੁਰੀਆ ਦਾ ਜ਼ਿਕਰ ਕਰਦੇ ਹੋਏ ਇਕ ਹੋਰ ਵਿਦਵਾਨ ਨੇ ਲਿਖਿਆ ਹੈ ਕਿ ਪਹਿਲੇ ਗੁਰੂਆਂ ਦੇ ਕੋਲ ਰਹਿ ਕੇ ਉਸਨੇ ਉਨ੍ਹਾਂ ਦੀ ਬਾਣੀ ਲਿਖੀ ਸੀ ਤੇ ਉਹ ਪੰਜਵੇਂ ਗੁਰੂ ਅਰਜਨ ਕੋਲ ਲੈ ਆਇਆ,ਜਿਸ ਵਿਚੋਂ ਗੁਰੂ ਸਾਹਿਬ ਨੇ ਠੀਕ ਬਾਣੀ ਨੂੰ ਚੁਣ ਲੀਤਾ। ਲੇਖਕ ਨੇ ਇਸ ਨੂੰ ਬੂਟਾ ਸਿੰਘ ਪੰਸਾਰੀ ਰਾਵਲਪਿੰਡੀ ਕੋਲ ਦੇਖਿਆ ਹੈ, ਲਿਪੀ ਭੇਦ ਹੋਣ ਕਾਰਣ ਇਸਨੂੰ ਪੜ੍ਹਨਾ ਸੌਖਾ ਨਹੀਂ ਤੇ ਜ਼ਿਆਦਾ ਭਾਰੀ ਹੋਣ ਕਾਰਣ ਇਕ ਮਨੁਖ ਇਸ ਨੂੰ ਮੁਸ਼ਕਲ ਨਾਲ ਚੁਕ ਸਕਦਾ ਹੈ। ਇਹ ਗੁਰੂ ਗਰੰਥ ਦਾ ਖਜ਼ਾਨਾ ਹੈ ਕਿਉਂ ਕਿ ਉਸਤੇ ਦਸਾਂ ਗੁਰੂਆਂ ਦੇ ਦਸਖਤਾਂ ਦੇ ਨਿਸ਼ਾਨ ਮਿਲਦੇ ਹਨ ਇਹ ਵੰਸ਼ ਤੇਕਰਮ ਤੋਂ ਉਥੇ ਹੀ ਸੁਰਖਿਅਤ ਹੈ।*

ਪਹਿਲੀਆਂ ਦੋ ਪੋਥੀਆਂ ਵਿਚੋਂ ਇਕ ਕਟੜਾ ਮਹਾਂ ਸਿੰਘ ਅੰਮ੍ਰਿਤਸਰ ਵਿਚ ਇਕ ਮਾਈ ਦੇ ਕੋਲ ਹੈ। ਤੇ ਦੂਜੀ ਗੋਇੰਦਵਾਲ ਦੇ ਭਾਈ ਬੁੱਧ ਸਿੰਘ ਚੇਤ ਸਿੰਘ ਕੋਲ ਹੈ, ਜਿਹੜੀ ਸੰਮਤ ੧੯੫੨ ਵਿਚ ਪੂਜਾ ਲਈ ਪਟਿਆਲੇ ਲਿਆਏ ਸਨ ਤੇ ਲੇਖਕ ਨੇ ਉਥੇ ਹੀ ਇਸਦੇ ਦਰਸ਼ਨ ਕੀਤੇ ਸਨ। ਇਸ ਵਿਚ ਕੇਵਲ ੯ ਰਾਗ ਹਨ ਤੇ ਕੋਈ ਵਾਰ ਨਹੀਂ। ਸ਼ਬਦਾਂ ਵਿਚਲੀ ਬਾਣੀ ਟੁੱਟੀ ਫੁੱਟੀ ਹੈ, ਜਿਹੜੀ ਪੜ੍ਹਨੀ ਸੌਖੀ ਨਹੀਂ। ਪੰਨਾ ੯੪ ਤੋਂ ਅੱਗੇ ਕਬੀਰ ਤਿਰਲਚਨ, ਨਾਮ ਦੇਵ, ਰਵਿਦਾਸ ਆਦਿ ਦੇ ਸ਼ਬਦ ਮਿਲਦੇ ਹਨ†।
ਇਹ ਪੋਥੀ ਅਜੇ ਵੀ ਪਟਿਆਲੇ ਵਿਚ ਹੀ ਹੈ। ਪਰ ਆਸਾਨੀ ਨਾਲ ਦੇਖਣ ਨੂੰ ਨਹੀਂ ਮਿਲਦੀ।

ਜੋ ਕੁੱਝ ਭੀ ਹੋਵੇ ਇਸ ਤੋਂ ਸਪਸ਼ਟ ਇਹ ਹੈ ਕਿ ਗੁਰਬਾਣੀ

---

*ਤਵਾਰੀਖ ਗੁਰੂ ਖਾਲਸਾ (ਗਿਆਨੀ ਗਿਆਨ ਸਿੰਘ ਪੰਨਾ ੭੨੪)

†ਤਵਾਰੀਖ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ ਪੰਨਾ ੭੨੫



Digitized by Panjab Digital Library | www.panjabdigilib.org

ਗੁਰੂ ਅਰਜਨ ਨੂੰ ਗੱਦੀ ਦੇ ਨਾਲ ਹੀ ਸ਼ਿਸ਼ ਪਰੰਪਰਾ ਵਿਚ ਪ੍ਰਾਪਤ ਹੋਈ।

ਗੁਰੂ ਗ੍ਰੰਥ ਵਿਚ ਗੁਰੂ ਨੇ ਭਗਤ ਬਾਣੀ ਨੂੰ ਕਿਉਂ ਥਾਂ ਦਿੱਤੀ, ਇਸ ਵਿਸ਼ੈ ਸਬੰਧੀ ਹੇਠ ਲਿਖੇ ਮਤ ਪ੍ਰਚੱਲਤ ਹਨ :—

(੧) ਗੁਰੂ ਸਿਧਾਂਤਾਂ ਦੀ ਵਿਆਖਿਆ ਲਈ ਉਦਾਹਰਣ ਸਰੂਪ* ।

(੨) ਰਾਗ ਸੁਮੇਲ ਦੇ ਕਾਰਣ† ।

(੩) ਭਗਤੀ ਦੇ ਕਾਰਣ‡ ।

(੪) ਵਿਚਾਰਾਂ ਦੀ ਇਕ ਸੁਰਤਾ ਕਾਰਣ§

"ਗੁਰੂ ਨੇ ਭਗਤ ਬਾਣੀ ਨੂੰ ਦੂਜੇ ਗੁਰੂਆਂ ਦੀ ਬਾਣੀ ਦੀ ਵਿਆਖਿਆ ਲਈ ਲਿਖਿਆ ਹੈ। ਸਾਹਿਤ ਇਤਹਾਸ ਦੇ ਇਕ ਉਘੇ ਲਿਖਾਰੀ ਦਾ ਇਹ ਮੱਤ "ਅਭੁੱਲ' ਤੇ 'ਪੂਰਨ' ਗੁਰੂਆਂ ਦੀ ਨਾ ਕੇਵਲ ਸਮਰਥਾ ਵਿਚ ਅਵਿਸ਼ਵਾਸ ਪ੍ਰਗਟਾਇਆ ਹੈ, ਸਗੋਂ ਸੰਤਾਂ ਦੀ ਮਹਾਨਤਾ ਨੂੰ ਭੀ ਅਸਵੀਕਾਰ ਕੀਤਾ ਹੈ, ਸੰਤਾਂ ਦੀਆਂ ਬਾਣੀਆਂ ਭੀ ਅਨੁਭੂਤੀ ਦੇ ਛਿੱਟਿਆਂ ਨਾਲ ਭਰਪੂਰ ਹਨ। ਲੇਖਕ ਹੋਰੀ ਭੁਲ ਗਏ ਹਨ ਕਿ ਗੁਰੂ ਸਿਧਾਂਤਾਂ ਦੇ ਵਿਆਖਿਆਕਾਰ ਭਾਈ ਗੁਰਦਾਸ ਨੇ ਸਾਰਾ ਗੁਰੂ ਗਰੰਥ ਲਿਖ ਕੇ ਭੀ ਉਸ ਵਿਚ ਆਪਣਾ ਇਕ ਸ਼ਬਦ ਨਹੀਂ ਲਿਖਿਆ।

ਦੂਜਾ ਮਤ ਕਿ ਸੰਤ ਬਾਣੀ ਦਾ ਸੰਗ੍ਰਹਿ ਸਿਧਾਂਤਕ ਨਹੀਂ, ਉਨ੍ਹਾਂ ਦੇ ਰਾਗ ਅਤੇ ਸਥਾਈ ਕੀਮਤ (Living values) ਦੇ ਅਧਾਰ ਤੇ ਕੀਤਾ ਹੈ-ਬਹੁਤ ਸਬੱਲ ਨਹੀਂ। ਇਹ ਠੀਕ ਹੈ ਕਿ ਗਰੰਥ ਨੂੰ ਤਰਤੀਬ ਦੇਣ ਵਿਚ ਰਾਗ ਦਾ ਵਿਸ਼ੇਸ਼ ਮਹੱਤਵ ਹੈ। ਪਰੰਤੂ ਇਹ ਭੁਲਣਾ ਨਹੀਂ ਚਾਹੀਦਾ ਕਿ ਰਾਗ ਹੀ ਸੱਭ ਕੁਝ ਨਹੀਂ ਸਗੋਂ ਉਸਦੇ ਵਿਚਾਰ ਭੀ ਜ਼ਰੂਰੀ ਹਨ। ਮਾਨਵ ਮਾਤਰ ਹੀ ਨਹੀਂ ਭਗਤ (ਸਿੱਖ ਧਰਮ ਵਿਚ ਭੀ) ਭੀ ਬੋਧਿਕ ਪ੍ਰਾਣੀ ਹੈ। ਉਹ ਮ੍ਰਿਗ ਦੀ ਤਰ੍ਹਾਂ ਖਾਲੀ ਸੰਗੀਤ ਸੁਰ ਵਿਚ ਲੀਨ ਹੋ ਕੇ ਪ੍ਰਾਣ ਨਹੀਂ ਖੋਹ ਸਕਦਾ। ਵਿਦਵਾਨ ਲੇਖਕਾਂ ਨੇ ਉਸ ਪੰਨੇ ਤੇ ਗੁਰੂ ਨਾਨਕ ਤੇ ਕਬੀਰ

---

*ਏ ਹਿਸਟਰੀ ਆਫ਼ ਦਾ ਪੰਜਾਬ ਲਿਟਰੇਚਰ ਡਾ: ਮੋਹਨ ਸਿੰਘ ਪੰਨਾ ੩੭

†ਸਿਖ ਇਤਿਹਾਸ ਤੇਜਾ ਸਿੰਘ ਪੰਨਾ ੩੧

‡ਗੁਰਮਤ ਫਿਲਾਸਫੀ ਪਰਤਾਪ ਸਿੰਘ ਪੰਨਾ ੧੬੩

§ਗੁਰਮਤ ਪ੍ਰਕਾਸ਼ ਸਾਹਿਬ ਸਿੰਘ ਪੰਨਾ ੪



Digitized by Panjab Digital Library | www.panjabdigilib.org

ਦੀ ਬਾਣੀ ਵਿਚ ਰਾਗਾਂ ਦੀ ਸਮਤਾ ਨਾ ਦਿਖਾ ਕੇ ਭਿੰਨ ਭਿੰਨ ਰਾਗਾਂ ਤੋਂ ਇਕੱਠੇ ਕੀਤੇ ਹੋਏ ਵਿਚਾਰਾਂ ਅਤੇ ਉਨ੍ਹਾਂ ਦੇ ਪ੍ਰਗਟਾਉ ਦੀ ਸਮਤਾ ਦਿਖਾਈ ਹੈ*ਤੇ ਅਗਲੇ ਪੰਨੇ ਤਕ ਪਹੁੰਚਦਿਆਂ ਇਹ ਭੀ ਲਿਖਿਆ ਹੈ ਕਿ ਵਿਚਾਰਭੇਦ ਕਾਰਣ ਹੀ ਕਾਹਨਾ, ਛਜੂ, ਸ਼ਾਹ ਹੁਸੈਨ ਤੇ ਪੀਲੂ ਦੀ ਬਾਣੀ ਨੂੰ ਗੁਰੂ ਸਾਹਿਬ ਗੁਰੂ ਗਰੰਥ ਵਿਚ ਸਥਾਨ ਨਾਂ ਦੇ ਸਕੇ†ਇਹ ਕਹਿੰਦੇ ਹੋਏ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਨ੍ਹਾਂ ਨੇ ਆਪਣੇ ਹੀ ਮਤ ਦਾ ਵਿਰੋਧ ਕੀਤਾ ਹੈ। ਕਿਉਂਕਿ ਉਹ ਬਾਣੀਆਂ ਰਾਗ ਦੀ ਦ੍ਰਿਸਟੀ ਨਾਲ ਆਸਾਨੀ ਨਾਲ ਹੀ ਗੁਰੂ ਗਰੰਥ ਵਿਚ ਥਾਂ ਪਾ ਸਕਦੀਆਂ ਸਨ।

ਤੀਜਾ ਮਤ ਕਿ ਮਗਰੋਂ ਉਤਪੰਨ ਹੋਈ ਭਗਤੀ ਦੇ ਕਾਰਣ ਹੀ ਭਗਤ ਬਾਣੀ ਨੂੰ ਗੁਰੂ ਗਰੰਥ ਵਿਚ ਥਾਂ ਮਿਲੀ ਹੈ—ਭਗਤ ਲੇਖਕ ਦੀ ਭਗਤੀ ਦਾ ਸੂਚਕ ਹੈ। ਪਰੰਤੂ ਵਿਚਾਰਾਂ ਦੀ ਬਿਨਾ ਪਰਵਾਹ ਤੋਂ ਨਹੀਂ। ਸ਼ਾਇਦ ਭਗਤ ਲੇਖਕ ਨੇ ਭਗਤਾਂ ਦੇ ਵਿਚਾਰਾਂ ਦੀ ਬੇਪਰਵਾਹੀ ਆਪਣੇ ਵਿਚਾਰ—ਲਾ-ਪਰਵਾਹੀ ਕਰਕੇ ਹੀ ਕੀਤੀ ਹੋਵੇ। ਬਾਣੀ ਨੂੰ ਲੈਂਦੇ ਹੋਏ ਧੰਨਾ ਮੂਰਤੀ ਪੂਜ ਸੀ ਜਾਂ ਕਬੀਰ ਵੈਸ਼ਣਵ, ਇਸ ਗਲ ਉਤੇ ਧਿਆਨ ਨਹੀਂ ਦਿੱਤਾ ਗਇਆ। ਭਗਤੀ ਮਾਰਗ ਤੇ ਬਹਿਸ ਨਹੀਂ ਕੀਤੀ,। ਸਗੋਂ ਉਦੇਸ਼ ਨੂੰ ਦੇਖਿਆ ਹੈ‡। 'ਉਦੇਸ਼ ਨੂੰ ਦੇਖਿਆ ਹੈ' ਇਹ ਕਹਿੰਦੇ ਹੋਏ ਲੇਖਕ ਆਪ ਹੀ ਦੱਬੀ ਜ਼ਬਾਨ ਵਿਚ ਵਿਚਾਰ ਦੀ ਮਹਾਨਤਾ ਨੂੰ ਸ੍ਵੀਕਾਰ ਕਰਦਾ ਹੈ। ਸਾਨੂੰ ਇਹ ਭੀ ਨਹੀਂ ਭੁਲਣਾ ਚਾਹੀਦਾ ਕਿ ਮੱਧ ਕਾਲੀਨ ਭਗਤਾਂ ਦੇ ਸ਼੍ਰੋਮਣੀ ਤੁਲਸੀ ਦਾਸ ਦਾ ਉਸ ਵਿਚ ਕੋਈ ਸ਼ਬਦ ਨਹੀਂ ਮਿਲਦਾ ਤੇ'ਸੂਰਦਾਸ' ਦੀ ਭੀ ਇਕ ਹੀ ਤੁਕ ਮਿਲਦੀ ਹੈ। ਇਹ ਗੱਲ ਭਗਤ ਲੇਖਕ ਨੇ ਹੋਰ ਚਿੰਤਨ-ਸ਼ੀਲ ਬਣਨ ਦੀ ਸਾਮਗ੍ਰਿਰੀ ਦਿੱਤੀ ਹੈ।

ਗੁਰਬਾਣੀ ਵਿਚ ਵਿਚਾਰ ਦੀ ਸਮਤਾ ਕਾਰਣ ਹੀ ਭਗਤਬਾਣੀ ਨੂੰ ਉਸ ਵਿਚ ਥਾਂ ਮਿਲਿਆ। ਇਹ ਜ਼ਰੂਰ ਮਹੱਤਵ ਪੂਰਨ ਮਤ ਹੈ। ਸਿੱਖ

---

*ਸਿੱਖ ਇਤਿਹਾਸ ਤੇਜਾ ਸਿੰਘ ੩੧

† ,, ,, ਪੰਨਾ ੩੨

‡ਗੁਰਮਤ ਲੈਕਚਰ ਪਰਤਾਪ ਸਿੰਘ ਪੰਨਾ ੧੮੪



Digitized by Panjab Digital Library | www.panjabdigilib.org

ਧਰਮ ਦੇ ਇਕ ਉਘੇ ਵਿਦਵਾਨ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਭਗਤਾਂ ਤੇ ਗੁਰੂਆ ਦੀ ਬਾਣੀ ਵਿਚ ਭੇਦ ਦੇਖਣਾ ਆਪਣੀ ਭੁੱਲ ਹੈ।*

ਜੋ ਕੁਝ ਭੀ ਹੋਵੇ ਵਿਚਾਰ ਸਮਤਾ ਵਾਲੇ ਮਤ ਨਾਲ ਵਿਚਾਰ ਸਮਤਾ ਰਖਦੇ ਹੋਏ ਭੀ ਤਤਕਾਲੀਨ ਧਾਰਮਿਕ ਤੇ ਸਮਾਜਿਕ ਅਤੇ ਰਾਜਨੀਤਕ ਹਾਲਾਤ ਇਕ ਨਵੀਂ ਦਸ਼ਾ ਵਿਚ ਸੋਚਣ ਲਈ ਮਜਬੂਰ ਕਰਦੇ ਹਨ। ਧਾਰਮਕ ਖੇਤਰ ਵਿਚ ਗੁਰੂ ਗਰੰਥ ਦੇ ਸੰਪਾਦਨ ਤਕ ਸੰਤ ਮਤ ਵਿਚ ਹੀ ਪੰਥ ਨਿਰਮਾਣ ਦਾ ਜੁਗ ਆਰੰਭ ਹੋ ਚੁਕਿਆ ਸੀ। ਸੰਤ ਮਤ ਦੀ ਮਾਨਵਵਾਦੀ ਪਿਛੋਕੜ ਪੰਥ ਦੇ ਤੰਗ ਘੇਰੇ ਵਿਚ ਬੱਝ ਆਪਣਾ ਮਹਤਵ ਖੋਹ ਰਹਿਆ ਸੀ। ਗੁਰੁ ਨਾਨਕ ਕਾਫ਼ੀ ਭਰਮਣ ਸ਼ੀਲ ਵਿਅਕਤੀ ਰਹੇ ਹਨ। ਆਪਣੀਆਂ ਚਾਰੇ ਉਦਾਸੀਆਂ ਵਿਚ ਉਨ੍ਹਾਂ ਨੇ ਬੰਗਾਲ, ਉਤਰ ਪਰਦੇਸ਼, ਸਦੂਰ ਦੱਖਣ, ਮਹਾ ਰਾਸ਼ਟਰ ਤੇ ਅਫ਼ਗਾਨਸਤਾਨ ਦਾ ਭਰਮਣ ਕੀਤਾ ਸੀ। ਇਸ ਤਰ੍ਹਾਂ ਸਮਾਜਿਕ ਖੇਤਰ ਵਿਚ ਉਸ ਜੁਗ ਦੇ ਸੰਤਾਂ ਵਿਚੋਂ ਜਨ ਜੀਵਨ ਨਾਲ ਇਨਾ ਵਿਆਪਕ ਤੇ ਗੂੜ੍ਹਾ ਸਬੰਧ ਹੋਰ ਕਿਸੇ ਦਾ ਨਹੀਂ ਸੀ। ਉਨ੍ਹਾਂ ਨੇ ਜਮਾਨੇ ਦੀ ਨਾੜ ਨੂੰ ਠੀਕ ਤਰ੍ਹਾਂ ਪਹਿਚਾਣਿਆ ਸੀ। ਜੁਗ ਦੀ ਪੁਕਾਰ ਨੂੰ ਧਿਆਨ ਨਾਲ ਸੁਣਿਆ ਸੀ। ਇਸੇ ਲਈ ਗੁਰੂ-ਪਰਧਾਨ ਜੁਗ ਵਿਚ ਭੀ ਗੁਰੂਤਵ ਨੂੰ ਵਿਅਕਤਿਤਵ ਦੇ ਤੰਗ ਘੇਰੇ ਵਿਚ ਨਾ ਬੰਨ੍ਹਿਆ ਸਗੋਂ ਗੁਰੂ ਨਹੀਂ ਗੁਰੂ ਪਦ ਦਾ ਮਹਤਵ ਸਥਾਪਨ ਕਰਨਾ ਚਾਹਿਆ ਹੈ। ਤੇ ਪਰਵਰਤੀ ਗੁਰੂਆਂ ਨੇ ਭੀ ਇਹੋ ਹੀ ਕੀਤਾ। ਇਸੇ ਲਈ ਭੱਟਾਂ ਨੇ ਗੁਰੂ ਗਰੰਥ ਵਿਚ ਗੁਰੂ ਦੀ ਪ੍ਰਸੰਸਾ ਨਾ ਗਾ ਕੇ ਗੁਰੁ ਪਦ ਦੀ ਮਹੱਤਤਾ ਪ੍ਰਗਟਾਈ ਹੈ†। ਰਾਜਨੀਤਕ ਖੇਤਰ ਵਿਚ ਭੀ ਹਮਲਾਵਰ ਵਿਦੇਸ਼ੀ ਤਾਕਤ ਤੋਂ ਆਪਣੀ ਸੰਸਕ੍ਰਿਤੀ, ਧਰਮ ਤੇ ਦਰਸ਼ਨ ਹੀ ਕੀ ਆਪਣੇ ਦੈਨਕ ਜੀਵਨ ਦੀ ਸੁਰਖਿਆ ਤੇ ਸ਼ਾਂਤੀ ਪੂਰਣ ਸੁਖੀ ਤੇ ਸੰਪਨ ਸਮਾਜ ਦੀ ਸਥਾਪਨਾ ਲਈ ਜਿਸ ਕੌਮੀ ਏਕਤਾ ਦੀ ਲੋੜ ਸੀ ਉਸ ਲਈ ਭੀ ਉਸ ਸਮੇਂ ਬਾਰੇ ਹੀ ਮਹਾਨ ਚਿੰਤਕਾਂ ਦੀ ਬਾਣੀ ਨੂੰ ਇਕਠਾ ਰੱਖਣ ਦੀ ਲੋੜ ਸੀ। ਇਸੇ ਲਈ ਗੁਰੂ ਨਾਨਕ ਨੇ ਆਪਣੀ ਵਿਚਾਰਧਾਰਾ ਦਾ ਵੱਡੇ ਭੂ-ਖੰਡ ਵਿਚ ਤੇ ਵਧੇਰੇ ਜਨ ਸਮੂਹ ਵਿਚ ਪ੍ਰਚਾਰ ਕਰਨ ਲਈ ਜਿਥੇ ਭੀ ਗਏ

*ਭਗਤ ਬਾਣੀ ਸਟੀਕ ਜੋਧ ਸਿੰਘ ਭੂਮਿਕਾ

†ਵਿਸਤਾਰ ਲਈ ਦੇਖੋ ਲੇਖਕ ਦਾ ਪ੍ਰਬੰਧ ਪੰਨਾ ੭੦



Digitized by Panjab Digital Library | www.panjabdigilib.org

ਆਪਣੀ ਬਾਣੀ ਦੇ ਨਾਲ ਮੇਲ ਖਾਂਦੀ ਹੋਈ ਵਿਚਾਰ-ਧਾਰਾ ਵਾਲੀ ਬਾਣੀ ਨੂੰ ਇਕੱਠਾ ਕਰਦੇ ਰਹੇ। ਉਨਾਂ ਦੀ ਪ੍ਰਤਿਭਾ ਪ੍ਰਤਿ ਜਾਣ-ਪਛਾਣ ਜਿਥੇ ਇਕ ਪਾਸੇ ਕਬੀਰ ਦੇ ਕੌੜੇ ਤੇ ਪਰਹਾਰਕ ਸ਼ਬਦਾਂ ਦੇ ਤਿਆਗ ਵਿਚ ਹੈ ਉਥੇ ਨਾਮ-ਦੇਵ ਦੇ ਬੀਠਲ ਸਬੰਧੀ ਪਦਾਂ ਦੇ ਬਹਿਸਕਾਰ ਵਿਚ ਭੀ ਹੈ। ਸਾਰੇ ਧਰਮਾਂ ਵਿਚ ਆਪਣੇ ਮਾਨਵ ਧਰਮ ਦਾ ਪਰਚਾਰ ਹੈ, ਇਸ ਲਈ ਹਿੰਦੂ ਤੇ ਮੁਸਲਮਾਨ ਅਤੇ ਨਾ ਹਿੰਦੂ ਨਾ ਮੁਸਲਮਾਨ ਸਾਰੀਆਂ ਜਾਤੀਆਂ ਦੇ ਸੰਤਾਂ ਦੀਆਂ ਰਚਨਾਵਾਂ ਨੂੰ ਉਨ੍ਹਾਂ ਦੀ ਰਚਨਾ ਵਿਚ ਸਥਾਨ ਪ੍ਰਾਪਤ ਹੈ। ਆਮ ਜਨਤਾ ਨਾ ਤੇ ਵਿਦਵਾਨ ਹੁੰਦੀ ਹੈ ਨਾ ਹੀ ਉਚੇ ਵਰਗ ਦੀ-ਇਸੇ ਲਈ ਉਨ੍ਹਾਂ ਦੇ ਸੰਤਾਂ ਦੇ ਝੁਰਮਟਾਂ ਵਿਚ ਕੋਈ ਨਾਈ ਹੈ ਤੇ ਕੋਈ ਛੀਂਬਾ, ਕੋਈ ਜੁਲਾਹਾ ਹੈ ਤਾਂ ਕੋਈ ਰਾਜਾ ਹੈ, ਕੋਈ ਜੱਟ ਹੈ, ਤੇ ਕੋਈ ਚਮਾਰ, ਕੋਈ ਸ਼ੇਖ ਹੈ ਕੋਈ ਗੁਰੂ, ਤੇ ਚੇਲਿਆਂ ਦੀ ਤੇ ਕਮੀਂ ਹੀ ਕੋਈ ਨਹੀਂ। ਭਾਖਾ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਨੇ ਹਰੇਕ ਪ੍ਰਾਂਤ ਦੀ ਸਰਲ ਭਾਖਾ ਵਿਚ ਰਚਿਤ ਬਾਣੀ ਨੂੰ ਸਥਾਨ ਦਿੱਤਾ ਹੈ ਤਾਂ ਜੋ ਸੰਸਕ੍ਰਿਤ ਦੀ ਤਰ੍ਹਾਂ ਉਹ ਕੂਪ-ਜਲ ਨਾ ਬਣੀ ਰਹੇ। ਉਨ੍ਹਾਂ ਦੀ ਆਪਣੀ ਭਾਖਾ ਭੀ ਹਿੰਦੀ ਦੇ ਨੇੜੇ ਹੈ।†

ਇਨ੍ਹਾਂ ਸਾਰੀਆਂ ਗੱਲਾਂ ਤੋਂ ਇਹ ਸਪੱਸ਼ਟ ਹੈ ਕਿ ਭਿੰਨ ਭਿੰਨ ਪਰਾਂਤਾਂ ਦੇ ਆਪਣੇ ਪਹਿਲੇ ਜੀਵਨ ਵਿਚ ਵੱਖੋ ਵੱਖ ਸੰਪਰਦਾਵੋਂ ਨਾਲ ਸਬੰਧਿਤ ਤੇ ਲੰਮੇਂ ਸਮੇਂ ਦੇ (ਲੱਗ ਭਗ ਚਾਰ ਸੌ ਵਰ੍ਹਿਆਂ ਦੇ) ਸੰਪੂਰਣ ਉਤਰ ਭਾਰਤ ਦੇ ਪ੍ਰਤਿਨਿਧ ਸੰਤਾਂ ਨੇ ਆਪਣੇ ਗੁਰਮਤ ਦਾ ਸਹਭਾਗੀ ਬਣਾਉਣ ਦੇ ਕਾਰਨ ਉਨ੍ਹਾਂ ਦੀ ਬਾਣੀ ਦੇ ਸਹਯੋਗ ਨਾਲ ਇਕ ਦ੍ਰਿੜ ਸਮਾਜਿਕ ਸੰਗਠਨ ਦਾ ਨਿਰਮਾਣ ਕਰਨਾ ਅਤੇ ਆਪਣੇ ਸਿਧਾਂਤਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਸੀ। ਇਸੇ ਲਈ ਗੁਰੂ ਨਾਨਕ ਦੇ ਵਿਰੋਧ ਵਿਚ ਕਬੀਰ ਦਾ ਕੌੜਾਪਣ ਨਹੀਂ ਉਸਦੇ ਧਾਰਮਿਕ ਵਿਸ਼ਵਾਸਾਂ ਵਿਚ ਵੈਸ਼ਨਵਾ ਚਾਰੀਆਂ ਦੀ ਦਾਰਸ਼ਨਿਕਤਾ ਨਹੀਂ, ਉਸਦੇ ਜੀਵਨ ਬਿਤਾਉਣ ਵਿਚ ਜੋਗੀਆਂ ਦੀ ਸਰੀਰਕ ਕਸ਼ਟ ਭਰਪੂਰ ਸਾਧਨਾ ਨਹੀਂ, ਉਸਦੀ ਭਗਤੀ ਵਿਚ ਪੁਸ਼ਟੀ ਮਾਰਗ ਦਾ ਬਾਹਰੀ ਦਿਖਾਵਾ ਨਹੀਂ, 'ਉਸਦੇ ਨਾਮ ਸਮਰਣ ਵਿਚ ਵੈਸ਼ਨਵਾਂ ਵਾਲੀ ਤੋਤੇ ਰੱਟ ਨਹੀਂ, ਉਸਦੇ ਗਿਆਨ ਵਿਚ ਸ਼ੰਕਰ ਦਾ ਸੁੱਕਾ-ਪਨ ਨਹੀਂ ਤੇ

†ਗੁਰਮਤ ਪਰਕਾਸ਼ ਸਾਹਿਬ ਸਿੰਘ ਪੰਨਾਂ ੧੪।



Digitized by Panjab Digital Library | www.panjabdigilib.org

ਇਨ੍ਹਾਂ ਸਭ ਤੋਂ ਵਧਕੇ ਉਸਦੇ ਕਰਮ ਵਿਚ ਹਉਮੈ ਦਾ ਘੁਮੰਡ ਨਹੀਂ । ਇਹੋ ਕਾਰਣ ਹੈ ਕਿ, ਜਿਸਨੇ ਦੂਰ ਅੰਦੇਸ਼ੀ, ਜੁਗ ਨੇਤਾ ਗੁਰੂ ਨਾਨਕ ਨੂੰ ਸੰਤਾਂ ਦੀ ਬਾਣੀ ਨੂੰ ਆਪਣੀ ਬਾਣੀ ਦੇ ਨਾਲ ਇਕੱਠਾ ਕਰਨ ਤੇ ਸੁਰਖਿਅਤ ਕਰਨ ਦੀ ਪ੍ਰੇਰਣਾ ਦਿੱਤੀ ।

ਇਕ ਹੋਰ ਜ਼ਰੂਰੀ ਸਵਾਲ ਇਹ ਹੈ ਕਿ ਗੁਰੂ ਅਰਜਨ ਨੇ ਇਹ ਸੰਤ ਬਾਣੀ ਕਿਥੋਂ ਲੀਤੀ–ਇਸ ਵਿਸ਼ੇ ਸਬੰਧੀ ਹੇਠ ਲਿਖੇ ਮਤ ਪ੍ਰਸਤੁਤ ਹਨ ।

੧. ਭਗਤ ਆਤਮਾਵਾਂ ਨੂੰ ਪੁਕਾਰਿਆ ਤੇ ਉਨ੍ਹਾਂ ਤੋਂ ਲਿਖੀ*

੨. ਗੁਰੂ ਨੇ ਆਪ ਭਗਤਾਂ ਦੇ ਨਾਂ ਤੇ ਲਿਖੀ†

(੩) ਭਗਤ ਚੇਲਿਆਂ ਨੂੰ ਬੁਲਾਇਆ ਤੇ ਉਨ੍ਹਾਂ ਤੋਂ ਲਿਖੀ‡ ।

(੪) ਮੋਹਨ ਤੋਂ ਤੇ ਹੋਰ ਪ੍ਰਾਪਤ ਸੈਂਚੀਆਂ ਤੋਂ ਲਿਖੀ§ ।

(੫) ਬਹੁਤ ਸਾਰੀ ਬਾਣੀ ਗੁਰੂ ਅਮਰ ਦਾਸ ਨੇ ਤੇ ਥੋੜ੍ਹੀ ਜਿਹੀ ਗੁਰੂ ਅਰਜਨ ਨੇ ਇਕੱਠੀ ਕੀਤੀ ।()

(੬) ਸਾਰੀ ਭਗਤ ਬਾਣੀ ਆਪਣੀਆਂ ਉਦਾਸੀਆਂ ਵਿਚ ਗੁਰੂ ਨਾਨਕ ਨੇ ਇਕੱਠੀ ਕੀਤੀ ।[]

ਅੱਜ ਦੇ ਵਿਗਿਆਨਕ ਜੁਗ ਵਿਚ ਬੌਧਿਕ ਮਾਨਵ ਆਤਮਾ ਨੂੰ ਪੁਕਾਰ ਕੇ ਉਨ੍ਹਾਂ ਤੋਂ ਬਾਣੀ ਲਿਆਉਣ ਵਾਲੇ ਮਤ ਨੂੰ ਆਪਣੀ ਤਰਕ ਤੇ ਤਰਕ ਕਸੌਟੀ ਤੇ ਨਹੀਂ ਲਾਇਆ ਜਾ ਸਕਦਾ । ਦੂਜੇ ਮਤ ਦੀ ਨਿਰਬਲਤਾ ਇਸ ਤੋਂ ਆਪੇ ਸਿੱਧ ਹੁੰਦੀ ਹੈ ਕਿ ਜਿਸ ਗੁਰੂ ਨੇ ਆਪਣੇ ਨਾਂ ਤੇ ਹੀ ੨੩੦੦

---

*ਸੂਰਜ ਪਰਕਾਸ਼–ਰਾਸ–੩–ਅੰਸ਼ੂ ੪੨

†ਭਗਤ ਬਾਣੀ–ਪੰਡਿਤ ਤਾਰਾ ਸਿੰਘ ਭੂਮਿਕਾ

‡ਮੈਕਾਲਫ-ਸਿਖ ਰੀਲੀਜਨ–ਭੂਮਿਕਾ ਪੰਨਾ ੨੫, ਫਿਲਾਸਫ਼ੀ ਆਫ ਸਿਖ ਇਜ਼ਮ–ਸ਼ੇਰ ਸਿੰਘ ਪੰਨਾ ੫੬

§ਭਗਤ ਦਰਸ਼ਨ–ਪਰਤਾਪ ਸਿੰਘ ਪੰਨਾ ੬

()ਭਾਈ ਗੁਰਦਾਸ–ਹਰਿੰਦਰ ਸਿੰਘ ਰੂਪ–ਪੰਨਾ ੧੬

[]ਤਵਾਰੀਖ ਗੁਰੂ ਖਾਲਸਾ– ਗਿਆਨ ਸਿੰਘ ਪੰਨਾ ੭੩੬



Digitized by Panjab Digital Library | www.panjabdigilib.org

ਸ਼ਬਦ ਲਿਖੇ ਹਨ—ਉਸਨੂੰ ਕੀ ਲੋੜ ਸੀ ਕਿ ਆਪਣੀ ਹੀ ਹੋਰ ਬਾਣੀ ਨੂੰ ਭਗਤਾਂ ਦੇ ਨਾਂ ਹੇਠ ਰਖਦਾ—ਜਦ ਕਿ ਉਸਦੀ ਆਪਣੀ ਮਹੱਤਤਾ ਭਗਤਾਂ ਤੋਂ ਘੱਟ ਨਹੀਂ, ਵਧ ਹੀ ਹੈ। ਤੀਜਾ ਮਤ ਕਿ ਸਮਕਾਲੀਨ ਭਗਤ ਚੇਲਿਆਂ ਨੂੰ ਬੁਲਾ ਕੇ ਗੁਰੂ ਸਾਹਿਬ ਨੇ ਗੁਰੂ ਗਰੰਥ ਵਿਚ ਸੰਪਾਦਨ ਦੇ ਵੇਲੇ ਹੀ ਭਗਤਾਂ ਦੀ ਬਾਣੀ ਸੁਣੀ ਅਤੇ ਯੋਗ ਬਾਣੀ ਨੂੰ ਗੁਰੂ ਗਰਥ ਵਿਚ ਥਾਂ ਦਿਤੀ। ਬਿਨਾਂ ਕਿਸੇ ਪਰਿਮਾਣ ਦੇ ਸਬੂਤ ਨਹੀਂ ਇਸ ਲਈ ਜਿਥੇ ਕਿਤੇ ਪੁਰਾਣ ਸਿਖ ਧਰਮ ਗਰੰਥਾਂ ਵਿਚ ਗੁਰੂ ਗਰੰਥ ਦੇ ਸੰਪਾਦਨ ਦਾ ਵੰਰਣਨ ਮਿਲਦਾ ਹੈ, ਕਿਤੇ ਭੀ ਕਿਸੇ ਖਾਸ ਭਗਤ ਜਾਂ ਉਨ੍ਹਾਂ ਦੇ ਚੇਲਿਆਂ ਦਾ ਉਥੇ ਆ ਕੇ ਬਾਣੀ ਲਿਖਾਉਣ ਦਾ ਵਰਣਨ ਨਹੀਂ ਮਿਲਦਾ। ਇਨ੍ਹਾਂ ਸਭ ਤੋਂ ਵਧਕੇ ਅੰਤਾਸਾਖੀ ਇਸ ਦੇ ਵਿਰੁਧ ਹਨ।

ਜਿਹਾ ਕਿ ਅਸੀਂ ਅਗੇ ਵੇਖਾਂਗੇ ਡਾ: ਮੋਹਨ ਸਿੰਘ ਨੇ "ਗੁਰੂ ਨਾਨਕ ਤੇ ਕਬੀਰ ਦਾ ਕੋਈ ਪ੍ਰਭਾਵ ਨਹੀਂ ਅਤੇ ਗਰੰਥ ਵਿਚ ਪਰਣਿਤ ਉਨ੍ਹਾਂ ਦੀ ਬਾਣੀ ਦਾ ਭੀ ਕੋਈ ਮਹੱਤਵ ਨਹੀਂ", *ਐਸਾ ਸਿਧ ਕਰਨ ਦੇ ਪ੍ਰਯਤਨ ਵਿਚ ਕਿੰਨੇ ਹੀ ਤਥਾਂ ਨੂੰ ਉਲਟ ਫੇਰ ਕਰਕੇ ਸਾਡੇ ਸਾਹਮਣੇ ਇਹ ਨਤੀਜਾ ਰਖਿਆ ਕਿ "Kabir a low class Muslim, of whom so much is made and who is glorified as the father of this and founder of that, in actual

*'We can state unchallengeably that not only was no influence, personal or poetic, exercised on Nanak himself by Kabir, who predeceased him by at least 30 years......and whose writings the Sikh Guru preserved just for exemplificatory citation to demonstrate that spiritual regeneration and literary inspiration had come to many a lowborn through sheer love.' Mohan Singh; H.L. Page 27.



Digitized by Panjab Digital Library | www.panjabdigilib.org

practice never secured and received the Loyalty as the great Guru of any but the low-class Julahas and other such occupationists as the census-composition of Kabrites empty proves."*

ਇਹ ਸਿੱਧ ਕਰਨ ਦੇ ਯਤਨ ਵਿਚ ਉਨ੍ਹਾਂ ਨੇ ਲਿਖਿਆ ਕਿ ਤੀਜੇ ਗੁਰੂ ਅਮਰਦਾਸ ਪਹਿਲੇ ਵੈਸ਼ਨਵ ਪਦ ਤੇ ਵੀਹ ਵਾਰ ਉਨ੍ਹਾਂ ਨੇ ਹਰਦਵਾਰ ਦੀ ਪੈਦਲ ਯਾਤਰਾ ਕੀਤੀ ਸੀ, ਉਹ ਸਾਰੇ ਹੀ ਵੈਸ਼ਨਵ ਭਗਤਾਂ ਤੋਂ ਜਾਣੂ ਸਨ ਤੇ ਉਨ੍ਹਾਂ ਨੇ ਹੀ ਭਗਤ ਬਾਣੀ ਅਕੱਠੀ ਕੀਤੀ †

ਅਗੇ ਚਲ ਕੇ ਉਨ੍ਹਾਂ ਨੇ ਇਹ ਭੀ ਲਿਖਿਆ ਹੈ ਕਿ ਰਾਮਾਨੰਦ ਪਰੰਪਰਾ ਵਿਚ ਹੋਣ ਵਾਲੇ (Belonging to the house of Ramananda and all contemporaries) ਫਰੀਦ,ਜੈਦੇਵ, ਸਦਨਾ, ਨਾਮਦੇਵ, ਬੇਣੀ, ਰਾਮਾਨੰਦ, ਕਬੀਰ, ਤਿਰਲੋਚਨ- ਰਵਿਦਾਸ, ਧੰਨਾ, ਭੀਖਣ, ਸੈਨ, ਪੀਪਾ ਤੇ ਮੀਰਾਬਾਈ ਜਿਹੜੇ ਸਾਰੇ ਹੀ ਸਮਕਾਲੀ ਸਨ—ਉਨ੍ਹਾਂ ਦੀ ਤੇ ਪਰਮਾਨੰਦ ਤੇ ਸੂਰਦਾਸ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਸੰਗ੍ਰਹਿਤ ਹੈ। ਜਿਨ੍ਹਾਂ ਚੋਂ ਪਰਮਾਨੰਦ ਤੇ ਸੂਰਦਾਸ ਦੀ ਬਾਣੀ ਗੁਰੂ ਅਰਜਨ ਨੇ ਤੇ ਬਾਕੀ ਸਭ ਦੀ ਬਾਣੀ ਗੁਰੂ ਅਮਰਦਾਸ ਨੇ ਇਕੱਠੀ ਕੀਤੀ। ‡ਇਥੇ ਦਸੀਆਂ ਅਸ਼ੁਧ ਗੱਲਾਂ ਦਾ ਖੰਡਨ ਸਾਨੂੰ ਸਾਡੇ ਵਿਸ਼ੇ ਤੋਂ ਬਹੁਤ ਦੂਰ ਨਾ ਲੈ ਜਾਵੇ"§ ਇਸ ਲਈ ਇਥੇ ਕੇਵਲ ਅਸੀਂ ਇਸ ਵਿਚਾਰ ਨਾਲ ਸੰਬੰਧਿਤ ਹਾਂ ਕਿ ਭਗਤ ਬਾਣੀ ਕਿਸਨੇ ਇਕੱਠੀ ਕੀਤੀ, ਇਸ ਲਈ ਅੰਤਰ ਸਾਖ ਤਾਂ ਦ੍ਰਿਸ਼ਟੀ ਲਗਾਉਣੀ ਜ਼ਰੂਰੀ ਅਨੁਭਵ ਹੁੰਦੀ ਹੈ। ਸ਼ੇਖ ਫਰੀਦ ਦੀ ਬਾਣੀ ਨਾਲ ਗੁਰੂ ਨਾਨਕ ਦੀ ਬਾਣੀ ਦੀ ਤੁਲਨਾ ਕੀਤਿਆਂ ਸਪੱਸ਼ਟ ਪਤਾ ਲਗਦਾ ਹੈ ਕਿ

*Mohan Singh : H.L. Page 23.

†ਇਤਿਹਾਸ ਮੋਹਨ ਸਿੰਘ ਪੰਨਾ ੨੬

‡ ,, ,, ,, ,, ੩੫

§ਵਿਸਤਾਰ ਲਈ ਦੇਖੋ—ਪੰਜਾਬੀ ਸਾਹਿਤ ਦੇ ਇਤਿਹਾਸ ਦਾ ਲੇਖ "ਇਕ ਸਮੀਖਿਆ।"



Digitized by Panjab Digital Library | www.panjabdigilib.org

ਫਰੀਦ ਦੇ ੧੩੦ ਸ਼ਲੋਕਾਂ ਵਿਚੋਂ ਸ਼ਲੋਕ ਨੰ: ੧੩,੩੨,੫੨,੧੦੫,੧੧੩, ੧੨੦,੧੨੨,੧੨੩ ਤੇ ੧੨੪ ਗੁਰੂ ਨਾਨਕ ਤੇ ਗੁਰੂ ਅਮਰਦਾਸ ਨੇ ਉਸਦੀ ਵਿਆਖਿਆ ਵਿਚ ਲਿਖੇ ਹਨ* । ਇਤਨਾ ਹੀ ਨਹੀਂ, ਸੂਹੀ ਰਾਗ ਵਿਚ ਆਏ ਫ਼ਰੀਦ ਤੇ ਗੁਰੂ ਨਾਨਕ ਦੇ ਇਕ ਸ਼ਬਦ ਦੀ ਤੁਲਨਾ ਤੋਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਇਤਨੀ ਭਾਵ-ਸਮਤਾ ਅਤੇ ਸ਼ਬਦ-ਸੁਮੇਲ ਭੀ ਆਪਣੇ ਆਪ ਸੰਭਵ ਨਹੀਂ ।

ਇਸ ਤੋਂ ਇਹ ਸਪੱਸ਼ਟ ਹੈ ਕਿ ਆਪਣੀ ਉਦਾਸੀ ਵਿਚ ਗੁਰੂ ਨਾਨਕ ਨੇ ਫਰੀਦ ੧੧ਵੇਂ ਦੇ ਥਾਂ ਚੇਲੇ ਇਬਰਾਹੀਮ ਤੋਂ ਪਾਕਪਟਨ ਵਿਚ ਇਹ ਸ਼ਬਦ ਪ੍ਰਾਪਤ ਕੀਤੇ ਸਨ, ਜਿਸਦਾ ਵਰਣਨ ਉਨ੍ਹਾਂ ਦੀ ਪੂਰਬ ਪਰਦੇਸ਼ ਦੀ ਇਤਿਹਾਸਕ ਉਦਾਸੀ ਵਿਚ ਮਿਲਦਾ ਹੈ । ਇਨੇ ਤੋਂ ਇਹ ਪਰਤੱਖ ਹੈ ਕਿ ਨਾ ਕੇਵਲ ਅਮਰਦਾਸ ਸਗੋਂ ਗੁਰੂ ਨਾਨਕ ਕੋਲ ਭੀ ਆਪਣੀ ਰਚਨਾ ਵੇਲੇ ਸ਼ੇਖ ਫ਼ਰੀਦ ਦੀ ਇਹ ਬਾਣੀ ਮੌਜੂਦ ਸੀ ਜਿਸਦੀ ਉਨ੍ਹਾਂ ਨੇ ਵਿਆਖਿਆ ਭੀ ਕੀਤੀ ਹੈ ਤੇ ਪ੍ਰਯੋਗ ਭੀ ।

ਭਗਤ ਬੇਣੀ ਦੇ ਗੁਰੂ ਗਰੰਥ ਵਿਚ ਕੇਵਲ ਤਿੰਨ ਹੀ ਸ਼ਬਦ ਮਿਲਦੇ ਹਨ-ਪਹਿਲਾ ਸਿਰੀ ਰਾਗ ਵਿਚ, ਦੂਜਾ ਰਾਮਕਲੀ ਵਿਚ, ਤੀਜਾ ਪਰਭਾਤੀ ਵਿਚ । ਗੁਰੂ ਨਾਨਕ ਦੇ ਭੀ ਇਨ੍ਹਾਂ ਤਿੰਨਾਂ ਰਾਗਾ ਵਿਚ ਮਿਲਣ ਵਾਲੇ ਇਨ੍ਹਾਂ ਹੀ ਭਾਵਾਂ ਦੇ ਸ਼ਬਦਾਂ ਵਿਚ ਤੁਕਾਂ ਤੇ ਪਦਾਂ ਤਕ ਦਾ ਸੁਮੇਲ ਮਿਲਦਾ ਹੈ । ਉਹੋ ਇਕੋ ਵਿਚਾਰ-ਗੁਰੂ ਨਾਨਕ ਦੇ ਸ਼ਬਦਾ ਵਿਚ ਬਹੁਤ ਸਰਲ ਤੇ ਸਪੱਸ਼ਟ ਭਾਖਾ ਵਿਚ ਪ੍ਰਗਟਾਇਆ ਗਇਆ ਹੈ-ਇਨ੍ਹਾ ਹੀ ਦੋਹਾ ਵਿਚ ਬਨਾਵਟ ਭੀ ਇਕੋ ਜਿਹੀ ਹੈ ਤੇ ਦੋਹਾਂ ਵਿਚ ਪੰਜ ਪਦ ਤੇ ਚਾਰ ਤੁਕਾਂ ਹਨ।

ਸ਼ਬਦ ਸੁਮੇਲ:—ਅਹਿਨਿਸਿ ਚੇਤਿ ਸੰਜਮ ਆਦਿ

ਪਦ ਸਮੇਲ:—ਊਰਧ ਧਿਆਨ ਲਿਵ ਲਾਗੈ (ਬੇਣੀ)

ਊਰਧ ਧਿਆਨ ਲਿਵ ਲਾਗੈ (ਨਾਨਕ-੧)

ਇਸ ਤੋਂ ਇਹ ਸਪੱਸ਼ਟ ਹੈ ਕਿ ਆਪਣੀ ਰਚਨਾ ਕਰਨ ਵੇਲੇ ਗੁਰੂ ਨਾਨਕ ਕੋਲ ਬੇਣੀ ਦੇ ਤਿੰਨੇ ਹੀ ਪਦ ਸਨ ।†

---

*ਗੁਰਮਤ ਪ੍ਰਕਾਸ਼-ਸਾਹਿਬ ਸਿੰਘ ਪੰਨਾ ੨੨

†ਗੁਰਮਤ ਪਰਕਾਸ਼ ਪੰਨਾ ੪੩



Digitized by Panjab Digital Library | www.panjabdigilib.org

ਰਵੀਦਾਸ ਦੀ ਬਾਣੀ ਤੋਂ ਭੀ ਸੂਖਮ ਦ੍ਰਿਸ਼ਟੀ ਨਾਲ ਪਤਾ ਲੱਗਦਾ ਹੈ ਕਿ ਧਨਾਸਰੀ ਰਾਗ ਵਿਚ ਗੁਰੂ ਨਾਨਕ ਦੀ ਆਰਤੀ ਤੇ ਉਨ੍ਹਾਂ ਦੀ ਆਰਤੀ ਦਾ ਵਿਸ਼ੇਸ਼ ਪ੍ਰਭਾਵ ਹੈ* ।

ਵਿਸ਼ਲੇਸ਼ਣਾਤਮਕ ਅਧਿਐਨ ਕਰਨ ਤੇ ਪਤਾ ਲਗਦਾ ਹੈ ਕਿ ਸਾਰੇ ਗਰੰਥ ਵਿਚ. 'ਉਰਜਾ' ਸ਼ਬਦ ਦੀ ਵਰਤੋਂ ਕੇਵਲ ਦੋ ਵਾਰ ਹੋਈ ਹੈ—ਇਕ ਰਵਿਦਾਸ ਦੀ ਆਰਤੀ ਵਿਚ ਤੇ ਦੂਜੀ ਗੁਰੂ ਨਾਨਕ ਦੀ ਬਾਣੀ ਵਿਚ । ਇਹ ਸ਼ਬਦ ਪੰਜਾਬੀ ਦਾ ਨਹੀਂ ਤੇ ਫੇਰ ਭੀ ਗੁਰੂ ਨਾਨਕ ਦੀ ਰਚਨਾ ਵਿਚ ਮਿਲਦਾ ਹੈ, ਜਿਸ ਤੋਂ ਸਪਸ਼ਟ ਹੈ ਕਿ ਇਹ ਰਵਿਦਾਸ ਤੋਂ ਹੀ ਲੀਤਾ ਗਇਆ ਹੈ । ਗੁਰੂ ਗਰੰਥ ਵਿਚ ਰਵੀਦਾਸ ਦੇ ੪੦ ਸ਼ਬਦ ਹਨ । ਗੁਰੂ ਨਾਨਕ ਹੀ ਨਹੀਂ, ਗੁਰੂ ਅਮਰਦਾਸ ਦੇ ਭੀ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਣ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਭੀ ਇਸ ਬਾਣੀ ਦਾ ਪ੍ਰਯੋਗ ਕੀਤਾ ਹੈ । ਇਸ ਤੋਂ ਸਪਸ਼ਟ ਹੈ ਕਿ ਇਹ ਬਾਣੀ ਆਪਣੀ ਰਚਨਾ ਕਰਦੇ ਹੋਏ ਦੋਵਾਂ ਗੁਰੂਆਂ ਕੋਲ ਸੀ ।

ਭਗਤ ਜੈਦੇਵ ਦੇ ਗੁਰੂ ਗਰੰਥ ਵਿਚ ਦੋ ਸ਼ਬਦ ਹਨ । ਇਕ ਰਾਗ ਗੁਜਰੀ ਤੇ ਦੂਜਾ ਰਾਗ ਮਾਰੂ ਵਿਚ ਗੁਰੂ ਨਾਨਕ ਨੇ ਭੀ ਇਸੇ ਭਾਵ ਦੇ ਇਨ੍ਹਾਂ ਹੀ ਰਾਗਾਂ ਵਿਚ ਸ਼ਬਦਾਂ ਨੂੰ ਵੇਖਣ ਤੇ ਹੇਠ ਲਿਖੀਆਂ ਗੱਲਾਂ ਮਿਲਦੀਆਂ ਹਨ ।

(੧) ਦੋਵੇਂ ਸ਼ਬਦ (ਰਾਗ ਗੂਜਰੀ ਵਿਚ) ਘਰ ਚਾਰ ਵਿਚ ਹਨ ।

(੨) ਦੋਹਾਂ ਵਿਚ ਹੀ ਰੱਬ ਦੇ ਨਾਮ ਸਿਮਰਣ ਦੀ ਪ੍ਰੇਰਣਾ ਦਿਤੀ ਗਈ ਹੈ । ਤੇ ਛੰਦਾਂ ਦੀ ਚਾਲ ਲ਼ਗ ਭਗ ਇਕੋ ਜਿਹੀ ਹੈ ।

(੩) ਦੋਹਾਂ ਵਿਚ ਕਈ ਸ਼ਬਦ ਭੀ ਮਿਲਦੇ ਹਨ । ਜੈਦੇਵ ਪੰਨਾ ੫੨੬ ਅਤੇ ਪੰਨਾ ੧੧੦੬ ਦੇ ਸ਼ਬਦਾਂ ਦੀ ਤੁਲਨਾ ਕਰਮਵਾਰ ਗੁਰੂ ਨਾਨਕ ਦੇ ਪੰਨਾ ੫੦੫ ਤੇ ਘਰ ਚੌਥਾ ਦੇ ਪਹਿਲੇ ਸ਼ਬਦ ਅਤੇ ਪੰਨਾ ੯੯੧ ਤੇ ਸ਼ਬਦ ਸੰਖਿਆ ੯, "ਸੂਰ ਸਰੁ ਸੋਸਿਲੇ' ਨਾਲ ਕਰਨੀ ਚਾਹੀਦੀ ਹੈ । ਇਤਨਾ ਹੀ ਨਹੀਂ—ਜਿਥੇ ਜੈਦੇਵ ਨੇ ਸਿਫਤ ਸਲਾਹ ਕਰਨ ਦੇ ਲਾਭ ਦੱਸੇ ਹਨ—ਉਥੇ ਗੁਰੂ ਨਾਨਕ ਨੇ ਉਨ੍ਹਾਂ ਦਾ ਢੰਗ ਦਸਿਆ ਹੈ । ਜੈਦੇਵ ਨੂੰ ਸੰਬੋਧਨ ਕਰਦੇ ਹੋਏ ਕਹਿਆ ਹੈ ਕਿ 'ਸਿਫਤਿ ਸਲਾਹ' ਤੋਂ ਮਨ

*ਗੁਰਮਤ ਪਰਕਾਸ਼ ਪੰਨਾ ੫੦



Digitized by Panjab Digital Library | www.panjabdigilib.org

ਦੀ ਚੰਚਲਤਾ ਨਸ਼ਟ ਹੋ ਸਕਦੀ ਹੈ, ਜਿਨੀ ਡੂੰਘਾਈ ਨਾਲ ਸ਼ਬਦਾਂ ਤੇ ਵਿਚਾਰ ਕੀਤਾ ਜਾਵੇ—ਉਨਾ ਹੀ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਕੋਲ ਇਹ ਸ਼ਬਦ ਮੌਜੂਦ ਹਨ । ਸੰਭਵ ਹੈ ਉਨ੍ਹਾਂ ਨੇ ਆਪਣੀ ਪੂਰਬ ਦੇਸ਼ ਦੀ ਉਦਾਸੀ ਵਿਚ ਉਨ੍ਹਾਂ ਦੇ ਕਿਸੇ ਚੇਲੇ ਤੋਂ ਇਹ ਪਾਏ ਹੋਣ* ।

ਇਨ੍ਹਾਂ ਸਾਰੀਆਂ ਅੰਤਰ ਸਾਖੀਆਂ ਦੇ ਆਧਾਰ ਤੇ ਹੇਠ ਲਿਖੇ ਸਿੱਟੇ ਨਿਕਲਦੇ ਹਨ :

੧. ਸਾਰੀ ਭਗਤ ਬਾਣੀ ਗੁਰੂ ਅਰਜਨ ਦੇਵ ਨੇ ਨਹੀਂ ਸੰਗ੍ਰਿਹਤ ਕੀਤੀ—

੨. ਇਨ੍ਹਾਂ ਚਾਰਾਂ ਭਗਤਾਂ ਦੀ ਬਾਣੀ ਗੁਰੂ ਅਮਰ ਦਾਸ ਤੋਂ ਪਹਿਲਾਂ ਗੁਰੂ ਨਾਨਕ ਕੋਲ ਸੀ ।

੩. ਇਸ ਭਗਤ ਬਾਣੀ ਦਾ ਗੁਰੂ ਨਾਨਕ ਤੇ ਗੁਰੂ ਅਮਰ ਦਾਸ ਨੇ ਆਪਣੀ ਬਾਣੀ ਵਿਚ ਲੋੜ ਅਨੁਸਾਰ ਪ੍ਰਯੋਗ ਭੀ ਕੀਤਾ ।

੪. ਵਧੇਰੇ ਭਗਤ ਬਾਣੀ ਗੁਰੂ ਨਾਨਕ ਨੇ ਆਪ ਹੀ ਇਕੱਠੀ ਕੀਤੀ ਤੇ ਆਪਣੀ ਬਾਣੀ ਨਾਲ ਅੰਕਿਤ ਭੀ ਕਰਵਾਈ ।

੫. ਇਸੇ ਲਈ ਗੁਰਬਾਣੀ ਦੇ ਨਾਲ ਨਾਲ ਵਧੇਰੇ ਭਗਤ ਬਾਣੀ ਸ਼ਿਸ਼ ਪਰੰਪਰਾ ਵਿਚ ਹੀ ਗੁਰੂ ਅਰਜਨ ਨੂੰ ਪ੍ਰਾਪਤ ਹੋਈ ।

ਆਖਰੀ ਸਿੱਟਾ ਬਾਣੀ ਦੀ ਪ੍ਰਾਮਾਣਿਕਤਾ ਦੀ ਦ੍ਰਿਸ਼ਟੀ ਨਾਲ ਮਹਤਤਾ ਪੂਰਣ ਹੈ, ਕਿਉਂਕਿ ਗੁਰੂ ਨਾਨਕ ਨੂੰ ਉਹ ਬਾਣੀ ਜਿਸ ਰੂਪ ਵਿਚ ਮਿਲੀ ਸੀ ਉਸੇ ਰੂਪ ਵਿਚ ਗੁਰੂ ਗਰੰਥ ਵਿਚ ਅੰਕਿਤ ਹੋ ਗਈ ਤੇ ਅੱਜ ਤੱਕ ਉਸ ਵਿਚ ਕਿਸੇ ਤਬਦੀਲੀ ਦਾ ਸ਼ੰਕਾ ਨਹੀਂ ਪ੍ਰਗਟ ਹੁੰਦਾ । ਇਸ ਵਿਸ਼ੇ ਵਿਚ ਪ੍ਰੋ: ਸਾਹਿਬ ਸਿੰਘ ਦਾ ਆਖਰੀ ਮੱਤ ਹੈ ਕਿ ਗੁਰੂ ਨਾਨਕ ਆਪਣੀਆਂ ਉਦਾਸੀਆਂ ਵਿਚ ਜਿਧਰ ਕਿਧਰੇ ਗਏ ਉਧਰ ਹੀ ਪਰਮੁਖ ਸੰਤਾਂ ਦੀ ਆਪਣੇ ਵਿਚਾਰਾਂ ਨਾਲ ਮੇਲ ਖਾਂਦੀ ਹੋਈ ਬਾਣੀ ਨੂੰ ਆਪਣੀ ਬਾਣੀ ਦੇ ਨਾਲ ਨਾਲ ਇਕੱਠਾ ਕਰਦੇ ਚਲੇ ਗਏ । ਇਸ ਤਰ੍ਹਾਂ ਸੰਤਾਂ ਦੀ ਬਾਣੀ ਨੂੰ ਭੀ ਆਪਣੀ ਬਾਣੀ ਦੀ ਤਰ੍ਹਾਂ ਮਹਤਤਾ ਪੂਰਣ ਤੇ ਵਿਅਕਤਿਤਵ ਦੀ ਤੰਗ ਦ੍ਰਿਸ਼ਟੀ ਤੋਂ

*ਗੁਰਮਤ ਪਰਕਾਸ਼—ਪੰਨਾ ੬੬



Digitized by Panjab Digital Library | www.panjabdigilib.org

ਉਪਰ ਉਠ ਕੇ ਲੋੜਾਂ ਅਨੁਸਾਰ ਉਸਦੀ ਵਰਤੋਂ ਭੀ ਕੀਤੀ। ਇਸ ਤਰ੍ਹਾਂ ਸਾਰੇ ਸੰਤਾਂ ਦੀ ਬਾਣੀ ਗੁਰੂ ਨਾਨਕ ਨੇ ਆਪ ਹੀ ਇਕਠੀ ਤੇ ਸੁਰਿਖਿਅਤ ਕੀਤੀ ਸੀ।*

ਜੇ ਕਰ ਅਤਰ ਸਾਖੀਆਂ ਦੇ ਹੁੰਦੇ ਹੋਏ ਬਾਹਰਲੀਆਂ ਸਾਖੀਆਂ ਦੀ ਲੋੜ ਨਹੀਂ ਹੁੰਦੀ ਤਾਂ ਭੀ ਆਪਣੇ ਕਥਨ ਦੇ ਪਰਿਮਾਣ ਵਿਚ ਪ੍ਰੋਫੈਸਰ ਸਾਹਿਬ ਸਿੰਘ ਨੇ ਕੇਵਲ ਚਾਰ ਸੰਤਾਂ ਦੀ ਬਾਣੀ ਤੋਂ ਉਦਾਹਰਣ ਦੇ ਕੇ ਇਹ ਸਿਧ ਕੀਤਾ ਹੈ ਕਿ ਉਨ੍ਹਾਂ ਦੀ ਬਾਣੀ ਗੁਰੂ ਨਾਨਕ ਕੋਲ ਜ਼ਰੂਰ ਸੀ। ਪਰੰਤੂ ਸਿੱਟਾ ਕੁਝ ਵਧ ਹੀ ਕਢ ਲਇਆ ਹੈ ਕਿ ਗੁਰੂ ਨਾਨਕ ਨੇ ਹੀ ਸਾਰੇ ਸੰਤਾਂ ਦੀ ਬਾਣੀ ਇਕੱਤਰ ਕੀਤੀ—ਜਦ ਕਿ ਇਹ ਗੱਲ ਬਹੁਤ ਜ਼ਿਆਦਾ ਠੀਕ ਨਹੀਂ ਮੰਨੀ ਜਾ ਸਕਦੀ। ਕਿਉਂ ਕਿ ਤੀਜੇ ਗੁਰੂ ਦੇ ਪੋਤਰੇ ਸਹਸਰ ਰਾਮ ਪਹਿਲੇ ਦੂਜੇ ਅਤੇ ਤੀਜੇ ਗੁਰੂ ਦੀ ਪੰਦਰਹਾਂ ਰਾਗਾਂ ਵਿਚ ਲਿਖੀ ਬਾਣੀ ਦੇ ਨਾਲ ਭਗਤਾਂ ਦੀ ਭੀ ਇਨ੍ਹਾਂ ਪੰਦਰਹਾਂ ਰਾਗਾਂ ਵਿਚ ਬਾਣੀ ਮਿਲਦੀ ਹੈ। ਗੁਰੂ ਗਰੰਥ ਦੇ ਆਧਾਰ ਸਰੂਪ ਇਹੋ ਸਭ ਤੋਂ ਪੁਰਾਣੀਆਂ ਤੇ ਪ੍ਰਾਮਾਣਿਕ ਸਮਝੀਆਂ ਜਾਣ ਵਾਲੀਆਂ ਗੋਇੰਦਵਾਲ ਦੀਆਂ ਪੋਥੀਆਂ ਪ੍ਰਸਿਧ ਹਨ।† ਇਨ੍ਹਾਂ ਵਿਚੋਂ ਇਕ ਮਾਹੀਆ ਪੁਰ (ਜ਼ਿਲਾ ਹੁਸ਼ਿਆਰਪੁਰ) ਵਿਚ ਦੱਸੀ ਜਾਂਦੀ ਹੈ। ਕਬੀਰ ਦੀ ਬਾਣੀ ਇਨ੍ਹਾਂ ਪੰਦਰਹਾਂ ਰਾਗਾਂ ਤੋਂ ਵਧ ਰਾਗ ਬਿਹਾਗੜਾ ਵਿਚ (੧ ਸ਼ਲੋਕ), ਰਾਗ ਗੌਂਡ ਵਿਚ (੨ ਸ਼ਬਦ) ਤੇ ਰਾਗ ਕਿਦਾਰਾ ਵਿਚ (੬ ਸ਼ਬਦ) ਮਿਲਦੇ ਹਨ। ਇਸ ਤਰੀਕੇ ਨਾਲ ਨਾਮਦੇਵ ਦੇ ਰਾਗ ਕਾਲੜਾ ਵਿਚ (੧ ਸ਼ਬਦ) ਮਾਲੀ ਗੌੜਾ ਵਿਚ (੩ ਸ਼ਬਦ) ਰਾਗ ਗਉੜ ਵਿਚ (੭ ਸ਼ਬਦ) ਤੇ ਰਾਗ ਟੋਡੀ ਵਿਚ (੩ ਸ਼ਬਦ) ਅਤੇ ਰਵੀਦਾਸ ਦੇ ਭੀ ਰਾਗ ਜੈਤਸਰੀ ਵਿਚ (੧ ਸ਼ਬਦ) ਰਾਗ ਕਿਦਾਰਾ ਵਿਚ (ਇਕ ਸ਼ਬਦ) ਰਾਗ ਗਉਂਡ ਵਿਚ (੨ ਸ਼ਬਦ) ਮਿਲਦੇ ਹਨ। ਇਨ੍ਹਾਂ ਰਾਗਾਂ ਵਿਚ ਗੁਰੂ ਨਾਨਕ ਦੀ ਬਾਣੀ ਨਹੀਂ ਮਿਲਦੀ। ਇਸ ਲਈ ਇਹ ਮਲੂਮ ਹੁੰਦਾ ਹੈ ਕਿ ਇਹ ਬਾਣੀਆਂ ਗੁਰੂ ਨਾਨਕ ਸਾਹਿਬ ਨੇ ਨਹੀਂ ਇਕੱਠੀਆਂ ਕੀਤੀਆਂ ਹੋਣੀਆਂ ਕਿਉਂ ਕਿ ਜਿਨ੍ਹਾਂ ਰਾਗਾਂ ਵਿਚ ਉਹਨਾਂ ਦੀ ਆਪਣੀ ਬਾਣੀ ਹੀ ਨਹੀਂ ਮਿਲਦੀ

---

*ਗੁਰਮਤ ਪਰਕਾਸ਼—ਪੰਨਾ ੫

†ਇਤਿਹਾਸ -- ਤੇਜਾ ਸਿੰਘ ਪੰਨਾ ੩੦



Digitized by Panjab Digital Library | www.panjabdigilib.org

ਉਨ੍ਹਾਂ ਰਾਗਾਂ ਵਿਚ ਦੂਜੇ ਭਗਤਾਂ ਦੀ ਬਾਣੀ ਕਿਉਂ ਕਿ ਇਕੱਠੀ ਕੀਤੀ ਹੋਵੇਗੀ ਇਸ ਲਈ ਇਹ ਮੰਨ ਲੈਣਾ ਗਲਤ ਨਹੀਂ ਕਿ ਇਹ ਬਾਣੀਆਂ ਤੀਜੇ ਤੇ ਪੰਜਵੇਂ ਗੁਰੂ ਨੇ ਹੀ ਇਕੱਤਰ ਕੀਤੀਆਂ ਹੋਣਗੀਆਂ ਨਾ ਕੇ ਗੁਰੂ ਨਾਨਕ ਦੇਵ ਨੇ। ਬਾਕੀ ਦੇ ਗੁਰੂਆਂ ਦੀਆਂ ਸਾਰੀਆਂ ਬਾਣੀਆਂ ਉਨ੍ਹਾਂ ਹੀ ਰਾਗਾਂ ਵਿਚ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੀ ਤੇ ਵਧੇਰੇ ਸਮਤਾ ਹੋਣ ਕਾਰਣ ਉਨ੍ਹਾਂ ਦੇ ਗੁਰੂ ਨਾਨਕ ਦੁਆਰਾ ਹੀ ਇਕੱਤਰ ਕੀਤਾ ਮੰਨ ਲੈਣਾ ਠੀਕ ਹੀ ਜਾਪਦਾ ਹੈ। ਇਸ ਢੰਗ ਨਾਲ ਅੰਤਰ ਸਾਖੀਆਂ ਦੇ ਆਧਾਰ ਤੇ ਇਨ੍ਹਾਂ ਜ਼ਰੂਰ ਕਹਿਆ ਜਾ ਸਕਦਾ ਹੈ ਕਿ ਸੰਤ ਬਾਣੀ ਵਿਚੋਂ ਵਧੇਰੇ ਪਹਿਲੇ ਗੁਰੂ ਨੇ ਹੀ ਇਕੱਤਰ ਕੀਤੀ ਤੇ ਪੰਜਵੇਂ ਗੁਰੂ ਨੇ ਭੀ ਕੁਝ ਬਾਣੀ ਨੂੰ ਥਾਂ ਦਿੱਤੀ—ਪਰੰਤੂ ਇਨਾਂ ਜ਼ਰੂਰ ਹੈ ਕਿ ਵਿਰੋਧੀ ਵਿਚਾਰ ਧਾਰਾ ਵਾਲੀ ਬਾਣੀ ਗੁਰੂ ਅਰਜਨ ਨੇ ਨਹੀਂ ਸੰਗ੍ਰਹਿਤ ਕੀਤੀ ਕਿਉਂਕਿ ਗਰੰਥ ਲਿਖੇ ਜਾਣ ਤੇ ਕਾਹਨਾ, ਪੀਲੂ, ਛੱਜੂ ਅਤੇ ਸ਼ਾਹ ਹੁਸੈਨ ਗਰੰਥ ਵਿਚੋਂ ਆਪਣੀ ਬਾਣੀ ਨੂੰ ਸਥਾਨ ਦਿਲਵਾਉਣ ਲਈ ਪੰਜਵੇਂ ਗੁਰੂ ਦੇ ਪਾਸ ਆਏ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਾਣੀ ਉੱਚਾਰਣ ਕਰਨ ਲਈ ਕਹਿਆ। ਕਾਹਨਾ ਬੋਲੇ

ਉਹੀ ਰੇ ਮੈਂ ਉਹੀ ਰੇ ਜਾ ਕੋ ਵੇਦ ਪੁਰਾਣ,
ਜਸ ਗਾਵੈ ਖੋਜ ਦੇਖੋਂ ਮਤ ਕੋਈ ਰੇ ॥

ਅਹੰ ਪ੍ਰਧਾਨ ਹੋਣ ਦੇ ਕਾਰਣ ਗੁਰੂ ਸਾਹਿਬ ਨੇ ਗਰੰਥ ਵਿਚ ਉਸ ਦੀ ਬਾਣੀ ਨੂੰ ਸਥਾਨ ਦੇਣ ਤੋਂ ਇਨਕਾਰ ਕਰ ਦਿਤਾ। ਪੀਲੋ ਬੋਲੇ,

ਅਸਾਂ ਨਾਲੋਂ ਸੋ ਭਲੈ ਜਮਦਿਆਂ ਮਰ ਗਯੇ
ਚਿਕੜ ਪੈਰ ਨਾ ਬੋਝਿਆ ਨਾ ਆਲੂਦ ਭਏ।

'ਆਸ਼ਾਵਾਦੀ ਸਿਖ-ਧਰਮ ਵਿਚ ਨਿਰਾਸ਼ਾਪੂਰਣ ਬਾਣੀ ਦਾ ਕੋਈ ਸਥਾਨ ਨਹੀਂ। ਇਸ ਲਈ ਗਰੰਥ ਸਾਹਿਬ ਵਿਚ ਇਸਨੂੰ ਭੀ ਸਥਾਨ ਨਹੀਂ ਮਿਲ ਸਕਦਾ-ਇਹ ਕਹਿ ਕੇ ਗੁਰੂ ਜੀ ਨੇ ਛੱਜੂ ਦੀ ਤਰਫ ਧਿਆਨ ਦਿੱਤਾ।

ਕਾਗਦ ਸੰਦੀ ਪੁਤਰੀ ਤਉ ਨਾ ਤ੍ਰਿਆ ਨਿਹਾਰ।

ਪਰੰਤੂ ਸਿਖ ਧਰਮ ਇਸਤਰੀ ਅਤੇ ਪੁਰਸ਼ ਦੋਹਾਂ, ਅਰਥਾਤ ਗ੍ਰਹਿਸਤ ਧਰਮ, ਗ੍ਰਹਸਤ ਜੀਵਨ ਦੇ ਬਿਨਾਂ ਮਾਨਵ ਜੀਵਨ ਨੂੰ ਪੂਰਣ ਨਹੀਂ ਸਮਝਦਾ। ਅਜਿਹੀ ਅਵਸਥਾ ਇਨ੍ਹਾਂ ਇਸਤਰੀ ਵਿਰੋਧੀ ਵਿਚਾਰਾਂ ਨੂੰ ਗੁਰੂ 'ਗਰੰਥ' ਵਿਚ



Digitized by Panjab Digital Library | www.panjabdigilib.org

ਕਿਵੇਂ ਅੰਕਿਤ ਕਰਦੇ । ਆਲਚੋਨਾਵਾਂ ਨੂੰ ਸੁਣ ਸ਼ਾਂਤ ਸ਼ਾਹ ਹੁਸੈਨ ਬੋਲੇ:—

ਚੁਪ ਵੇ ਅੜਿਆ ਚੁਪ ਵੇ ਅੜਿਆ ।
ਬੋਲਨ ਦੀ ਨਹੀਂ ਜਾ ਵੇ ਅੜਿਆ ।
ਸੱਜਣਾ ਬੋਲਣ ਦੀ ਜਾ ਨਾਹੀਂ ।
ਅੰਦਰ ਬਾਹਰ ਇਕਾ ਸਾਈਂ ।
ਕਿਸ ਨੂੰ ਆਖ ਸੁਣਾਈ ।
ਇਕੋ ਦਿਲਬਰ ਸਭ ਰਵਿਆ
ਦੂਜਾ ਨਹੀਂ ਕਿਦਾਈਂ ।
ਕਹੇ ਹੁਸੈਨ ਫਕੀਰ ਨਿਮਾਨਾ,
ਸਤਿਗੁਰੂ ਤੋਂ ਬਲ ਬਲ ਜਾਈਂ ।

ਭਗਵਾਨ ਦੇ ਉਪਦੇਸ ਨੂੰ ਅਗਿਆਨੀ ਪੁਰਖ ਤੱਕ ਨਾ ਪਹੁੰਚਾਉਣਾ ਅਤੇ ਮੌਨ ਬਣੇ ਰਹਿਣਾ ਭੀ ਸਿਖ ਧਰਮ ਦੇ ਉਦੇਸ਼ਾਂ ਤੋਂ ਬਾਹਿਰ ਹੈ। ਇਸ ਲਈ ਗਰੰਥ ਵਿਚ ਇਸ ਨੂੰ ਭੀ ਥਾਂ ਨਾ ਮਿਲ ਸਕਿਆ । ਇਸ ਪ੍ਰਕਾਰ ਉਨ੍ਹਾਂ ਨੇ ਇਨ੍ਹਾਂ ਚਾਰ ਵਿਅਕਤੀਆਂ (ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ) ਦੀ ਬਾਣੀ ਨੂੰ ਗੁਰੂ ਗਰੰਥ ਵਿਚ ਥਾਂ ਨਹੀਂ ਦਿਤੀ । ਠੀਕ ਹੈ—ਪਹਿਲਾ ਤੋਂ ਅੰਕਿਤ ਕੁਝ ਬਾਣੀ ਜਿਸ ਦਾ ਕਿ ਥੋੜਾ ਬਹੁਤ ਵਿਚਾਰ ਭੇਦ ਹੁੰਦਿਆਂ ਕਈਆਂ ਕਾਰਣਾਂ ਦੀ ਠੀਕ ਵਿਆਖਿਆ ਜਾਂ ਆਲੋਚਨਾ ਨਹੀਂ ਹੋ ਸਕੀ ਸੀ, ਪੰਜਵੇਂ ਗੁਰੂ ਅਰਜਨ ਨੇ ਇਹਨੂੰ ਆਪਣਾ ਕਰਤਵ ਸਮਝ ਕੇ ਉਨ੍ਹਾਂ ਦੀ ਆਲੋਚਨਾ ਕੀਤੀ ਤੇ ਰਹਿੰਦੀ ਭਗਤ ਬਾਣੀ ਨੂੰ ਉਸੇ ਤਰ੍ਹਾਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਕਰਵਾਇਆ । ਵਿਦਵਾਨ ਦੂਰ ਦਰਸ਼ੀ ਪੰਜਵੇਂ ਗੁਰੂ ਅਰਜੁਨ ਦੇਵ ਨੇ ਇਸ ਦਾ ਮਹਤਵ ਸਮਝਿਆ ਤਥਾ ਕਠਿਨ ਅਤੇ ਮਹਾਨ ਕੰਮ ਦਾ ਭਾਰ ਅਪਾਣੇ ਕੰਧਿਆਂ ਤੇ ਲੈ ਕੇ ਗਰੰਥ ਨੂੰ ਸੁਚਾਰੂ ਰੂਪ ਨਾਲ ਸੰਗ੍ਰਹਿਤ ਕਰਕੇ ਲਿਖਿਆ । ਪਰ ਸਿਖ-ਧਰਮ ਅਤੇ ਸੰਤ ਪਰੰਪਰਾ ਦਾ ਇਕ ਮਹਾਨ ਉੱਤਰਦਾਇਤਵ, ਪੂਰਣ ਕੰਮ ਕਰਕੇ ਆਪਣੇ ਜਨਮ ਨੂੰ ਸਫਲ ਬਣਾਇਆ । ਇਸ ਗਰੰਥ ਦੇ ਸੰਪਾਦਨ ਦਾ ਪ੍ਰਧਾਨਤਮ ਕਾਰਣ ਦਾ ਦਿਗ-ਦਰਸ਼ਨ ਉਪਰ ਕਰਾਇਆ ਗਇਆ ਹੈ । ਸਾਥ ਹੀ ਇਸ ਦਾ ਕਾਰਣ ਇਹ ਭੀ ਸੀ ਕਿ ਸਿਖ ਧਰਮ ਵਿਚ ਦਸੇ ਗੁਰੂ ਇਕ ਹੀ ਜਿਓਤੀ ਦਾ ਰੂਪ ਮੰਨੇ



Digitized by Panjab Digital Library | www.panjabdigilib.org

ਗਏ ਹਨ । ਸੁ, ਉਨ੍ਹਾਂ ਦਾ ਇਕ-ਵਿਧਾਨ ਤਾਂ ਹੀ ਹੋ ਸਕਦਾ ਹੈ ਜਦੋਂ ਕਿ ਉਨ੍ਹਾਂ ਦੀ ਬਾਣੀ ਵਿਚ ਮਤ-ਭੇਦ ਨਾ ਹੋਵੇ । ਪੰਜਵੇਂ ਗੁਰੂ ਨੇ ਪੂਰਵ ਗੁਰੂਆਂ ਦੀ ਬਾਣੀ ਦਾ ਇਕ ਹੀ ਸੰਦੇਸ਼, ਇਕ ਹੀ ਰੂਪ ਵਿਚ ਪਹੁੰਚਾਉਣ ਦੇ ਲਈ ਭੀ ਇਸ ਸੰਪਾਦਨ ਦੀ ਆਵਸ਼ਕਤਾ ਨੂੰ ਅਨੁਭਵ ਕੀਤਾ । ਸਭ ਤੋਂ ਵਡੀ ਗਲ ਇਹ ਹੈ ਕਿ ਮਹਾਨ ਪੁਰਖ ਦੈਵੀ ਪ੍ਰਤਿਭਾ ਲੈ ਕੇ ਆਉਂਦੇ ਹਨ ਅਤੇ ਚਲੇ ਜਾਂਦੇ ਹਨ, ਆਪਣੀ ਬਾਣੀ ਦੇ ਮਾਧਿਅਮ ਨਾਲ ਮਾਨਵ ਮਾਤਰ ਨੂੰ ਸ਼ਾਸ਼ਵਿਤ ਸੰਦੇਸ਼ ਦੇ ਕੇ । ਉਹ ਬਾਣੀ ਯੁਗ ਯਗ ਤਕ ਅਮਰ ਰਹਿ ਕੇ ਉਨ੍ਹਾਂ ਦੀ ਚਿਰ-ਵਿਲੀਨ ਜਿਉਤੀ ਦਾ ਪ੍ਰਕਾਸ਼ ਫੈਲਾਂਦੀ ਰਹਿੰਦੀ ਹੈ । ਗੁਰੂ ਨੇ ਅਨੁਭਵ ਸਿਧ ਬਾਣੀ ਦੀ ਪਵਿਤ੍ਰਤਾ ਅਤੇ ਮਹਾਨਤਾ ਦੀ ਰਖਸ਼ਾ ਦੇ ਲਈ ਹੀ ਇਸ ਗਰੀਬ ਦੇ ਸੰਪਾਦਨ ਕਰਨ ਦੀ ਅਵਸ਼ਕਤਾ ਅਨੁਭਵ ਕੀਤੀ ।

ਇਸ ਦਾ ਸੰਪਾਦਨ ਕਦੋਂ ਹੋਇਆ ? ਇਸ ਵਿਸ਼ੈ ਤੇ ਸਿਖ ਇਤਿਹਾਸ-ਕਾਰ ਅਤੇ ਸ਼ੋਧ ਕਰਤਾ ਬਾਹਰੀ ਆਧਾਰ ਤੇ ਕੇਵਲ ਇਤਨਾ ਕਹਿ ਕੇ ਹੀ ਸ਼ਾਂਤ ਹੋ ਜਾਂਦੇ ਹਨ ਕਿ ਸੰਮਤ ੧੬੬੧ ਭਾਦੋਂ ਸੁਦੀ ਏਕਮ ਨੂੰ ਸੰਪਾਦਨ ਦਾ ਕੰਮ ਪੂਰਣ ਕਰਕੇ ਹਰਿਮੰਦਰ ਅਮ੍ਰਿਤਸਰ ਵਿਚ, ਭਾਈ ਬੁਢਾ ਜੀ ਨੂੰ ਗਰੰਥੀ ਨਿਯੁਕਤ ਕਰਕੇ ਇਸ ਦਾ ਪਰਕਾਸ਼ ਕੀਤਾ ।

ਦਸ਼ਮ ਗੁਰੂ ਦੇ ਦਿਵਾਨ ਭਾਈ ਗੁਰਬਖਸ਼ ਸਿੰਘ ਛਿੱਬਰ ਦੀ ਵੰਸ਼ ਪਰੰਪਰਾ ਵਿਚ ਭਾਈ ਕੇਸਰ ਸਿੰਘ ਛਿੱਬਰ ਨੇ ਸੰਮਤ ੧੮੨੬ ਵਿਚ 'ਬੰਸਾਵਲੀ ਨਾਮਾ' (ਦਸਾਂ ਪਾਦਸ਼ਾਹੀਆਂ ਦਾ) ਲਿਖਿਆ ਜਿਹੜਾ ਹੁਣ ਤੱਕ ਖਾਲਸਾ ਕਾਲਜ, ਅੰਮਿਰਤਸਰ ਦੇ ਸ਼ੋਧ ਵਿਭਾਗ ਵਿਚ ਅਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੈ । ਉਸਤੋਂ ਹੇਠ ਲਿਖੇ ਤਤਾਂ ਦਾ ਧਿਆਨ ਹੁੰਦਾ ਹੈ ।

ਸੰਮਤ ੧੬੪੬ ਵਿਚ ੨੨ ਹਾੜ ਦੇ ਦਿਨ ਗੰਗਾ ਨੂੰ ਵਿਆਹ ਕੇ ਗੁਰੂ ਘਰ ਆਏ ਸਨ । (ਇਹ ਉਨ੍ਹਾਂ ਦਾ ਦੂਜਾ ਵਿਆਹ ਸੀ ਪਹਿਲਾ ਵਿਆਹ ਰਾਮ ਦੇਵੀ ਨਾਲ ਹੋ ਚੁਕਿਆ ਸੀ) ਅਤੇ ਇਸ ਵਿਆਹ ਦੇ ਪਿਛੋਂ ਹੀ ਸਰਸਵਤੀ ਦੇਵੀ ਦੇ ਵਰਦਾਨ ਨਾਲ ਚਾਰ ਲਿਖਾਰੀਆਂ ਨੂੰ ਪਾਸ ਬਠਾ ਕੇ ਗੁਰੂ ਜੀ ਸਭ ਗੁਰੂਆਂ ਦੀ ਬਾਣੀ ਨੂੰ ਲਿਖਾਉਣ ਲੱਗੇ ।

ਇਸ ਪ੍ਰਕਾਰ ਸੰਮਤ ੧੬੪੬ ਹਾੜ ਤੋਂ ਲੈ ਕੇ ਸੰਮਤ ੧੬੫੮ ਤਕ ੧੧



Digitized by Panjab Digital Library | www.panjabdigilib.org

ਸਾਲ ਤਥਾ ਗੁਰੂ ਨੇ (ਭਾਈ ਰਾਮ ਦਾਸ ਦੀ ਨਿਗਰਾਨੀ ਵਿਚ) ਭਾਈ ਸੰਤ ਦਾਸ, ਹਰਿਆ, ਸੁਖਾ ਅਤੇ ਮਨਸਾ ਰਾਮ ਨੂੰ ਬਾਣੀ ਲਿਖਵਾਈ ਅਤੇ ਉਸਨੂੰ ਕਰਮ ਬਧ ਕੀਤਾ। ਇਹ ਸਾਰਾ ਕੰਮ ਗੁਰਦਾਸ ਦੀ ਨਿਗਰਾਨੀ ਵਿਚ ਹੋਇਆ, ਕਿਉਂਕਿ ਗੁਰੂ ਅਰਜਨ ਜਿਨ੍ਹਾਂ ਯਾਰਾਂ ਸਾਲਾਂ ਵਿਚ ਕੰਮਾਂ ਕਾਰਣ ਬਾਹਰ ਭੀ ਜਾਂਦੇ ਰਹੇ ਸਨ। ਤਦ ਸਾਰੀ ਬਾਣੀ ਨੂੰ ਗੁਰੂ ਨੇ ਫਿਰ ਭਾਈ ਗੁਰਦਾਸ ਤੋਂ ਲਿਖਾਇਆ ਜਿਸ ਤੇ ਤਿੰਨ ਸਾਲ ਲੱਗੇ। ਇਸ ਪ੍ਰਕਾਰ ਗੁਰੂ ਗਰੰਥ ਦੇ ਨਿਰਮਾਨ ਵਿਚ ੧੪ ਸਾਲ ਲੱਗੇ।

ਸਬਤ ਸੋਲਹਾਂ ਸੌ ਅਠਾਵਨ ਸੇ ਗਏ ਤਬ ਆਦਿ ਗੁਰੂ ਜੀ ਜਨਮ ਲਏ ॥
ਗੁਰੂ ਅਰਜਨ ਜੀ ਕੇ ਧਰਮ ਗਰੰਥ ਸਾਹਿਬ ਜਨਮ ਹੈ ਧਾਰਾ। ਦਰਇਆ ਭੀ ਭਾਈ ਗੁਰਦਾਸ ਲਿਖਾਰੀ ਖਿਡਾਵਨਹਾਰਾ ॥ ੨੬੬ ॥*

ਇਸ ਤਰ੍ਹਾਂ ਗੁਰੂ ਤੇ ਸੰਤ ਬਾਣੀ ਨੂੰ ਇਕੱਠਾ ਕਰਕੇ ਆਪਣੀ ਜ਼ਿੰਦਗੀ ਦੇ ਅਖੀਰਲੇ ਵਰ੍ਹਿਆਂ ਵਿਚ ਦੂਰ ਦਰਸ਼ੀ ਗੁਰੂ ਅਰਜਨ ਨੇ ਇਸ ਮਹੱਤਵ ਪੂਰਣ ਕੰਮ ਨੂੰ ਕ੍ਰਿਆਤਮਕ ਰੂਪ ਦੇਣਾ ਸ਼ੁਰੂ ਕੀਤਾ। ਸੰਮਤ ਸੋਲ੍ਹਾਂ ਸੌ ਅਠਵੰਜਾ ੧੬੫੮ ਵਿਚ ਜਦ ਉਹ ਸੰਸਾਰਕ ਕੰਮਾਂ ਅਤੇ ਉਦਾਸੀਆਂ ਤੋਂ ਵੇਹਲੇ ਹੋ ਕੇ ਅੰਮ੍ਰਿਤਸਰ ਪੁਜੇ ਤਾਂ ਉਨ੍ਹਾਂ ਨੇ ਰਾਮਸਰ ਬਣਾਇਆ, ਉਸੇ ਦੇ ਕਿਨਾਰੇ ਗੁਰੂ ਅਰਜਨ ਦੇਵ ਬਾਣੀ ਉਚਾਰਦੇ ਗਏ ਤੇ ਭਾਈ ਗੁਰਦਾਸ ਲਿਖਦੇ ਗਏ। ਇਸ ਤਿੰਨ ਵਰ੍ਹਿਆਂ ਦੀ ਅਨਥੱਕ ਮਿਹਨਤ ਨਾਲ ਆਦਿ ਗਰੰਥ ਦੇ ਪੂਰਾ ਹੋਣ ਤੇ ਭਾਦੋਂ ਸੁਦੀ ਏਕਮ ਸੰਮਤ ੧੬੬੧ ਨੂੰ ਹਰਮੰਦਰ ਸਾਹਿਬ ਵਿਚ ਉਸਦਾ ਪ੍ਰਕਾਸ਼ ਕਰਾਇਆ।† ਇਸ ਦੀ ਵਡਿਆਈ ਗੁਰੂ ਜੀ ਨੇ ਭਾਈ ਬੁਢਾ ਨੂੰ ਦਿਤੀ ਜਿਹੜਾ ਕਿ ਪਹਿਲੇ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਾਰੇ ਗੁਰ ਵਿਅਕਤੀਆਂ ਦਾ ਧਾਰਮਿਕ ਸਾਥੀ ਹੋਣ ਦੇ ਨਾਲ ਨਾਲ ਉਨ੍ਹਾਂ ਦੇ ਅਤਿ ਨੇੜੇ ਰਹਿਆ ਸੀ। ਗੁਰੂ ਗਰੰਥ ਖੋਲ੍ਹਦਿਆਂ ਹੀ ਪਹਿਲਾ ਸ਼ਬਦ ਦੇਖਿਆ,

---

*੧੪ਵਾਂ ਚਰਣ, 'ਵੰਸਾਵਲੀ ਨਾਮਾ' (ਅਪ੍ਰਕਾਸ਼ਿਤ) ਕੇਸਰ ਸਿੰਘ ਛਿੱਬਰ (ਸੁਰਿਖਿਅਤ ਖੋਜ ਵਿਭਾਗ ਖਾ: ਕਾ: ਅੰਮ੍ਰਿਤਸਰ)

†ਗੁਰੂ ਸੂਰਜ ਪਰਕਾਸ਼—ਪੰਨਾ ੨੧੫੦

‡ਪੰਨਾ ੬੨੩ ਮਹੱਲਾ (੫) ੧



Digitized by Panjab Digital Library | www.panjabdigilib.org

'ਵਿਚ ਕਰਤਾ ਪੁਰਖ ਖਲੋਇਆ' ॥

ਜਾਂ

'ਸੰਤਾਂ ਦੇ ਕਾਰਜ ਆਪ ਖਲੋਆ। ਕੰਮ ਕਰਾਵਨ ਆਇਆ ਰਾਮ ॥'

ਇਹ ਸ਼ਬਦ ਸੁਭਾਗ ਸੂਚਕ ਸਿਧ ਹੋਏ। ਆਦਿ-ਗਰੰਥ ਨੂੰ ਕਦੋਂ ਕਿਸ ਨੇ ਉਥੋਂ ਚੁਕਿਆ ? ਇਹ ਅਜੇ ਖੋਜ ਦਾ ਹੀ ਵਿਸ਼ੈ ਹੈ। ਉਸਦੇ ਇਤਿਹਾਸ ਬਾਰੇ ਇਨਾਂ ਹੀ ਪਤਾ ਲਗਦਾ ਹੈ ਕਿ ਵੰਸ ਪਰੰਪਰਾ ਵਿਚ ਉਹਨੇ ਗੁਰੂ ਗਦੀ ਦੇ ਨਾਲ ਰਹਿ ਕੇ ਸੋਢੀ ਵੰਸ਼ ਦੀ ਹੀ ਦੂਜੀ ਪੀਹੜੀ ਦੇ ਵਿਅਕਤੀਆਂ ਕੋਲ ਪਿਤਾ-ਪੁਰਖੀ ਜਾਇਦਾਦ ਦੇ ਰੂਪ ਵਿਚ ਚਲਿਆ ਆ ਰਹਿਆ ਹੈ। ਜਿਹੜਾ ਅਜ ਭੀ ਕਰਤਾਰ ਪੁਰ ਦੇ ਸੋਢੀਆਂ ਕੋਲ ਸੁਰਖਿਅਤ ਹੈ ਤੇ ਹਰ ਇਕ ਸੰਗਰਾਂਦ ਨੂੰ ਇਸਦੇ ਦਰਸ਼ਨ ਕਰਵਾਏ ਜਾਂਦੇ ਹਨ। ਇਸ ਵਿਸ਼ੈ ਵਿਚ ਇਤਿਹਾਸ ਏਨਾ ਹੀ ਦਸਦਾ ਹੈ ਕਿ ਨਾਵੇਂ-ਗੁਰੂ ਦੇ ਵਿਰੋਧੀਆਂ ਨੇ ਉਨ੍ਹਾਂ ਨੂੰ ਇਕੱਲਾ ਦੇਖ ਕੇ ਉਨ੍ਹਾਂ ਤੇ ਹਮਲਾ ਕਰਕੇ ਉਨ੍ਹਾਂ ਦਾ ਘਰ ਲੁੱਟ ਲਇਆ। ਫਿਰ ਗੁਰੂ ਦੇ ਸਾਥੀਆਂ ਦੇ ਆਉਣ ਤੇ ਬਦਲਾ ਲੈਣ ਲਈ ਗੁਰੂ ਭਗਤਾਂ ਨੇ ਵਿਰੋਧੀਆਂ ਨੂੰ ਲੁਟਿਆ ਤੇ ਉਸਦੇ ਵਿਚ ਹੀ ਆਦਿ ਗੁਰੂ ਗਰੰਥ ਆ ਗਇਆ। ਇਹ ਪਤਾ ਲਗਣ ਤੇ ਗੁਰੂ ਸਾਹਿਬ ਨੇ ਗੁਰੂ ਗਰੰਥ ਨੂੰ ਮੋੜਨਾ ਹੀ ਠੀਕ ਸਮਝਿਆ, ਸ਼ਾਇਦ ਆਦਰ ਦੇ ਦ੍ਰਿਸ਼ਟਿਕੋਣ ਤੋਂ ਇਹ ਸੋਚ ਬਿਆਸ ਨਦੀ ਪਾਰ ਕਰਦਿਆਂ ਹੋਇਆਂ ਗੁਰੂ ਗਰੰਥ ਨੂੰ ਨਦੀ ਦੇ ਕਿਨਾਰੇ ਸੁਰਖਿਅਤ ਸਥਾਨ ਦੇ ਰੱਖ ਉਨ੍ਹਾਂ ਨੂੰ ਤੁਨੇਹਾ ਭੇਜ ਦਿੱਤਾ ਕਿ ਆਪਣੀ ਪਿਤਰੀ ਜਾਇਦਾਦ ਪਵਿਤਰ ਆਦਿ ਗਰੰਥ ਨੂੰ ਵਾਪਸ ਲੈ ਜਾ ਸਕਦੇ ਹਨ। ਕਹਿੰਦੇ ਹਨ ਉਸ ਵੇਲੇ ਦਾ ਹੀ ਇਹ ਗਰੰਥ ਉਨ੍ਹਾਂ ਕੋਲ ਚਲਿਆ ਆਉਂਦਾ ਹੈ। ਸੰਭਵ ਹੈ— ਆਦਿ ਗਰੰਥ ਦਾ ਹਰਮੰਦਰ ਵਿਚ ਪ੍ਰਕਾਸ਼ ਹੋਣ ਦੇ ਮਗਰੋਂ ਉਹ ਗੁਰੂ ਸਾਹਿਬ ਦੇ ਕੋਲ ਹੀ ਪਇਆ ਰਹਿੰਦਾ ਹੋਵੇਗਾ ਅਤੇ ਛੇਵੇਂ ਸਤਵੇਂ ਜਾਂ ਅਠਵੇਂ ਗੁਰੂ ਦੇ ਸਮੇਂ ਕਈ ਕਾਰਣਾਂ ਤੋਂ ਗੁਰੂ ਨੂੰ ਨਾ ਮਿਲਕੇ, ਉਨ੍ਹਾਂ ਦੇ ਕਿਸੇ ਭਰਾ ਨੂੰ ਮਿਲ ਗਇਆ ਹੋਵੇਗਾ। ਇਸ ਕਰਕੇ ਅੱਜ ਤਕ ਸੋਢੀ ਵੰਸ਼ ਵਿਚ ਮਿਲਦਾ ਹੈ। ਕਿਉਂਕਿ ਇਹ ਸੋਢੀ ਵੰਸ਼ ਗੁਰੂ ਪਰੰਪਰਾ ਨਾਲ ਹੀ ਸੰਬੰਧਤ ਹੈ। ਜੋ ਕੁਝ ਭੀ ਹੋਵੇ ਮਹਤਤਾ ਇਸ ਗਲ ਦੀ ਹੈ ਕਿ ਗੁਰੂ ਗਰੰਥ ਆਪਣੇ ਉਸੇ ਰੂਪ ਵਿਚ ਸੁਰਖਿਅਤ ਹੈ। ਇਹ ਸਿਖ ਧਰਮ ਦੀ ਨਹੀਂ ਸਾਹਿਤਕ ਜਗਤ ਲਈ



Digitized by Panjab Digital Library | www.panjabdigilib.org

ਪ੍ਰਸੰਨਤਾ ਦਾ ਸੋਮਾ ਹੈ । ਪੰਜਵੇਂ ਗੁਰੂ ਅਰਜਨ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਦੇਸ਼ ਦੀ ਸਾਮਾਜਿਕ ਦੁਰਦਸ਼ਾ ਨੇ ਅਧਿਆਤਮਕ ਗੁਰੂਆਂ ਨੂੰ ਸਾਮਾਜਿਕ ਅਤੇ ਰਾਜਨੀਤਕ ਸੁਤੰਤਰਤਾ ਲਈ ਪੁਕਾਰਿਆ। 'ਸਮੇਂ ਸਥਾਨ ਤੇ ਹਾਲਾਤ ਦੇ ਅਨੁਕੂਲ ਆਪਣੇ ਆਪ ਨੂੰ ਪਰਿਵਰਤਿਤ ਨਾ ਕਰਨਾ ਬੁਧੀਮਤਾ ਦੀ ਨਿਸ਼ਾਨੀ ਨਹੀਂ ਇਹ ਸੋਚਦਿਆਂ ਗੁਰੂ ਆਪਣੇ ਅਧਿਆਤਮਕ ਜੀਵਨ ਵਿਚ ਹੀ ਸਾਮਾਜਿਕ ਤੇ ਰਾਜਨੀਤਕ ਫਰਜਾਂ ਨੂੰ ਪੂਰਾ ਕਰਦੇ ਹੋਏ ਆਪਣੇ ਗਿਰਦ ਵਿਅਕਤਿਤਵ ਨੂੰ ਉਤਾਰਦੇ ਰਹੇ ਕਿਉਂਕਿ ਅਤਿਆਚਾਰਾਂ ਦਾ ਵਿਰੋਧ ਨਾ ਕਰਨਾ ਅਹਿੰਸਾ ਨਹੀਂ ਸਗੋਂ ਅਤਿਆਚਾਰੀ ਦੇ ਬੁਰੇ ਹੌਸਲੇ ਨੂੰ ਵਧਾਣਾ ਹੀ ਹੈ ਅਤੇ ਅਤਿਆਚਾਰ ਨੂੰ ਵਧਨ ਦੇਣਾ ਮਨੁਖੀ ਜੀਵਨ ਦਾ ਸਭ ਤੋਂ ਵੱਡਾ ਪਾਪ ਹੈ । ਇਸੇ ਲਈ ਸਮਰਥ ਗੁਰੂ ਸ਼ਕਤੀਸ਼ਾਲੀ ਅਤਿਆਚਾਰੀ ਤਾਕਤਾਂ ਨਾਲ ਟੱਕਰ ਲੈਂਦੇ ਰਹੇ । ਕੁਨਬੇ ਸਮੇਤ ਉਨ੍ਹਾਂ ਦੇ ਬਹੁਤ ਬੁਰੇ ਪਾਪਾਂ ਦੇ ਸ਼ਿਕਾਰ ਭੀ ਹੋਏ ਪਰ ਧਰਮ ਨਾ ਛਡਿਆ । ਆਨ ਨਾ ਜਾਣ ਦਿਤੀ । ਤੇ ਉਨ੍ਹਾਂ ਦੀ ਕੁਰਬਾਣੀ ਦੀ ਕਹਾਣੀ ਦਾ ਸਿੱਟਾ ਹੈ ਕਿ ਸੰਸਾਰ ਦੀਆਂ ਤਾਕਤਵਰ ਜਾਤਾਂ ਵਿਚ ਪਰਮੁਖ ਸਿਖ ਜਾਤੀ ਦਾ ਜਨਮ ਸੰਸਾਰ ਦੀ ਹਰ ਵਸਤੂ ਵਾਂਗ ਹਰੇਕ ਜਾਤੀ ਨੂੰ ਭੀ ਬਹੁਤ ਦੇਰ ਜੀਵਤ ਰਹਿਣ ਲਈ ਦ੍ਰਿੜ ਬੁਨਿਆਦ ਦੀ ਲੋੜ ਹੁੰਦੀ ਹੈ।

ਮਨੁਖੀ ਜੀਵਨ ਦੀ ਦ੍ਰਿੜ੍ਹਤਾ ਚੰਗੀ ਤਰ੍ਹਾਂ ਨਾਲ ਬਣੇ ਹੋਏ ਵਿਚਾਰਾਂ ਤੇ ਕ੍ਰਿਆਤਮਕਰੂਪ ਦੇ ਉੱਤੇ ਨਿਰਭਰ ਹੁੰਦੀ ਹੈ। ਦਸਵੇਂ ਗੁਰੂ ਜੀਵਨ ਭਰ ਅਤਿਆਚਾਰੀ ਔਰੰਗਜ਼ੇਬ ਨਾਲ ਲੜਦੇ ਗੜਦੇ ਰਹੇ ਤਾ ਭੀ ਉਨ੍ਹਾਂ ਨੇ ਬਾਣੀ ਉਚਾਰਣ ਦਾ ਕੰਮ ਨਹੀਂ ਛਡਿਆ, ਬੁਧੀ ਵਿਚ ਰਾਜਨੀਤੀ ਤੇ ਬਾਹਾਂ ਵਿਚ ਤਾਕਤ, ਕੰਮ ਵਿਚ ਸਾਮਾਜਿਕਤਾ ਤੇ ਆਤਮ ਵਿਚ ਅਧਿਆਤਮਕਤਾ ਰਖਦੇ ਹੋਏ ਉਨ੍ਹਾਂ ਦੀ ਅਨੋਖੀ ਵਿਅਕਤੀ ਸੀ, ਜਿਸਨੇ ਸੰਕਟ* ਦੇ ਸਮੇਂ ਦੀ ਪੁਕਾਰ ਦਾ ਉੱਤਰ ਹੱਸ ਕੇ ਦਿੱਤਾ । ਇਹੋ ਮਹਾਨ ਪੁਰਖਾਂ ਦੇ ਜੀਵਨ ਦੀ ਸਫਲਤਾ ਦਾ ਰਹਸ ਹੁੰਦਾ ਹੈ। ਪਵਿਤਰ ਆਤਮਾ ਨੂੰ ਪਰਮਾਤਮਾ ਦੇ ਪੁਕਾਰ ਸਮੇਂ ਉਹ ਕੁਝ ਚਿਰ ਪਹਿਲਾਂ ਹੀ ਸੁਣਾਈ ਦੇ ਜਾਂਦੀ ਹੈ । ਯੋਗ ਪੁਤਰ ਤੇ ਚੇਲੇ

*ਵਿਪਾਦਿ ਧੈਰਯਮ (ਭ਼ਰਤਰੀ ਹਰੀ)



Digitized by Panjab Digital Library | www.panjabdigilib.org

ਦੇ ਅਭਾਵ ਨੂੰ ਉਨ੍ਹਾਂ ਨੇ ਅਨੁਭਵ ਕੀਤਾ ਜਿਹੜਾ ਕਿ ਜਾਤੀ ਕੁਟੰਬੀ ਸਾਮਾਜਿਕ ਧਾਰਮਿਕ ਅਤੇ ਰਾਜਨੀਤਕ ਵਿਰੋਧ ਦਾ ਮੁਕਾਬਲਾ ਕਰਦੇ ਹੋਏ ਇਨ੍ਹਾਂ ਸਭ ਤੋਂ ਉਤੇ ਆਪਣੇ ਨਿਰਲੇਪ ਅਧਿਆਤਮਕ ਜੀਵਨ ਨੂੰ "ਪਦਮ ਪਤਰਮਿਵ ਭਸ (ਪਾਣੀ ਵਿਚ ਕੰਵਲ ਦੇ ਪੱਤਰ ਵਾਂਗ) ਬਣਾ ਕੇ ਗੁਰੂ ਨਾਨਕ ਦੀ ਜੋਤ ਨੂੰ ਜਗਾ ਜਗ ਵਿਚ ਜਗਾਉਂਦੇ ਰਹੇ। ਰਾਜਨੀਤਕ ਸ਼ਾਂਤੀ ਅਤੇ ਸਾਮਾਜਿਕ ਸੁੱਖਾਂ ਦੇ ਵਧਣ ਫੁਲਣ ਦੇ ਵੇਲੇ ਹੀ ਅਧਿਆਤਮਕਤਾ ਰੂਪ ਨਿਖਾਰ ਸਕਦੀ ਹੈ। ਇਸ ਲਈ ਗੁਰੂ ਨੇ ਸ਼ਿਸ਼ ਸਮਾਜ ਦੇ ਸੰਗਠਨ ਨੂੰ ਨਿਯਮਾਂ ਵਿਚ ਬੰਨ੍ਹ ਤੋਂ ਕਾਬੂ ਪਾ ਸਿਖ ਧਰਮ ਨੂੰ ਜਨਮ ਦਿੱਤਾ ਤੇ ਪੂਰਬ ਗੁਰੂਆਂ ਦੇ ਜੋਤੀ ਸਰੂਪ ਆਦਿ ਗਰੰਥ ਵਿਚ ਆਪਣੇ ਪਿਤਾ ਨਾਵੇਂ ਗੁਰੂ ਦੀ ਬਾਣੀ ਨੂੰ ਮਿਲਾਕੇ ਤੇ ਉਸਨੂੰ ਆਪਣੀ ਗੁਰੂ ਜੋਤੀ ਨਾਲ ਰੁਸ਼ਨਾ ਕੇ 'ਸ੍ਰੀ ਗੁਰੂ ਗਰੰਥ ਸਾਹਿਬ' ਜੀ ਬਣਾ ਦਿੱਤਾ। ਇਸ ਤਰ੍ਹਾਂ ਉਚਿਤ ਦੇ ਦੇਹਧਾਰੀ ਗੁਰੂ ਦੇ ਅਭਾਵ ਵਿਚ ਗੁਰੂ ਜੋਤੀ ਨਾਲ ਰੋਸ਼ਨ ਕੀਤਾ ਹੋਇਆ ਗੁਰੂ ਗਰੰਥ ਹੀ ਚੇਲਿਆਂ ਨੂੰ ਸਦਾ ਰੋਸ਼ਨ ਕਰਨ ਲਈ ਗੁਰੂ ਬਣਾ ਗਇਆ ਕਿਉਂਕਿ,

"ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ,
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋਂ ਗਰੰਥ।
ਗੁਰੂ ਗਰੰਥ ਜੀ ਮਾਨੀਯੋਂ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇਹ॥ ੨*

ਭਵ ਸਾਗਰ ਤੋਂ ਪਾਰ ਤਰਣ ਲਈ ਹੀ ਤਾਂ ਆਦਿ ਗਰੰਥ ਨੂੰ ਦੇਹ ਧਾਰੀ ਗੁਰੂ ਦਾ ਰੂਪ ਦਿਤਾ ਤੇ ਕਹਿਆ ਕਿ ਬਾਣੀ ਹੀ ਗੁਰੂ ਹੋਵੇਗੀ† ਇਹੋ ਆਦਿ ਗਰੰਥ ਦੇ ਗੁਰੂ ਬਣਨ ਦੀ ਕਹਾਣੀ ਹੈ।

ਗੁਰੂ ਗਰੰਥ ਦੀ ਪ੍ਰਾਮਾਣਿਕਤਾ ਅਜੇ ਖੋਜ ਦਾ ਵਿਸ਼ੈ ਹੈ। ਪਰੰਤੂ ਕੁਝ ਖਾਸ ਪ੍ਰਤੀਆਂ ਦਾ ਇਥੇ ਵਰਣਨ ਕੀਤਾ ਜਾਂਦਾ ਹੈ। (੧) ਆਦਿ

*ਰਹਿਤ ਨਾਮਾ ਪ੍ਰਹਲਾਦ ਸਿੰਘ (ਸ਼ਬਦ ੩੦) ਵਿਚ ਪਹਿਲੀਆਂ ਦੋ ਸਤਰਾਂ ਇਸ ਤਰ੍ਹਾਂ ਮਿਲਦੀਆਂ ਹਨ :—

"ਅਕਾਲ ਪੁਰਖ ਕੇ ਬਚਨ ਸੋਂ ਪ੍ਰਗਟ ਚਲਾਇਆ ਪੰਥ।
ਸਭ ਸਿੱਖਣ ਕੋ ਬਚਨ ਹੈ ਗੁਰੂ ਮਾਨੀਯੋ ਗਰੰਥ।

†ਗੁਰੂ ਸੂਰਜ ਪਕਕਾਸ਼ ਪੰਨਾ (੬੩੩)



Digitized by Panjab Digital Library | www.panjabdigilib.org

ਗਰੰਥ (ਕਰਤਾਰ ਪੁਰ ਵਾਲੀ ਬੀੜ) ਇਸ ਨੂੰ ਗੁਰੂ ਅਰਜਨ ਦੁਆਰਾ ਉਚਾਰੀ ਹੋਈ ਤੇ ਭਾਈ ਗੁਰਦਾਸ ਦੁਆਰਾ ਲਿਖੀ ਹੋਈ ਸਭ ਤੋਂ ਪੁਰਾਣੀ ਪ੍ਰਾਮਾਣਿਕ ਬੀੜ ਮੰਨਿਆ ਜਾਂਦਾ ਹੈ। ਇਸਦੇ ੯੭੫ ਪੰਨੇ ਹਨ ਤੇ ਇਸ ਵਿਚ ੫੭੫੧* ਸ਼ਬਦ ਹਨ । ਇਸ ਦੇ ੫੪੨ਵੇਂ ਪੰਨੇ ਤੇ ੬ਵੇਂ ਗੁਰੂ ਹਰ ਗੋਬਿੰਦ ਜੀ ਦੇ ਦਸਖਤ ਹਨ, ਰਾਗ ਆਸਾ ਵਿਚ ਕਬੀਰ ਦੇ ਸ਼ਬਦ ਨ: ੩੪ 'ਰਹੁ ਰਹੁ ਰੀ ਬਹਰੀਆਂ ਦੇ ਬਾਦ 'ਦੇਖੌ ਲੋਗਾ' ਵਾਲੇ ੩੫ਵੇਂ ਸ਼ਬਦ ਤੇ ਹੜਤਾਲ ਫਿਰੀ ਹੋਈ ਹੈ ਤੇ ਰਾਗ ਮਾਰੂ ਵਿਚ ਮੀਰਾਂ ਦਾ ਇਕ ਸ਼ਬਦ ਲਿਖ ਕੇ ਕਟਿਆ ਹੋਇਆ ਹੈ† ਪਰਾਚੀਨ ਬੀੜਾਂ ਦੇ ਲੇਖਕ ਜੀ.ਬੀ. ਸਿੰਘ ਨੇ ਸੂਰਦਾਸ ਦੇ ਪਦ "ਛਾਡ ਮਨ ਹਰਿ ਬਿਮਖਨ ਕੋ ਸੰਗ" ਦੇ ਬਾਕੀ ਹਿਸੇ ਤੇ ਹੜਤਾਲ ਫਿਰੀ ਹੋਈ ਹੈ।

ਇਹ ਲਿਖਿਆ ਹੈ, ਪਰੰਤੂ ਸੰਨ ੧੯੪੭ ਵਿਚ ਬੀੜ ਨੂੰ ਆਪ ਵੇਖਣ ਵਾਲੇ ਪ੍ਰਿੰਸੀਪਲ ਸਾਹਿਬ ਸਿੰਘ ਨੇ ਇਸ ਦਾ ਵਿਰੋਧ ਕੀਤਾ ਹੈ‡ ਇਹ ਕਹਿਣਾ ਠੀਕ ਨਹੀਂ ਕਿ ਪੰਜਵੇਂ ਗੁਰੂ ਨੇ ਨੌਵੇਂ ਗੁਰੂ ਦੇ ਸ਼ਬਦਾਂ ਲਈ ਥਾਂ ਛਡਿਆ ਸੀ ਕਿਉਂਕਿ ਬੀੜ ਨੂੰ ਦੇਖਣ ਤੇ ਪਤਾ ਲਗਦਾ ਹੈ ਕਿ ਪੰਨੇ ਬਹੁਤ ਸਾਰੀਆਂ ਥਾਵਾ ਤੇ ਖਾਲੀ ਹਨ ਤੇ ਨਾ ਹੀ ਕਿਧਰੇ ੯ਵੇਂ ਗੁਰੂ ਦੀ ਬਾਣੀ ਅੰਕਿਤ ਹੈ। ਵਿਚਾਰ ਹੈ ਕਿ ੩੮§ ਸੰਚੀਆਂ ਬਣਾ ਕੇ ਰਖ ਲਈਆਂ ਹੋਣਗੀਆਂ ਤੇ ਹਰੇਕ ਗੁਰੂ ਦਾ ਹਰੇਕ ਘਰ ਤੇ ਰਾਗ ਦਾ ਸ਼ਬਦ ਉਸਦੇ ਥਾਂ ਦੇ ਅਨੁਸਾਰ ਭਾਈ ਗੁਰਦਾਸ ਲਿਖਦੇ ਰਹੇ—ਇਸ ਲਈ ਜਿਨ੍ਹਾਂ ਘਰਾਂ ਅਤੇ ਰਾਗਾਂ ਵਿਚ ਘੱਟ ਬਾਣੀ ਮਿਲੀ ਉਥੇ ਵਧੇਰੇ ਪੰਨੇ ਖਾਲੀ ਰਹਿ ਗਏ। ਅਖੀਰ ਵਿਚ ਉਨ੍ਹਾਂ ਸਾਰਿਆ ਪੰਨਿਆਂ ਨੂੰ ਮਿਲਾਕੇ ਆਦਿ ਗਰੰਥ ਬਣਾ ਦਿਤਾ। ਇਸ ਵਿਚ ਸੁਧੁ (ਸ਼ੁਧ ਕੀਤਾ ਗਿਆ) ਤੇ 'ਸੁਧ ਕੀਚੈ' ਸ਼ੁਧ ਕਰੋ) ਗੁਰੂ ਅਰਜਨ ਦੀ ਭਾਈ ਗੁਰਦਾਸ ਨੂੰ ਦਿਤੀ ਗਈ ਚੇਤਾਵਨੀ ਆਮ ਤੌਰ ਤੇ ਵਾਰਾਂ ਦੇ

---

*ਗੁਰਮਤ ਫਿਲਾਸਫੀ—ਪਰਤਾਪ ਸਿੰਘ ਪੰਨਾ ੧੬੬

†ਗੁਰਮਤ ਫਿਲਾਸਫੀ—ਪਰਤਾਪ ਸਿਘ ਪੰਨਾ ੧੬੭

‡ਗੁਰਮਤ ਪਰਕਾਸ਼ ਪੰਨਾ ੧੧

§ਕਿਉਂਕਿ ੩੧ਵੇਂ ਰਾਗ ਜੈਜੈ ਵੰਤੀ ਵਿਚ ਕੇਵਲ ੯ਵੇਂ ਗੁਰੂ ਦੀ ਬਾਣੀ ਮਿਲਦੀ ਹੈ



Digitized by Panjab Digital Library | www.panjabdigilib.org

ਅਖੀਰ ਵਿਚ ਹਾਸ਼ੀਏ ਵਿਚ ਲਿਖੀ ਮਿਲਦੀ ਹੈ। ਪਰੰਤੂ ਗੁਰੂ ਗਰੰਥ ਵਿਚ ਉਸਨੂੰ ਉਵੇਂ ਹੀ ਛਾਪ ਲਇਆ ਜਾਂਦਾ ਹੈ।

(੨) ਖਾਰੀ ਬੀੜ (ਭਾਈ ਬੰਨੋ ਵਾਲੀ ਬੀੜ)—ਗੁਰੂ ਅਰਜਨ ਦਆਰਾ ਬੀੜ ਤਿਆਰ ਹੋਣ ਤੇ ਭਾਈ ਬੰਨੋ ਜਿਲਦ ਬਨ੍ਹਾਉਣ ਜਾਂ ਸੰਗਤ ਨੂੰ ਦਰਸ਼ਨ ਕਰਾਉਣ ਲਈ ਗੁਰੂ-ਆਗਿਆ ਨਾਲ ਆਦਿ-ਗਰੰਥ ਨੂੰ ਲਾਹੌਰ ਲੈ ਗਇਆ*। ਉਸਨੂੰ ਕੇਵਲ ਇਕੋ ਦਿਨ ਉਥੇ ਠਹਿਰਣ ਦੀ ਆਗਿਆ ਦਿਤੀ ਗਈ ਸੀ। ਕਹਿੰਦੇ ਹਨ ਕਿ ਉਸਨੇ ਰਾਹ ਵਿਚ ਹੀ ਸਾਰੀ ਬੀੜ ਦੀ ਨਕਲ ਕਰਾ ਲਈ ਤੇ ਆਪਣੇ ਕੋਲੋਂ ਭੀ ਕੁਝ ਸ਼ਬਦ ਜੋੜ ਦਿਤੇ।

ਫੇਰ ਮੁੜ ਕੇ ਆਉਂਦਿਆਂ ਹੀ ਗੁਰੂ ਨੇ ਉਸ ਦਾ ਨਾਂ 'ਖਾਰੀ ਬੀੜ' ਰਖ ਦਿਤਾ। ਬੰਨੋਂ ਦੀ ਵੰਸ਼ ਪਰੰਪਰਾ ਵਿਚ ਹੁਣ ਤੀਕ ਇਹ ਬੀੜ ਮਾਂਗਟ ਜ਼ਿਲਾ ਗੁਜਰਾਤ ਵਿਚ ਮਿਲਦੀ ਹੈ। ਤੇ ਕਰਤਾਰ ਪੁਰ ਵਾਲੀ ਬੀੜ ਵਾਂਗ ਹਰ ਇਕ ਸੰਗਰਾਂਦ ਨੂੰ ਸੰਗਤ ਉਸਦੇ ਦਰਸ਼ਨ ਕਰ ਪਵਿਤਰ ਹੁੰਦੀ ਹੈ। †ਇਸ ਵਿਚ ਬਾਣੀ ਦੇ ਮਗਰੋਂ ਹੇਠ ਲਿਖੀਆਂ ਬਾਣੀਆਂ ਕਰਤਾਰ ਪੁਰ ਵਾਲੀ ਬੀੜ ਤੋਂ ਵਧ ਮਿਲਦੀਆਂ ਹਨ।

੧) ਬਾਈਆਤਸ਼ (੨) ਰਤਨਮਾਲਾ (੩) ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ (੪) ਜਿਤ ਦਰ ਲਖ ਮੁਹੰਮਦਾ (੫) ਬੀੜ ਮੇਂ 'ਰੁਣ ਝੁੰਜਨੜਾ' ਤੇ 'ਰੇ' ਮਨ ਤਜ ਬੇਮੁਖਨ ਕੋ 'ਸੰਗ' ਆਦਿ ਸ਼ਬਦ ਪੂਰੇ ਲਿਖੇ ਮਿਲਦੇ ਹਨ।

(੬) 'ਘਰ ਅੰਬਰ ਵਿਚ ਬੇਲੜੀ' ਇਕ ਇਹ ਸਲੋਕ ਭੀ ਮਿਲਦਾ ਹੈ‡ ਪਰੰਤੂ ਇਸ ਬੀੜ ਨੂੰ ਨਾ ਤਾਂ ਦੂਜੀਆਂ ਦੋਹਾਂ ਬੀੜਾਂ ਜਿੰਨਾਂ ਪ੍ਰਮਾਣਿਕ ਮੰਨਿਆ ਜਾਂਦਾ ਹੈ ਤੇ ਨਾ ਹੀ ਉੱਨਾ ਆਦਰ ਦਿਤਾ ਜਾਂਦਾ ਹੈ।

੩. ਦਮਦਮੇ ਵਾਲੀ ਬੀੜ—ਆਪਣੇ ਜੀਵਨ ਤੇ ਕਾਲ ਵਿਚ ਆਦਿ ਗਰੰਥ ਨੂੰ ਹੀ ਗੁਰੂ ਗਰੰਥ ਬਣਾਉਂਦੇ ਹੋਏ ਸੰਮਤ ੧੭੬੨—੬੩ ਵਿਚ ਦਸਮ

*ਮੈਕਾਲਿਫ ਭੂਮਿਕਾ

†ਗੁਰਮਤ ਫਿਲਾਸਫੀ ਪੰਨਾ ੧੬੮

‡ " " " ੧੩੮



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗਰੰਥ ਦੀ ਕਿਸੇ ਪ੍ਰਾਪਤ ਕੀਤੀ ਬੀੜ ਦੇ ਆਧਾਰ ਤੇ ਇਹ ਬੀੜ ਤਿਆਰ ਕਰਵਾਈ. ਜਿਸ ਵਿਚ ਨਾਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਭੀ ਥਾਂ ਦਿਤੀ* । ਇਹ ਕੰਮ ਦਮਦਮੇ ਸਾਹਿਬ ਵਿਚ ਹੋਇਆ । ਇਸ ਲਈ ਇਸ ਬੀੜ ਦਾ ਨਾਮ ਭੀ ਦਮਦਮੇ ਵਾਲੀ ਬੀੜ ਪੈ ਗਇਆ । ਅਸਲ ਵਿਚ ਉਹ ਗਵਾਚ ਗਈ ਤੇ ਉਸਦਾ ਕੋਈ ਪਤਾ ਨਹੀਂ ਲੱਗਾ ।

ਸੰਮਤ ੧੭੩੨ ਵਿਚ ਗੁਰੂ ਤੇਗ ਬਹਾਦਰ ਦੇ ਸਮੇਂ ਲਿਖੀ ਗਈ ਇਕ ਬੀੜ ਤੇ ਮਿਤੀ ਸਾਵਨ ੧੯, ਸੰਮਤ ੧੭੪੨ ਵਿਚ ਦਸਮ ਗਰੂ ਦੁਆਰਾ ਤਿਆਰ ਕਰਵਾਈ ਹੋਈ ਬੀੜ, ਇਹ ਦੋਵੇਂ ਬੀੜਾਂ ਭੀ ਪੁਰਾਣੀਆਂ ਮਿਲੀਆਂ ਹੋਈਆਂ ਬੀੜਾਂ ਵਿਚੋਂ ਆਪਣਾ ਵਿਸ਼ੇਸ਼ ਥਾਂ ਰੱਖਦੀਆਂ ਹਨ† । ਇਸਤਰ੍ਹਾਂ ਹੁਣ ਤਕ ਹਜ਼ਾਰਾਂ ਹਥ ਲਿਖਤ ਬੀੜਾਂ ਮਿਲੀਆਂ ਹਨ, ਕਾਫੀ ਬਹੁਤ ਪੁਰਾਣੀਆਂ ਭੀ ਹਨ, ਜਿਹੜੀਆਂ ਪਾਕਿਸਤਾਨ ਬਣਨ ਤੇ ਇਧਰ ਆਉਂਦਿਆਂ ਸ਼ਰਨਾਰਥੀਆਂ ਸ਼ਿਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਦੀ ਅਪੀਲ ਸੁਣ ਕੇ ਉਨ੍ਹਾਂ ਨੂੰ ਦੇ ਦਿਤੀਆਂ ਸਨ । ਪਰੰਤੂ ਅਜੇ ਤਕ ਇਨ੍ਹਾਂ ਬੀੜਾਂ ਤੋਂ ਪੁਰਾਣੀ ਜਾਂ ਇਨ੍ਹਾਂ ਦੀ ਮਾਨਿਯਤਾ ਨੂੰ ਕਿਸੇ ਪ੍ਰਕਾਰ ਪ੍ਰਭਾਵਿਤ ਕਰਨ ਵਾਲੀ ਕੋਈ ਨਹੀਂ ਮਿਲ ਸਕੀ । ਕਈ ਬੀੜਾਂ ਤੇ ਗੁਰੂਆਂ ਦੇ ਦਸਖਤਾਂ ਦੇ ਨਿਸ਼ਾਨ ਸਰੂਪ ਚਿੰਨ੍ਹ ਮਿਲਦੇ ਹਨ ਪਰੰਤੂ ਇਹ ਉਨ੍ਹਾਂ ਦੀ ਪਰਾਮਾਣਿਕਤਾ ਵਿਚ ਏਨੇ ਹੀ ਸਹਾਇਕ ਹਨ ਕਿ ਉਹ ਉਸ ਵੇਲੇ ਮੌਜੂਦ ਸਨ ।

ਪਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚੋਂ ਆਦਿ ਬੀੜ ਸਭ ਤੋਂ ਹੁਣ ਤਕ ਦੀ ਖੋਜ ਦੇ ਆਧਾਰ ਤੇ ਪ੍ਰਮੁਖ ਸਥਾਨ ਰਖਦੀ ਹੈ । ਪਰੰਤੂ 'ਗੁਰੂ ਪਦ ਦੀ ਦ੍ਰਿਸ਼ਟੀ ਤੋਂ ਨਾ ਮਿਲਣ ਵਾਲੀ ਦਮਦਮੇ ਵਾਲੀ ਬੀੜ ਦੀ ਮਹਤਤਾ ਵਧ ਹੈ । ਇਸ ਲਈ ਹੁਣ ਤਕ ਛਪਣ ਵਾਲੀਆਂ ਬੀੜਾ ਤੇ ਇਹ ਲਿਖਿਆ ਮਿਲਦਾ ਹੈ ਕਿ ਦਮਦਮੇ ਵਾਲੀ ਬੀੜ ਦੇ ਆਧਾਰ ਤੇ ਛਾਪਿਆ ਗਇਆ ਪਰੰਤੂ ਸ਼ੁਧ ਗੁਰਬਾਣੀ ਟਰਸਟ ਨੇ ਗਿਆਨੀ ਪਿਆਰਾ ਸਿੰਘ ਤੇ ਸੰਤ

*ਇਤਿਹਾਸ ਤੇਜਾ ਸਿੰਘ ਪੰਨਾ ੩੩

†ਆਦਿ ਬੀੜ ਸਬੰਧੀ ਜ਼ਰੂਰੀ ਵਾਕਫ਼ੀਅਤ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪੰਨਾ ੧੩ ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਦੂਜਾ ਅਧਿਆਏ

ਗੁਰੂ ਗਰੰਥ ਦੀ ਬਾਣੀ ਨਾਲ ਜਾਣ ਪਛਾਣ ਕਰਨ ਲਈ ਉਸ ਦੇ ਸੰਗ੍ਰਹਿਕਾਂ ਦੀ ਬਾਣੀ ਨਾਲ ਪਰਿਚੈ ਕਰਾਉਣਾ ਜ਼ਰੂਰੀ ਹੈ ਇਸ ਲਈ ਉਨ੍ਹਾਂ ਦੁਆਰਾ ਰਚਿਤ ਬਾਣੀ ਦੀ ਗਿਣਤੀ ਨਿਮਨ ਲਿਖਤ ਸੂਚੀ ਵਿਚ ਦਿਤੀ ਜਾਂਦੀ ਹੈ:–

| ਨਾਂ | ਵਰਤੇ ਰਾਗਾਂ ਦੀ ਗਿਣਤੀ | ਬਾਣੀ ਦੀ ਗਿਣਤੀ |
|---|---|---|
| ੧. ਗੁਰੂ ਨਾਨਕ | ੧੯ | ੯੭੪ |
| ੨. ਗੁਰੂ ਅੰਗਦ | ੬੨ ਸਲੋਕ | ੬੨ |
| ੩. ਗੁਰੂ ਅਮਰਦਾਸ | ੧੭ | ੯੦੭ |
| ੪. ਗੁਰੂ ਰਾਮਦਾਸ | ੩੦ | ੬੧੯ |
| ੫. ਗੁਰੂ ਅਰਜੁਨ | ੩੦ | ੨੨੧੮ |
| ੬. ਗੁਰੂ ਤੇਗ ਬਹਾਦਰ | ੧੫ | ੧੧੬ |
| ੭. ਕਬੀਰ | ੧੮ | ੫੩੮ |
| ੮. ਰਾਮਾਨੰਦ | ੧ | ੧ |
| ੯. ਸੈਨ | ੧ | ੧ |
| ੧੦. ਰਵਿਦਾਸ | ੧੬ | ੪੦ |
| ੧੧, ਪੀਪਾ | ੧ | ੧ |
| ੧੨. ਧੰਨਾ | ੨ | ੩ |
| ੧੩. ਸਦਨਾ | ੧ | ੧ |
| ੧੪. ਨਾਮਦਵ | ੧੮ | ੬੧ |
| ੧੫. ਤ੍ਰਿਲੋਚਨ | ੩ | ੪ |
| ੧੬, ਬੇਣੀ | ੩ | ੩ |



Digitized by Panjab Digital Library | www.panjabdigilib.org

| | | | |
|---|---|---|---|
| ੧੭. | ਜੈ ਦੇਵ | ੨ | ੨ |
| ੧੮. | ਸੂਰਦਾਸ | ੧ | ੧ |
| ੧੯. | ਪਰਮਾਨੰਦ | ੧ | ੧ |
| ੨੦. | ਸ਼ੇਖ ਫਰੀਦ | ੨ | ੨ |
| ੨੧. | ਭੀਖਣ | ੧ | ੨ |
| ੨੨. | ਸੁੰਦਰ | ੧ | ੬ |
| ੨੩. | ਸਤਾ ਤੇ ਬਲਵੰਡ | ੧ | ੮ |
| ੨੪. | ਮਰਦਾਨਾ | ੧ | ੩ |
| ੨੫. | ਭੱਟ | ੩ | ੧੨੩ |
| | ਕੁਲ ਜੋੜ | | ੫੮੯੪ |

(੧) ਪੰਦਰਾਂ ਭਗਤਾਂ ਦੀ ਬਾਣੀ ਦਾ ਆਧਾਰ ਪ੍ਰਬੰਧ ਅਧਿਆਇ ੩ ਹੈ, ਬਾਕੀ ਸਾਰੀ ਬਾਣੀ ਦਾ ਆਧਾਰ ਬਾਣੀ ਬਿਉਰਾ ਪੰਨਾ ੧੨੧, ੧੨੩ ਤੇ ੧੨੫ ਹੈ।

**ਬਾਣੀ ਕ੍ਰਮ ਦਾ ਆਧਾਰ:**—ਅਜ ਤਕ ਗੁਰੂ ਗਰੰਥ ਦੇ ਖੋਜੀਆਂ ਲਈ ਬਾਣੀ ਦੇ ਕ੍ਰਮ ਦਾ ਆਧਾਰ ਇਕ ਗੁੰਝਲ ਹੀ ਬਣੀ ਰਹੀ ਹੈ। ਪਹਿਲੇ ਪਛਮੀ ਖੋਜੀ ਮਿ: ਟਰੰਪ ਇਸ ਵਿਚ ਕੋਈ ਕ੍ਰਮ ਨਾ ਲੱਭ ਸਕੇ। ਇਸ ਲਈ ਉਨ੍ਹਾਂ ਨੂੰ ਲਿਖਣਾ ਪਇਆ ਕਿ ਗੁਰੂ ਗਰੰਥ ਦੀ ਬਾਣੀ ਦੇ ਵਰਗੀਕਰਣ ਤੇ ਕ੍ਰਮ ਵਿਚ ਕੋਈ ਖਾਸ ਨਿਯਮ ਨਹੀਂ ਹੈ*। ਫਿਰ ਇਕ ਹੋਰ ਪੱਛਮੀ ਵਿਦਵਾਨ ਨੇ ਗੁਰੂ ਗਰੰਥ ਦੇ ਲੇਖਕਾਂ ਅਤੇ ਸ਼ਬਦਾਂ ਸੰਬੰਧੀ ਗਿਣਤੀ ਬਾਰੇ ਲਿਖੇ ਇਕ ਲੇਖ ਵਿਚ ਸੰਗੀਤ ਨੂੰ ਗਰੰਥ ਦੇ ਕ੍ਰਮ ਦਾ ਆਧਾਰ ਮੰਨਿਆ ਹੈ† ਮੈਕਾਲਿਫ ਜੀ ਨੇ ਗੁਰੂ ਗਰੰਥ ਦੇ ਸੰਗੀਤ ਜਾ ਵਿਸ਼ਲੇਸ਼ਣਾਤਮਕ ਅਧਿਐਨ ਕਰਦਿਆਂ ਇਸ ਵਿਸ਼ੇ ਸਬੰਧੀ ਇਤਨਾ ਹੀ ਲਿਖਿਆ ਹੈ ਕਿ ਗੁਰੂ ਗਰੰਥ ਜੀ ਦੇ ਕ੍ਰਮ ਦਾ ਆਧਾਰ ਰਾਗਾਂ ਦੇ ਅਨੁਕੂਲ ਹੈ‡

*ਆਦਿ ਗਰੰਥ ੩੧ ਟਰੰਪ ਭੂਮਿਕਾ

†ਫਰੈਂਡਰਿਕ ਨਿਕਲਸਨ ਜੇ. ਆਰ. ਏ. ਐਸ.

‡ਸਿਖ ਰੀਲੀਜਨ—ਮੈਕਾਲਿਫਭਾਗ ੩ ਪੰਨਾ ੬੧



Digitized by Panjab Digital Library | www.panjabdigilib.org

ਸਿਖ ਵਿਦਿਵਾਨਾਂ ਵਿਚੋਂ ਇਸ ਦਿਸ਼ਾ ਵਿਚ ਮੁਢਲਾ ਯਤਨ ਡਾ: ਸ਼ੇਰ ਸਿੰਘ ਦਾ ਹੈ । ਉਨ੍ਹਾਂ ਨੇ ਇਸ ਘਾਟ ਨੂੰ ਦੂਰ ਕਰਨ ਲਈ ਇਕ ਹੋਰ ਵਿਗਿਆਨਕ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਗੁਰੂ ਗਰੰਥ ਦਾ ਕ੍ਰਮ ਸਮਝਣ ਲਈ ਗੁਰੂ ਦੁਆਰਾ ਦਸੇ ਬ੍ਰਹਮ ਅਨੁਭੂਤੀ ਦੇ ਮਾਰਗ ਨੂੰ ਸਮਝਣ ਦੀ ਲੋੜ ਹੈ, ਜਿਹੜਾ ਭਾਰਤੀ ਗਿਆਨ, ਕਰਮ ਤੇ ਭਗਤੀ ਤਿਨਾਂ ਰਾਹਾਂ ਤੋਂ ਹੀ ਭਿੰਨ ਮਾਰਗ ਹੈ§ ।

ਬ੍ਰਹਮ ਦੀ ਗੁਣਾਨੁਭੂਤੀ ਕਰਕੇ ਜੀਵ ਅਸਚਰਜਤਾ ਵਿਚ ਪੈ ਜਾਂਦਾ ਹੈ ਅਤੇ ਓਸ ਵਿਚ ਲੀਨ ਹੋ ਜਾਂਦਾ ਹੈ। ਇਸ ਅਵਸਥਾ ਨੂੰ ਵਿਸਮਾਦ ਆਖਿਆ ਗਇਆ ਹੈ। ਵਿਸਮਾਦ ਦਾ ਬ੍ਰਹਮ ਅਨੁਭੂਤੀ ਵਿਚ ਵਿਸ਼ੇਸ਼ ਮਹੱਤਵ ਹੈ ਰਾਗ ਸੰਗੀਤ ਅਤੇ ਕੀਰਤਨ ਦਾ ਵਿਸਮਾਦ ਨਾਲ ਡੂੰਘਾ ਸੰਬੰਧ ਹੈ ਕਿਉਂਕਿ ਰਾਗਾਂ ਵਿਚ ਸੰਗੀਤ ਦੁਆਰਾ ਹੀ ਕੀਰਤਨ, ਜੀਵ ਨੂੰ ਵਿੰਸਮਾਦ ਦੀ ਅਵਸਥਾ ਪਹੁੰਚਾਂਉਦਾ ਹੈ ਤੇ ਇਹ ਨਿਰੰਤਰ ਵਿਸਮਾਦ ਅਵਸਥਾ ਜੀਵ ਨੂੰ ਬ੍ਰਹਮ ਅਨੁਭੂਤੀ ਤਕ ਪਹੁੰਚਾਂਦੀ ,ਹੈ । ਇਸ ਲਈ ਸੰਗੀਤ ਹੀ ਗੁਰੂ ਗਰੰਥ ਦੀ ਬਾਣੀ ਦਾ ਆਧਾਰ ਬਣਦਾ ਹੈ। ਪਰ ਵਿਦਵਾਨ ਲੇਖਕ ਇਹ ਭੁਲ ਗਇਆ ਹੈ ਕਿ ਵਖੋ ਵਖਰੇ ਵਿਚਾਰ ਜਾਂ ਭਾਵ ਇਕੱਠੇ ਇਕ ਰਾਗ ਵਿਚ ਗਾਏ ਜਾਣ ਤੇ ਭੀ ਲੀਨਤਾ ਨਹੀਂ ਪੈਦਾ ਕਰ ਸਕਦੇ । ਇਹ ਗੱਲ ਉਨ੍ਹਾਂ ਲਈ ਭੀ ਸੱਚ ਹੋ ਸਕਦੀ ਹੈ ਜੋ ਉਸ ਦਾ ਮਤਲਬ ਨਾ ਸਮਝਦੇ ਹੋਣ ਪਰ ਮਨੁੱਖ ਬੋਧਿਕ ਪ੍ਰਾਣੀ ਹੈ ਉਸ ਦਿਲ ਤੇ ਦਿਮਾਗ ਵਿਚ ਸੰਤੁਲਨ ਲਿਆਕੇ ਹੀ ਜੀਵਨ ਵਿਚ ਅਗੇ ਵਧਣਾ ਹੈ ਜਾਂ ਇਹ ਗੱਲ ਭੀ ਨਹੀਂ ਭੁਲਾਈ ਜਾ ਸਕਦੀ ਕਿ ਸਿਖ ਧਰਮ ਵਿਚ ਭਗਤੀ (ਨਾਂ ਮਾਰਗ) ਗਿਆਨ ਦਾ ਆਸਰਾ ਲੈ ਕੇ ਹੀ ਅਗੇ ਵਧਦੀ ਹੈ। ਕੋਈ ਭੀ ਭਾਵਕਤਾ ਧਰਮ ਦੀ ਅਨੁਭੂਤੀ ਦਾ ਠੀਕ ਸਾਧਨ ਨਹੀਂ ਹੈ। ਇਸ ਲਈ ਸੰਗੀਤ ਦੁਆਰਾ ਭਾਵ ਅਰਥਾਤ ਵਿਚਾਰ ਵਿਚ ਏਕਤਾ ਹੋਣੀ ਚਾਹੀਦੀ ਹੈ। ਤਾਂ ਹੀ ਜੀਵ ਵਿਸਮਾਦ ਅਵਸਥਾ ਤਕ ਪਹੁੰਚਦਾ ਹੋਇਆ ਬ੍ਰਹਮ

---

§ਰਬ ਦੇ ਗੁਣਾਂ ਦੀ ਅਨੁਭੂਤੀ ਉਸਦਾ ਨਾਮ ਹੈ ਤੇ ਉਸ ਵਿਚ ਲਗਾਤਾਰ ਧਿਆਨ ਹੀ ਜਪੁ ਹੈ। ਇਹੀ ਸਿਖ ਧਰਮ ਦਾ ਮਾਰਗ ਹੈ ਜਿਹੜਾ ਲਗਾਤਾਰ ਸ਼ਕਤੀ ਮਾਰਗ ਦਾ ਹੀ ਇਕ ਅੰਗ ਹੈ ।



Digitized by Panjab Digital Library | www.panjabdigilib.org

ਅਨੁਭੂਤੀ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਕ ਹਰ ਵਡੀ ਗੱਲ ਇਹ ਹੈ ਕਿ ਜਿਸ ਗੁਰੂ ਨੇ ਲਗਾਤਾਰ ਇਤਨੇ ਸਾਲ ਦੀ ਅਣਥੱਕ ਮਿਹਨਤ ਤੇ ਅਦੁਤੀ ਪ੍ਰਤਿਭਾ ਦਾ ਪ੍ਰਮਾਣ ਦੇ ਕੇ ਇਸ ਦਾ ਸੰਪਾਦਨ ਕੀਤਾ ਹੈ; ਉਸ ਨੇ ਇਸ ਦੇ ਕ੍ਰਮ ਆਧਾਰ ਦੀ ਵਿਗਿਆਨਕਤਾ ਵਿਚ ਭਾਵ ਤੇ ਵਿਚਾਰਾਂ ਦਾ ਕੋਈ ਸਥਾਨ ਨਾ ਰਖਿਆ ਹੋਵੇ, ਇਹ ਕਿਵੇਂ ਸੰਭਵ ਹੈ, ਗੁਣਾਂ ਨੂੰ ਪਕੜਣ ਵਾਲੀ ਤੀਖਣ ਦ੍ਰਿਸ਼ਟੀ ਚਾਹੀਦੀ ਹੈ। ਗੁਰੂ ਗਰੰਥ ਦਾ ਡੂਘਾ ਵਿਸ਼ਲੇਸ਼ਨਾ-ਤਮਕ ਅਧਿਐਨ ਕਰਨ ਤੋਂ ਅਨੁਭਵ ਹੁੰਦਾ ਹੈ ਕਿ ਸੰਗੀਤ ਤੇ ਰਾਗ ਵਿਚਲੀ ਏਕਤਾਂ ਤੋਂ ਕਿਧਰੇ ਵਧ ਇਕੋ ਭਾਵ ਦਾ ਨਿਰੰਤਰ ਪ੍ਰਵਾਹ ਮਾਨਵ ਮਨ ਨੂੰ ਮੋਹਿਤ ਕਰੀ ਰੱਖਦਾ ਹੈ। ਇਸ ਤਰੀਕੇ ਨਾਲ ਲਗਾਤਾਰ ਅਸਚਰਜ ਵਿਚ ਪਏ ਰਹਿਣਾ ਹੀ ਵਿਸਮਦ ਹੈ। ਇਤਨਾ ਹੀ ਨਹੀਂ, ਪਾਠਕਾਂ ਨੂੰ ਇਹ ਭੀ ਨਹੀਂ ਭੁਲ ਜਾਣਾ ਚਾਹੀਦਾ ਹੈ ਕਿ ਉਹ ਨਾ ਤਾਂ ਕੋਈ ਕਾਵਿ-ਆਤਮਕ ਕਥਾ ਪੜ੍ਹ ਰਹੇ ਹਨ ਤੇ ਨਾ ਹੀ ਕੋਈ ਕਾਵਿਕ ਰੂਪ ਵਿਚ ਪ੍ਰਗਟ ਕੀਤੀ ਹੋਈ ਵਿਚਾਰਧਾਰਾ, ਸਗੋਂ ਅਸੀਂ ਤਾਂ ਇਥੇ ਅਧਿਆਤਮਕ ਰਾਹ ਦੇ ਰਾਹਗੀਰ ਵਾਂਗ ਹਾਜ਼ਰ ਹਾਂ। ਅਧਿਆਤਮਕ ਰਾਹ ਅਨੁਭੂਤੀ ਦਾ ਰਾਹ ਹੈ ਦਿਮਾਗ ਦੇ ਬੰਧਨ ਦਾ ਨਹੀਂ; ਇਸ ਲਈ ਉਸ ਦੇ ਛਿਟਿਆਂ ਦੇ ਉਤੇ ਨਾ ਬਿਖਰਨ ਦੀ ਰੋਕ ਨਹੀਂ ਲਾਈ ਜਾ ਸਕਦੀ। ਇਹ ਗੁਣ ਗੁਰੂ ਗਰੰਥ ਬਾਰੇ ਸੱਚ ਹੈ। ਗੁਰੂ ਗਰੰਥ ਤਾਂ ਅਨੁਭੂਤੀਆਂ ਦੇ ਅੰਮ੍ਰਿਤ ਅਤੇ ਕਲਾ ਦਾ ਸੰਗ੍ਰਹ ਹੈ। ਇਸ ਲਈ ਸਾਰੀਅ ਅਨੁਭੂਤੀਆਂ ਨੂੰ ਇਕੋ ਲੜੀ ਵਿਚ ਨਹੀਂ ਪਰੋਇਆ ਗਇਆ ਇਨ੍ਹਾਂ ੫੮੯੪ ਮਣੀਆਂ ਦੀਆਂ ਕਈ ਮਾਲਾਵਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਇਕ ਦੇ ਬਾਅਦ ਦੂਜੀ ਪ੍ਰਾਪਤੀ ਨਾਲ ਮਨੁੱਖ ਅਗੇ ਵਧ ਸਕਦਾ ਹੈ।

ਇਹ ਕਹਿ ਕੇ ਅਸੀਂ ਰਾਗ ਦੀ ਮਹੱਤਤਾ ਨਹੀਂ ਘਟਾਉਣਾ ਚਾਹੁੰਦੇ ਪਰੰਤੂ ਬਾਣੀ ਦੇ ਕ੍ਰਮ ਦਾ ਆਧਾਰ ਇਕੱਲਾ ਹੀ ਰਾਗ ਹੋਵੇ, ਬਾਣੀ ਦਾ ਗੰਭੀਰ ਅਧਿਐਨ ਕੀਤਿਆਂ ਇਹ ਭੀ ਸਿਧ ਨਹੀਂ ਹੁੰਦਾ ਕਿਉਂ ਕਿ ਜਪੁਜੀ ਆਦਿ ਉਤਕ੍ਰਿਸ਼ਟ ਬਾਣੀਆਂ ਨੂੰ ਰਾਗਾਂ ਵਿਚ ਥਾਂ ਨਾ ਦੇ ਕੇ ਰਾਗਾਂ ਤੋਂ ਪਹਿਲਾਂ ਥਾਂ ਦਿੱਤੀ ਹੈ। ਇਸ ਤੋਂ ਭੀ ਸਿਧਾਂਤਾਂ ਤੇ ਵਿਚਾਰਾਂ ਦਾ ਮਹੱਤਵ ਸਪਸ਼ਟ ਹੁੰਦਾ ਹੈ।



Digitized by Panjab Digital Library | www.panjabdigilib.org

ਇਤਨਾ ਹੀ ਨਹੀਂ. ਸ਼ਲੋਕ ਸਹਸਕ੍ਰਿਤੀ ਮਗਰਲੀ ਬਾਣੀ ਨੂੰ ਭੀ ਕਿਸੇ ਰਾਗ ਵਿਚ ਨਹੀਂ ਬੰਨ੍ਹਿਆ ਗਇਆ। ਇਸੇ ਤਰੀਕੇ ਨਾਲ ਰਾਗ ਵਿਸ਼ਾਲਾਕਾਰ ਗੁਰੂ ਗਰੰਥ ਦੀ ਦੇਹ ਦੇ ਮੱਧ ਭਾਗ ਨੂੰ ਚੰਗੀ ਤਰ੍ਹਾਂ ਬੰਨ੍ਹੇ ਹੋਏ ਹਨ ਤਾਕਿ ਉਸ ਦਾ ਆਕਾਰ ਅਨੁਪਾਤ ਹੀਨ ਨਾਂ ਹੋ ਜਾਵੇ। ਸਿਟ ਭਾਗ ਤੇ ਇਸਦੇ ਅੱਧ ਭਾਗ ਇਸ ਬੰਧਨ ਤੋਂ ਸੁਤੰਤਰ ਹਨ। ਥੋੜੀ ਜਿਹੀ ਸੂਖਮ ਦ੍ਰਿਸ਼ਟੀ ਨਾਲ ਅਸੀਂ ਇਸ ਸਿਟੇ ਤੇ ਪਹੁੰਚਦੇ ਹਾਂ ਕਿ ਸਿਰੀ ਰਾਗ ਦੀ ਬਾਣੀ ਦਾ ਆਧਾਰ ਹੈ ਵਿਚਾਰ ਤੇ ਭਾਵ। ਦੇਹ (ਮੱਧ) ਦਾ ਸੰਗੀਤ ਰਾਗ ਤੇ ਮੱਧ ਭਾਵ ਵਿਚ ਭਾਸ਼ਾ ਅਤੇ ਵਿਅੰਜਣਾਂ ਦਾ ਮਹਤਵ ਪੂਰਣ ਸਥਾਨ ਹੈ। ਇਸਦਾ ਪ੍ਰਮਾਣ ਅੰਤਰ—ਸਾਖ ਹੈ। ਪਹਿਲੀ ਬਾਣੀ ਵਿਚ ਰਗ ਰਾਗ ਤੇ ਭਾਸ਼ਾ ਨੂੰ ਆਧਾਰ ਨਹੀਂ ਬਣਾਇਆ ਤੇ ਨਾ ਹੀ ਵਿਚਾਰਾਂ ਦੀ ਤਰ੍ਹਾਂ ਉਨ੍ਹਾਂ ਦਾ ਕੋਈ ਵਿਸ਼ੇਸ਼ ਪਰਿਵਿਰਤੀ ਇਸ ਵਿਚ ਮਿਲਦੀ ਹੈ। ਇਸ ਤਰੀਕੇ ਨਾਲ ਮਧ ਭਾਗ ਵਿਚ ਸਾਰ ਹੀ ਵਿਚਾਰ ਅਤੇ ਭਾਸ਼ਾ ਦੇ ਸਾਰੇ ਰੂਪ ਮਿਲਦੇ ਹੋਣ ਤੇ ਭੀ ਰਾਗ ਦਾ ਮਹਤਵ ਪੂਰਣ ਸਥਾਨ ਹੈ ਤੇ ਅੰਤਲੇ ਭਾਗ ਵਿਚ ਰਾਗਾਂ ਅਤੇ ਵਿਚਾਰਾਂ ਦੀ ਕ੍ਰਮ–ਬਧਤਾ ਤੋਂ ਵਧ ਭਾਸ਼ਾ ਦੀ ਮਹਤਤਾ ਸਾਡੇ ਸਨਮੁਖ ਆਉਂਦੀ ਹੈ। ਇਸ ਤਰੀਕੇ ਨਾਲ ਗੁਰੂ ਗਰੰਥ ਦੀ ਬਾਣੀ ਦੇ ਇਹ ਭਿੰਨ ਭਿੰਨ ਆਧਾਰ ਮੰਨਣ ਵਿਚ ਕੋਈ ਆਪਤੀ ਨਹੀਂ ਹੋਣੀ ਚਾਹੀਦੀ। ਇਸ ਲਇ।* ਇਹ ਕਹਿਣਾ ਵਧੇਰੇ ਸੰਗਤ ਹੋਵੇਗਾ ਕਿ ਗੁਰੂ ਗਰੰਥ ਦੀ ਬਾਣੀ ਦੇ ਕਰਮ ਦਾ ਆਧਾਰ ਭਾਵ ਔਤਿਕ ਦ੍ਰਿਸ਼ਟੀ ਤੋਂ ਰਾਗ ਸੰਗੀਤ ਦੀ ਦ੍ਰਿਸ਼ਟੀ ਤੋਂ ਤੇ ਭਾਸ਼ਾ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਤਿੰਨਾਂ ਦਾ ਹੀ ਸੰਗਠਨ ਹੈ। ਇਸੇ ਦਾ ਅਧਿਐਨ ਕਰਨ ਲਈ ਗੁਰੂ ਗਰੰਥ ਦੀ ਬਾਣੀ ਦੀ ਨਿਮਨ ਲਿਖਤ ਸੂਚੀ ਸਹਾਇਕ ਸਿਧ ਹੋ ਸਕਦੀ ਹੈ:—

| ਬਾਣੀ ਦਾ ਨਾਮ | ਬਾਣੀ ਦੀ ਗਿਣਤੀ | ਗੁਰੂ ਗ੍ਰੰਥ ਦਾ ਪੰਨਾ |
|---|---|---|
| ੧. (ੳ) ਮੂਲ ਮੰਤਰ | ੧ | ੧ |
| (ਅ) ਜਪੁਜੀ | ੪੦ | ੧ |
| ੨. ਸੋਦਰ | ੪ | ੮੦ |

*ਇਸ ਵਿਸ਼ਯ ਉਤੇ ਅਜੇ ਖੋਜ ਦੀ ਲੋੜ ਹੈ, ਇਹ ਤਾਂ ਕੇਵਲ ਪਰਿਚਯ ਹੈ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

| | | |
|---|---|---|
| ੩੦. ਸਾਰੰਗ | ੨੫੬ | ੧੧੯੭ |
| ੩੧. ਮਲਾਰ | ੧੬੧ | ੧੨੫੪ |
| ੩੨. ਕਾਨੜਾ | ੧੧੫ | ੧੨੯੪ |
| ੩੩. ਕਲਿਆਣ | ੩੩ | ੧੩੧੯ |
| ੩੪. ਪ੍ਰਭਾਤੀ | ੬੭ | ੧੩੨੭ |
| ੩੫. ਜੈ ਜੈ ਵੰਤੀ | ੪ | ੧੩੫੨ |
| ੩੬. ਸਲੋਕ ਸਹਸਕ੍ਰਿਤੀ (ਮ: ੧, ਮ: ੫) | ੭੧ | ੧੩੫੩ |
| ੩੭. ਗਾਥਾ (ਮ. ੫) | ੨੪ | ੧੩੬੦ |
| ੩੮. ਫੁਨਹੇ ( ,, ) | ੨੩ | ੧੩੬੧ |
| ੩੯. ਚਉਬੋਲੇ ( ,, ) | ੧੧ | ੧੩੬੩ |
| ੪੦. ਸ਼ਲੋਕ ਕਬੀਰ | ੩੪੬ | ੧੩੬੪ |
| ੪੧. ,, ਫਰੀਦ | ੧੨੨ | ੧੩੭੭ |
| ੪੨. ਸਵੱਈਏ | ੧੪੩ | ੧੩੮੫ |
| ੪੩. ਵਾਰਾਂ ਤੇ ਵਧੀਨ ਸ਼ਲੋਕ | ੧੫੨ | ੧੪੧੦ |
| ੪੪. ਮੁਦਾਵਣੀ | ੨ | ੧੪੨੯ |
| ੪੫. ਰਾਗ ਮਾਲਾ | ੧ | ੧੪੨੯ |



ਗੁਰੂ ਗ੍ਰੰਥ ਵਿਚ ਸਭ ਗੁਰੂਆਂ ਦਾ ਨਾਮ ਬਾਣੀ ਨਾਲ ਪ੍ਰਯੁਕਤ ਨਾ ਹੋਕੇ ਗੁਰੂ ਨਾਨਕ ਦਾ ਹੀ ਨਾਮ ਪ੍ਰਯੋਗ ਵਿਚ ਆਇਆ ਹੈ ਕਿਉਂਕਿ ਦਸ ਗੁਰੂ ਇਕੋ ਜੋਤ ਦੇ ਭਿੰਨ ਭਿੰਨ ਰੂਪ ਸਨ। ਇਸ ਲਈ ਮਹਲਾ ੧ ਮਹਲਾ ੨ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਬਾਣੀ ਦੇ ਅਖੀਰ ਵਿਚ 'ਨਾਨਕ' ਨਾਮ ਹੀ ਮਿਲਦਾ ਹੈ।

ਭਗਤਾਂ ਦੀ ਬਾਣੀ ਤੋਂ ਪਹਲਾਂ ਉਨ੍ਹਾਂ ਦਾ ਨਾਮ ਮਿਲਦਾ ਹੈ ਤੇ ਅਖੀਰਲੀ ਪੰਗਤੀ ਵਿਚ ਭੀ ਆਮ ਤੌਰ ਤੇ ਉਹੀ ਨਾਮ ਅੰਕਿਤ ਹੈ। ਗੁਰੂ ਗ੍ਰੰਥ ਦਾ ਮਹਤਵ ਇਸ ਦ੍ਰਿਸ਼ਟੀ ਤੋਂ ਭੀ ਨਹੀਂ ਭੁਲਾਇਆ ਜਾ ਸਕਦਾ ਕਿ ਸੰਸਾਰ ਦੇ ਸਾਰੇ ਪ੍ਰਸਿੱਧ ਧਰਮਾਂ ਦੇ ਜਨਮ-ਦਾਤੇ ਮਹਾਂ ਪੁਰਸ਼ਾਂ ਦੀ ਬਾਣੀ ਉਨ੍ਹਾਂ ਦੇ ਸ਼ਬਦਾਂ ਵਿਚ ਨਹੀਂ ਮਿਲਦੀ। ਪਰੰਤੂ ਗੁਰੂਆਂ ਦੀ ਸਾਰੀ ਬਾਣੀ ਨੂੰ



Digitized by Panjab Digital Library | www.panjabdigilib.org

ਪੰਜਵੀਂ ਗੁਰੂ ਜੋਤੀ ਅਰਜਨ ਦੇਵ ਨੇ ਸੋਧ ਕੇ ਕ੍ਰਮ ਵਿਚ ਲਿਖ ਕੇ ਤੇ ਉਚਾਰ ਨੇ ਅੰਕਿਤ ਕਰਵਾਈ ਹੈ। ਕਰਤਾਰ ਪੁਰ ਵਿਚ ਮਿਲਦੀ ਆਦਿ ਬੀੜ ਇਸ ਦਾ ਪ੍ਰਮਾਣ ਹੈ।

ਗੁਰੂ ਗ੍ਰੰਥ ਨੂੰ ਰਾਗਾਂ ਵਿਚ ਵੰਡ ਕੇ ਉਸ ਦੇ ਅੰਤਰ ਮੁਖੀ ਰਚਮਾ ਕ੍ਰਮ ਨੂੰ ਭੀ ਆਕਾਰ ਦੀ ਦ੍ਰਿਸ਼ਟੀ ਤੋਂ ਸੰਤੁਲਿਤ ਅਸੰਤੁਲਿਤ ਨਹੀਂ ਹੋਣ ਦਿਤਾ। ਹਰ ਇਕ ਰਾਗ ਦੀ ਬਾਣੀ ਵਿਚ ਹੇਠ ਲਿਖਿਆ ਕ੍ਰਮ ਮਿਲਦਾ ਹੈ—

੧. ਪਦ (ਦੁਪਦੇ-ਤਿਪਦੇ-ਚੌਪਦੇ)
੨. ਅਸ਼ਟ ਪਦੀਆਂ
੩. ਖਾਸ ਲੰਬੀਆਂ ਰਚਨਾਵਾਂ
੪. ਛੰਦ
੫. ਹੋਰ ਅਸਾਧਾਰਣ ਰਚਨਾਵਾਂ (ਜੇ ਕੋਈ ਮਿਲਦੀ ਹੈ ਤਾਂ)
੬. ਵਾਰ
੭. ਭਗਤਾਂ ਦੀਆਂ ਰਚਨਾਵਾਂ

ਇਸ ਵਰਗੀ-ਕਰਣ ਵਿਚ ਭੀ ਰਾਗਾਂ ਦੇ ਅਪਾਓ ਤੇ ਰਾਗਾਂ ਦੇ ਆਧਾਰ ਤੇ ਘਰਾਂ ਦੇ ਉਤਰਾ ਚੜ੍ਹਾ ਵਲ ਧਿਆਨ ਰਖਿਆ ਗਇਆ ਹੈ,ਗ੍ਰੰਥ ਵਿਚ ੧) ਘਰਾਂ ਦਾ ਪ੍ਰਯੋਗ ਹੋਇਆ ਹੈ ਤੇ ਕੋਈ ਭੀ ਇਕੋ ਤਰੀਕੇ ਦੀ ਬਾਣੀ ਰਾਗਾਂ ਦੇ ਚੜ੍ਹਾ ਤੇ ਉਤਰਾ ਵਲ ਨਹੀਂ ਆਉਂਦੀ ਸਗੋਂ ਸਦਾ ਹੀ ਇਹ ਕ੍ਰਮ ਉਤਰਾ ਤੇ ਚੜ੍ਹਾ ਵਲ ਰਹਿੰਦਾ ਹੈ, ਫਿਰ ਨਵੀਂ ਬਾਣੀ ਦੇ ਸ਼ੁਰੂ ਹੋਣ ਤੇ ਰਾਗਾਂ ਦਾ ਨਵਾਂ ਕ੍ਰਮ ਚਲਦਾ ਰਹਿੰਦਾ ਹੈ।

ਲੇਖਕਾਂ ਦੇ ਕ੍ਰਮ ਵਿਚ ਭੀ ਵਿਸ਼ਯ ਢੰਗ ਅਪਣਾਇਆ ਹੋਇਆ ਹੈ ਸਭ ਤੋਂ ਪਹਿਲਾਂ ਮਹਲਾ ੧, ੨, ੩, ੪, ੫, ਨੰਬਰ ਆਉਂਦਾ ਹੈ। ਇਸ ਤਰ੍ਹਾਂ ਗੁਰੂਆਂ ਦੀ ਬਾਣੀ ਦੇ ਮਗਰੋਂ ਭਗਤਾਂ ਦੀ ਬਾਣੀ ਨੂੰ ਥਾਂ ਮਿਲੀ ਹੈ। ਉਨ੍ਹਾਂ ਵਿਚੋਂ ਮੋਢੀ ਕਬੀਰ ਹਨ ਫੇਰ ਨਾਮਦੇਵ ਅਤੇ ਰਵਿ ਦਾਸ ਦੀ ਥਾਂ ਆਉਂਦੀ ਹੈ। ਸਦਨਾ ਭੀਖਣ ਅਤੇ ਸ਼ੇਖ ਫ਼ਰੀਦ ਦੀ ਬਾਣੀ ਜਿਥੇ ਕਿਧਰੇ ਭੀ ਮਿਲਦੀ ਹੈ ਰਾਗ ਵਿਚ ਉਹ ਸਭ ਤੋਂ ਅਖੀਰ ਤੇ ਹੈ। ਇਸ ਤਰ੍ਹਾ ਗੁਰੂ ਗ੍ਰੰਥ ਸਾਹਿਬ ਦੇ ਰੂਪ ਦਾ ਆਧਾਰ ਇਹ ਹੈ।



Digitized by Panjab Digital Library | www.panjabdigilib.org

੧. ਭਾਵ (ਆਂਤ੍ਰਿਕ ਦ੍ਰਿਸ਼ਟੀ ਕੋਣ) ਰਾਗ (ਸੰਗੀਤ ਦ੍ਰਿਸ਼ਟੀ ਕੋਣ) ਭਾਸ਼ਾ (ਅਭਿਵਿਅੰਜਨ ਦੀ ਦ੍ਰਿਸ਼ਟੀ ਤੋਂ) ਇਨ੍ਹਾਂ ਤਿੰਨਾਂ ਦਾ ਉਚਿਤ ਉਚਿਤ ਸੁਮੇਲ ਹੈ।

੨. ਚੌਪਦੇ, ਅਸਟਪਦੀਆਂ ਆਦਿ ਬਾਣੀਆਂ ਦਾ ਆਕਾਰ।

੩. ਰਾਗ ਦਾ ਘਰਾਂ ਦੇ ਅਨਕੂਲ ਚੜ੍ਹਾ।

੪. ਗੁਰੂਆਂ ਅਤੇ ਭਗਤਾਂ ਦਾ ਕ੍ਰਮ।

੧੪੩੦ ਪੰਨਿਆਂ ਦੇ ਇਤਨੇ ਵਿਸ਼ਾਲ ਆਕਾਰ ਵਾਲੇ ਗ੍ਰੰਥ ਵਿਚ ਇਨ੍ਹਾਂ ਨਿਯਮਾਂ ਦੇ ਅਪਵਾਦ ਢੂੰਡਨ ਤੇ ਭੀ ਨਾਂ ਦੇ ਬਰਾਬਰ ਮਿਲਦੇ ਹਨ*। ਇਸ ਲਈ ਇਹ ਕਹਿਣਾ ਉਚਿਤ ਹੋਵੇਗਾ ਕਿ ਇਨ੍ਹਾਂ ਨਿਸ਼ਾਨਾਂ ਨੂੰ ਘੜਦਿਆਂ ਹੋਇਆਂ ਗੁਰੂ ਗ੍ਰੰਥ ਦਾ ਵਿਸ਼ਯ ਪੰਜਵੇਂ ਗੁਰੂ ਦੇ ਅਣਥਕ ਪਰਿਸ਼੍ਰਮ ਅਤੇ ਅਦੁਤੀ ਪ੍ਰਤਿਭਾ ਦਾ ਸੂਚਕ ਹੈ ਜਿਸਨੂੰ ਗੁਰੂ† ਗ੍ਰੰਥ ਵਿਚ ਰਾਗ ਦਾ ਵਿਸ਼ੇਸ਼ ਮਹਤਵ ਪੂਰਣ ਸਥਾਨ ਹੈ ਅਤੇ ਉਸਨੂੰ ਭੀ ਵਿਚਾਰ ਕਰਨਾ ਅਨੁਚਿਤ ਨਹੀਂ ਹੋਵੇ ਗਾ।

ਆਸਾ ਰਾਗ ਵਿਚ ਛੇ ਹੀ ਪ੍ਰਧਾਨ ਰਾਗ ਹਨ। ਅਤੇ ਇਨ੍ਹਾਂ ਦੀਆਂ ਪਤਨੀਆਂ, ਪੁਤਰ ਅਤੇ ਪੁਤਰੀਆਂ ਦੀ ਗਿਣਤੀ ਮਿਲਾਕੇ ਉਨ੍ਹਾਂ ਦੇ ਕੁਟੰਬ ਦੀ ਗਿਣਤੀ ਚੁਰਾਨਵੇਂ ਤਕ ਪਹੁੰਚ ਜਾਂਦੀ ਹੈ। ਗੁਰੂ ਗ੍ਰੰਥ ਵਿਚ ਕੇਵਲ ਉਨ੍ਹਾਂ ਹੀ ੩੧ ਰਾਗਾਂ ਦਾ ਪ੍ਰਯੋਗ ਹੋਇਆ ਹੈ ਜਿਹੜੇ ਭਾਵਾਂ ਨੂੰ ਇਕੋ ਵਾਰੀ ਨਹੀਂ ਉਚਾਰਦੇ ਅਤੇ ਮਨੁਖ ਨੂੰ ਇਕ ਦਮ ਵਧੇਰੇ ਉਤੇਜਿਤ ਨਹੀਂ ਕਰਦੇ। ਇਸ ਤੋਂ ਭੀ ਇਕੋ ਰਸ ਦੇ ਪ੍ਰਵਾਹ ਵਿਚ ਰੁਕਾਵਟ ਪੈਂਦੀ ਹੈ ਜਿਹੜੀ ਭਗਤ ਦੀ ਭਗਤੀ ਵਿਚ ਵਾਹਦਾ ਪਹੁੰਚਾਉਂਦੀ ਹੈ‡। ਪਹਿਲੇ ਗੁਰੂ ਨਾਨਕ ਦੀ ਬਾਣੀ

---

*ਦੇਖੋ ਪੰਨਾ ੪੪

†ਸਤਾਂ ਸੁਰਾਂ ਦਾ ਸਥਾਈ ਸਤੇ ਸੁਰਾਂ—ਚਾਰ ਵਰਣ ਅਤੇ ਅਲੰਕਾਰਾਂ ਸਹਿਤ ਸੁਣਨ ਵਾਲੇ ਨੂੰ ਮੋਹਿਤ ਕਰਨ ਵਾਲੇ ਗਲੇ ਜਾਂ ਬੀਨ ਦੇ ਸੁਰ ਨੂੰ ਰਾਗ ਕਹਿਆ ਗਇਆ ਹੈ। (ਬਾਣੀ ਬਿਉਰਾ ਪੰਨਾ ੫੦)

‡ਇਕ ਦਮ ਵਧੇਰੇ ਸੁੱਖ ਤੇ ਦੁਖ ਜਗਾਉਣ ਵਾਲੇ ਕ੍ਰਮ ਵਾਲੇ ਮੇਘ ਹਿੰਡੋਲ ਤੇ ਦੀਪਕ ਰਾਗ ਹਨ, ਇਨ੍ਹਾਂ ਨੂੰ ਗੁਰੂ ਗ੍ਰੰਥ ਵਿਚ ਥਾਂ ਨਹੀਂ ਮਿਲੀ। (ਇਤਿਹਾਸ ਤੇਜਾ ਸਿੰਘ ਪੰਨਾ ੩੨)



Digitized by Panjab Digital Library | www.panjabdigilib.org

੧੯ ਰਾਗਾਂ ਵਿਚ ਮਿਲਦੀ ਹੈ ਚੌਥੇ ਗੁਰੂ ਰਾਮਦਾਸ ਨੇ। ੧੧ ਨਵੇਂ ਰਾਗਾਂ ਨੂੰ ਬਾਣੀ ਵਿਚ ਥਾਂ ਦਿਤੀ ਇਨ੍ਹਾਂ ਵਿਚ ਕੇਵਲ ਚੌਥੇ ਤੇ ਪੰਜਵੇਂ ਗੁਰੂ ਦੀ ਬਾਣੀ ਮਿਲਦੀ ਹੈ ਤੇ ੩੧ ਰਾਗਾਂ 'ਜੈ ਜੈ ਵੰਤੀ' ਵਿਚ ਕੇਵਲ ਨਾਵੇਂ ਗੁਰੂ ਤੇਗ ਬਹਾਦਰ ਦੇ ਚਾਰ ਸ਼ਬਦ ਪ੍ਰਾਪਤ ਹਨ। ਇਨ੍ਹਾ ਵਿਚ ਭੀ ਅਪ੍ਰਧਾਨ ਰਾਗ, ਰਾਗਨੀਆਂ ਨੂੰ ਬਾਣੀ ਵਿਚ ਥੋੜੀ ਹੀ ਥਾਂ ਮਿਲੀ ਹੈ ਜਿਹੜੀ ਕਿ ਸੂਚੀ ਵੇਣ ਤੋਂ ਸਪਸ਼ਟ ਹੈ*।

ਗੁਰੂ ਗ੍ਰੰਥ ਦੇ ਪਾਠ ਵਿਚ ਰਾਗ ਮਾਲਾ ਦਿੱਤੀ ਹੋਈ ਹੈ, ਇਸ ਵਿਚ ਰਾਗਾਂ ਦੀ ਸੂਚੀ ਹੈ ਪਰੰਤੂ ਨਾ ਤਾਂ ਗੁਰੂ ਗ੍ਰੰਥ ਵਿਚ ਆਏ ਰਾਗ ਉਸ ਵਿਚ ਮਿਲਦੇ ਹਨ ਤੇ ਨਾ ਹੀ ਇਸ ਵਿਚ ਵਰਣਿਤ ਸਾਰੇ ਰਾਗ ਗੁਰੂ ਗ੍ਰੰਥ ਵਿਚ ਮਿਲਦੇ ਹਨ ਇਸ ਦੀ ਪਰਾਮਾਣਿਕਤਾ ਅਜੇ ਖੋਜ ਦਾ ਵਿਸ਼ਯ ਹੈ†।

ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸੱਚ ਧਰੇ ਪਿਆਰਿ‡

ਰਾਗਾਂ ਵਿਚ ਸਰਬ ਪ੍ਰਧਾਨ ਰਾਗ ਸ੍ਰੀ ਰਾਗ ਹੀ ਹੈ ਇਸ ਲਈ ਇਸਨੂੰ ਪਹਲੀ ਥਾਂ ਮਿਲੀ ਹੈ। ਅਤੇ ਰਾਗ ਜੈ ਜੈ ਵੰਤੀ ਵਿਚ ਇਕੱਲੇ ਨਾਵੇਂ ਗੁਰੂ ਦੇ ਚਾਰ ਸ਼ਬਦ ਪ੍ਰਾਪਤ ਹਨ ਅਤੇ ਉਹ ਅੰਤਿਮ ਰਾਗ ਹੈ। ਇੱਨਾ ਹੁੰਦਿਆਂ ਭੀ ਅਸੀਂ ਉਸ ਦਾ ਮਹਤਵ ਘੱਟ ਨਹੀਂ ਕਰ ਸਕਦੇ, ਹਰ ਇਕ ਕਵਿਤਾ ਦੇ ਆਧਾਰ ਰਾਗ ਦਾ ਭੀ ਇਕ ਆਧਾਰ ਹੈ ਜਿਸ ਵਿਚ ਹੇਠ ਲਿਖੇ ਤਤਾਂ ਨੂੰ ਆਧਾਰ ਮੰਨਿਆ ਗਇਆ ਹੈ§

੧. ਮਨੁਖੀ ਮਨ ਦੇ ਵਿਸ਼ੇਸ਼ ਭਾਵਾਂ ਨੂੰ ਜਗਾਉਂਦਾ ਹੈ।

੨. ਵਿਸ਼ੇਸ਼ ਰੁਤ ਵਿਚ ਗਾਉਣ ਦੇ ਯੋਗ ਹੈ।

੩. ਦਿਨ ਦੇ ਵਿਸ਼ੇਸ਼ ਪਹਰ ਸਮੇਂ ਵਿਚ ਗਾਇਆ ਜਾਂਦਾ ਹੈ।

੪. ਕਿਸੇ ਵਿਸ਼ੇਸ਼ ਥਾਂ ਦੀ ਸੰਸਕ੍ਰਿਤੀ ਨੂੰ ਦਰਸਾਉਂਦਾ ਹੈ।

---

*ਦੇਖੋ ਸੂਚੀ ਪੰਨਾ ੩੦

†ਵਧੇਰੀ ਜਾਣਕਾਰੀ ਲਈ ਦੇਖੋ ਤਵਾਰੀਖ ਗੁਰੂ ਖ਼ਾਲਸਾ ਗੱਜਣ ਸਿੰਘ ਪੰਨਾ ੭੨੮)

‡ਪੰਨਾ ੮੩ ਮਹਲਾ ੩,੧.

§ਇਸਦਾ ਆਧਾਰ ਬਾਣੀ ਬਿਉਰਾ ਪੰਨਾ ੫੨ ਤੋਂ ੮੧ ਹੈ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

| | | | | |
|---|---|---|---|---|
| ੧੪. ਤਿਲੰਗ | ਵਿਰਾਗ | ਵਰਸ਼ਾ | ਅੱਧੀ ਰਾਤ | ਮੁਸਲਮ ਪ੍ਰਿਯ |
| ੧੫. ਸੂਹੀ | ਆਨੰਦ-ਇੰਦਰਯਾਨੁ ਭੂਤੀ | ਬਸੰਤ | ਸਦਾ | ਸੂਫ਼ੀ ਰਾਗ |
| ੧੬. ਬਿਲਾਵਲ | ਸਾਰੀ ਸੰਤੁਲਨ, ਆਸ਼ਾ | ਬਸੰਤ | ਸੂਰਜ ਚੜੇ ਮਗਰੋਂ | — |
| ੧੭. ਗੋਂਡ | ਖੁਸ਼ੀ ਸੰਜੋਗ | ਹੇਮੰਤ | ਦਪਹਿਰ ਪਿਛੋਂ | — |
| ੧੮. ਰਾਮਕਲੀ | ਵੈਰਾਗ ਆਸ਼ਾ | ਬਸੰਤ | ਪ੍ਰਾਤਾ ਕਾਲ | ਵਿਸ਼ੇਸ਼ ਯੋਗੀਆਂ ਦਾ ਪ੍ਰਿਯ ਰਾਗ |
| ੧੯. ਨਟ ਨਾਰਾਇਣ | ਖੁਸ਼ੀ | ਬਰਖਾ | ਤੀਜਾ ਪਹਿਰ | — |
| ੨੦. ਮਾਝੀ ਗਉੜਾ | ਖੁਸ਼ੀ ਉਮੰਗ | — | ਦਪਹਿਰ | — |
| ੨੧. ਮਾਰੂ | ਯੁਧ ਤੇ ਵੀਰ ਭਾਵ | ਸਰਦ | ਦਪਹਿਰ ਮਗਰੋਂ | — |
| ੨੨. ਤੁਖਾਰੀ | ਦੁਖ ਭਾਵਨਾ ਪ੍ਰਸੰਨਤਾ | ਸਰਦ | ਪ੍ਰਾਤਾ ਕਾਲ | — |
| ੨੩. ਕਿਦਾਰਾ | ਖੁਸ਼ੀ ਵਿਯੋਗ | — | ਅਧੀ ਰਾਤ | — |
| ੨੪. ਭੈਰਵ | ਦੁੱਖ | ਸਰਦ | ਪ੍ਰਾਤਾ ਕਾਲ | — |
| ੨੫. ਬਸੰਤ | ਆਨੰਦ ਸੰਤੁਲਨ | ਬਸੰਤ | ਸਦਾ | ਪ੍ਰਸੰਨਤਾ ਦਾ ਰਾਗ |
| ੨੬. ਸਾਰੰਗ | ਆਨੰਦ ਪ੍ਰਸੰਨਤਾ | ਵਰਖਾ | ਦੁਪਹਿਰ | — |
| ੨੭. ਮਲਹਾਰ | — | — | ਅੱਧੀ ਰਾਤ | — |
| ੨੮. ਕਾਨੜਾ | ਖੁਸੀ | ਗਰਮੀ | — | — |
| ੨੯. ਕਲਿਆਣ | ਪ੍ਰਸੰਨਤਾ | ਵਰਸ਼ਾ | ਪਹਿਲਾ ਪਹਿਰ | — |
| ੩੦. ਪ੍ਰਭਾਤੀ | ਸ਼ਾਂਤੀ ਪ੍ਰਸੰਨਤਾ | ਸਰਦ | ਪ੍ਰਾਤਾ ਕਾਲ | — |
| ੩੧. ਜੈ ਜੈ ਵੰਤੀ | ਸੁਖ | ਗਰਮੀ | ਅੱਧੀ ਰਾਤ | — |

ਇਨ੍ਹਾਂ ਦਾ ਆਧਾਰ ਬਾਣੀ ਬਿਊਰਾ ਪੰਨਾ ੫੧ ਤੋਂ ੮੧ ਹੈ।

ਇਨ੍ਹਾ ਰਾਗਾਂ ਵਿਚ ਠੀਕ ਵਾਤਾਵਰਣ ਬਣਾਉਣ ਲਈ ਭਾਵ. ਹਾਲਾਤ ਸ੍ਰੇਣੀ ਸ਼ਬਦਾਵਲੀ; ਅਲੰਕਾਰ ਤੇ ਛੰਦ ਭੀ ਰਾਗਾਂ ਦੇ ਅਨੁਕਾਲ ਹੀ ਮਿਲਦੇ ਹਨ। ਵੀਰ ਰਾਗ ਤੇ ਸ਼ਿਗਾਰ ਰਾਗ ਲਈ ਭਿੰਨ ਭਿੰਨ ਵਾਤਾਵਰਣ ਤੇ ਬਦਲਦੀ ਸ਼ਬਦਾਵਲੀ, ਭਾਸ਼ਾ ਤੇ ਅਲੰਕਾਰ ਦੀ ਲੋੜ ਹੁੰਦੀ ਹੈ। ਗੁਰੂਆਂ ਨੂੰ ਇਸ ਗਲ ਦਾ ਠੀਕ ਗਿਆਨ ਸੀ ਉਨ੍ਹਾਂ ਦੀ ਬਾਣੀ ਪੜ੍ਹਣ ਤੇ



Digitized by Panjab Digital Library | www.panjabdigilib.org

ਇਹ ਗੱਲ ਸਪਸ਼ਟ ਹੁੰਦੀ ਹੈ ।* ਗੁਰੂ ਨਾਨਕ ਨੇ ਰਾਗ ਦੀ ਮਹੱਤਤਾ ਰੱਸ ਹੈ ਤੋਂ ਭੀ ਵੱਧ ਮੰਨੀ ਹੈ । ਇਸੇ ਕਾਰਣ ਉਨ੍ਹਾਂ ਦੀ ਕਵਿਤਾ ਵਿਚ ਜਿਥੇ ਰਾਗਾ-ਨੁਕੂਲ ਸ਼ੈਲੀ ਮਿਲਦੀ ਹੈ ਉਥੇ ਸ਼ਬਦਾਂ ਦੀ ਅੰਤਰਾਤਮਾ ਦਾ ਪ੍ਰਯੋਗ ਹੋਣ ਕਾਰਣ, ਭਾਸ਼ਾ ਦਾ ਸ਼ਫਲ ਪ੍ਰਯੋਗ ਕਰਕੇ, ਉਨ੍ਹਾਂ ਦੇ ਬਹੁਤ ਵਧੀਆ ਕਾਵਿ-ਪ੍ਰਤਿਭਾ ਦਾ ਪਰਿਚਯ ਦਿੱਤਾ ਹੈ । ਉਨ੍ਹਾਂ ਨੇ ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਸੂਫ਼ੀਆਂ ਗੁਜਰਾਂ ਆਦਿ ਹਰ ਤਰ੍ਹਾਂ ਦੇ ਵਿਅਕਤੀਆਂ ਦੇ ਮਨ ਪਸੰਦ ਰਾਗਾਂ ਦਾ ਚੁਣਾਉ ਕਰਕੇ ਜਾਤੀਆਂ ਦੇ ਤੰਗ ਘੇਰੇ ਦੇ ਦ੍ਰਿਸ਼ਟਿਕੋਣ ਨੂੰ ਕ੍ਰਿਯਾਤਮਕ ਤੌਰ ਤੇ ਵਿਸ਼ਾਲ ਕਰਨ ਦਾ ਯਤਨ ਕੀਤਾ ਹੈ । ਵੈਸ਼ਨਵਾਂ ਦੀ ਭਗਤੀ ਦੇ ਚੰਗੇ ਅੰਗ ਕੀਰਤਨ ਦਾ ਭੀ ਉਨ੍ਹਾਂ ਨੇ ਵਿਸ਼ੇਸ਼ ਮਹਤਵ ਸ੍ਵੀਕਾਰ ਕੀਤਾ ਅਤੇ ਰਾਗ ਤੇ ਵਿਚਾਰ-ਅਨੁਕੂਲ ਉਸ ਨੂੰ ਬਾਣੀ ਵਿਚ ਢਾਲ ਲਇਆ । ਗੁਰੂ ਨਾਨਕ ਨੇ ਸੰਗੀਤ ਕਿਥੋਂ ਸਿਖਿਆ ਇਹ ਭੀ ਖੋਜ ਦਾ ਵਿਸ਼ਯ ਹੈ । ਸ਼ਾਇਦ ਉਨ੍ਹਾਂ ਦਾ ਨਿਤ ਦਾ ਸਾਥੀ ਮਰਦਾਨਾ ਉਨ੍ਹਾਂ ਦਾ ਸਹਾਇਕ ਸਿੱਧ ਹੋਇਆ ਹੋਵੇ ।

ਅਧਿਆਤਮਕ ਪੱਖ ਇਕ ਲੰਬਾ ਤੇ ਚੰਗੀ ਤਰ੍ਹਾਂ ਵਿਚਾਰਿਆ ਹੋਇਆ ਪੱਖ ਹੈ । ਜੇ ਉਸ ਦ੍ਰਿਸਟੀ ਤੋਂ ਰਾਗਾਂ ਦਾ ਵਰਗੀ-ਕਰਣ ਕੀਤਾ ਜਾਵੇ ਤਾਂ ਗੁਰੂ ਗ੍ਰੰਥ ਦੇ ਵਿਕਾਸ-ਕ੍ਰਮ ਵਿਚ ਇਕ ਵਿਚਾਰਧਾਰਾ ਦੇ ਵਿਗਿਆਨਕ ਰੂਪ ਨਾਲ ਵਿਕਸਿਤ ਹੋਣਾ ਪ੍ਰਤੱਖ ਮਿਲਦਾ ਹੈ ।

ਪਹਿਲੇ ਭਾਗ ਵਿਚ ਸ੍ਰੀ ਰਾਗ, ਮਾਝ, ਗੌੜੀ, ਆਸਾ ਗੂਜਰੀ ਵਡਹੰਸ ਤੇ ਸੋਰਠ ਆਦਿ ਰਾਗਾਂ ਨੂੰ ਰੱਖਿਆ ਜਾ ਸਕਦਾ ਹੈ । ਇਨ੍ਹਾਂ ਵਿਚ ਮਾਇਆ ਵਿਚ ਪਲੇ ਹੋਏ ਜੀਵ ਨੂੰ ਨਸ਼ਟ ਹੋਣ ਵਾਲੀ ਸੰਮਪਤੀ, ਅਸਥਿਰ ਸਰੀਰ ਤੇ ਨਾਸ਼ਮਾਨ ਸੰਸਾਰ ਦਾ ਗਿਆਨ ਪ੍ਰਦਾਨ ਕਰਵਾ ਕੇ, ਸੰਸਾਰ ਪ੍ਰਤੀ ਵੈਰਾਗ ਦੀ ਭਾਵਨਾ ਪੈਦਾ ਕਰਕੇ, ਜੀਵਨ ਨੂੰ ਉਸ ਤੋਂ ਨਿਰਲੇਪ ਬਣਾਉਣ ਦਾ ਪ੍ਰਯਤਨ ਕੀਤਾ ਗਇਆ ਹੈ । ਗਰਮੀਆ ਦੀ ਤੇਜ਼ ਗਰਮੀ ਵਾਂਗ ਹੀ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਮਨੁੱਖ ਦੇ ਸਾਹਮਣੇ ਆਉਂਦੀਆਂ ਹਨ ਤੇ ਉਹ ਆਪਣੀਆਂ ਕਮੀਆ ਦੁਰਗੁਣਾਂ ਤੇ ਅਭਾਵਾਂ ਨੂੰ ਅਨੁਭਵ ਕਰਨ ਲੱਗ ਪੈਂਦਾ ਹੈ । ਇਹੋ ਹੀ ਅਧਿਆਤਮਕ ਰਾਹ ਦੀ ਪਹਲੀ ਪਉੜੀ ਹੈ ਕਿ ਮਨੁੱਖ ਰਬ

*ਦੇਖੋ ਰਾਗਾ-ਨੁਕੂਲ ਬਾਣੀ ਦਾ ਪਰਚਿਯ ।



Digitized by Panjab Digital Library | www.panjabdigilib.org

ਸਾਹਮਣੇ ਨਿਮਾਣਤਾਂ ਮੰਨਦਾ ਹੋਇਆ ਤੱਤ ਰਹਿਤ ਸੰਸਾਰ ਨੂੰ ਤਿਆਗ ਕੇ ਉਸ ਵਿਚ ਲੀਨ ਹੋ ਜਾਵੇ ।

ਮਨੁਖੀ ਰਾਗ ਸੂਹੀ, ਬਿਲਾਵਲ ਤੇ ਰਾਮਕਲੀ ਆਦਿ ਸਮੱਸਿਆਵਾਂ ਦਾ ਹੱਲ ਪੇਸ਼ ਕਰਦੇ ਹੋਏ ਮਨੁਖੀ ਮਨ ਨੂੰ ਅਭਿਆਸ ਦਾ ਮਾਰਗ ਦਸਦੇ ਹਨ, ਕਿਉਂਕਿ ਆਤਮ ਅਨੁਭਵ ਦੇ ਮਾਰਗ ਦਾ ਰਾਹੀ ਉਸ ਮਾਰਗ ਉਤੇ ਅਭਿਆਸ ਨਾਲ ਹੀ ਵਧ ਸਕਦਾ ਹੈ । ਭਗਤੀ ਜਾਂ ਰਾਗ ਅਜਿਹੇ ਸਾਧਨ ਹਨ ਜਿਨ੍ਹਾਂ ਦੇ ਨਿਰੰਤਰ ਜਪ ਤੋਂ ਹੀ ਮਨੁਖ ਆਪਣੇ ਮਨ ਤੇ ਇੰਦਰੀਆਂ ਨੂੰ ਵਸ ਕਰਕੇ ਵਾਹਿਗੁਰੂ ਵਲ ਲਗ ਸਕਦਾ ਹੈ । ਸਰਦ ਰੁਤ ਇਸ ਵਿਚ ਸਹਾਇਕ ਹੁੰਦੀ ਹੈ ।

ਰਾਗ ਤੁਖਾਰੀ ਬਸੰਤ, ਸਾਰੰਗ, ਮਲਹਾਰ, ਤੇ ਪ੍ਰਭਾਤੀ ਆਦਿ ਅਖੀਰੀ ਰਾਗ ਵਿਚ ਸ੍ਵੈ ਅਨੁਭੂਤੀ ਤੋਂ ਉਤਪੰਨ ਭਗਵਤ ਮਿਲਨ ਤੇ ਉਸ ਮਿਲਨ ਤੋਂ ਅਨੁਭੂਤੀ ਆਂਤ੍ਰਿਕ ਖੁਸ਼ੀ ਦੇ ਲੈ ਜਾਣ ਵਾਲੇ ਹਨ । ਕਿਉਂ ਜੋ ਪਿਆਸੇ ਤੇ ਤੜਪਦੇ ਮਨੁਖ ਦਾ ਇਹੋ ਹੀ ਜੀਵਨ ਉਦੇਸ਼ ਹੈ । ਬਸੰਤ ਰਿਤੂ ਉਸ ਦੀ ਪ੍ਰਸੰਨਤਾ ਦੀ ਸੂਚਕ ਹੈ ਤੇ ਬਰਖਾ ਉਸ ਆਨੰਦ ਨੂੰ ਅਨੁਭਵ ਕਰਨ ਵਿਚ ਸਹਾਇਕ ਹੁੰਦੀ ਹੈ ਇਹੋ ਦੋਨਾਂ ਦਾ ਮਿਲਨ ਥਾਂ ਹੈ । ਇਸ ਤਰ੍ਹਾਂ ਅਧਿਆਤਮਕ ਪੱਥ ਦੇ ਦ੍ਰਿਸ਼ਟਿਕੋਣ ਤੋਂ ਗੁਰੂ ਗ੍ਰੰਥ ਦੇ ਪ੍ਰਮੁੱਖ ਰਾਗਾਂ ਨੂੰ ਇਨ੍ਹਾਂ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ।

ਸਵੇਰ ਸਮੇਂ ਗਾਉਣ ਯੋਗ ਬਾਣੀਆਂ ਡੂੰਘੀ ਚਿੰਤਨ ਭਰੀ ਵਿਚਾਰ ਧਾਰਾ ਰਖਦੀਆਂ ਹਨ ਅਤੇ ਸ਼ਾਮ ਦੀਆਂ ਸਾਧਾਰਣ ਜੀਵਨ ਗੱਲਾਂ ਦਸਦੀਆਂ ਹਨ ਤੇ ਰਾਤ ਸਮੇਂ ਗਾਉਣ ਵਾਲੀਆਂ ਵਧੇਰੀਆਂ ਚਿਤਰਾਤਮਕ ਹਨ । ਮਨੁਖੀ ਜੀਵਨ ਦੀਆਂ ਅਵਸਥਾਵਾਂ ਦੇ ਅਨੁਕੂਲ ਅਧਕਾਰ ਮਈ ਜਵਾਨੀ ਦੀ ਅਵਸਥਾਂ ਸੰਸਾਰਕ ਦੁੱਖਾਂ ਨੂੰ ਦੇਖ ਕੇ ਉਸ ਰਬ ਨੂੰ ਭਾਲਦੀ ਵਿਰਦੀ ਹੈ ਜਿਸਦਾ ਸਾਧਨ ਹੈ ਅਭਿਆਸ ਨਾਲ ਮਨ ਨੂੰ ਵਸ ਵਿਚ ਕਰਨਾ* ।

ਮੱਧ ਆਯੂ ਦੇ ਗ੍ਰਹਸਤ ਜੀਵਨ ਵਿਚ ਜੇਕਰ ਬ੍ਰਹਮ ਦਾ ਰਤਾ ਭੀ ਗਿਆਨ ਹੋ ਗਇਆ ਤੇ ਉਸੇ ਪ੍ਰਕਾਸ਼ ਤੋਂ ਆਸ਼ਾ ਦੀਆਂ ਕਿਰਨਾਂ ਫੁਟ

*ਅਭਿਆਸ ਨਿਤ੍ਰੀਤੇਯ ਚਿ ਗ੍ਰੀਯਤਿ ਤੇ (ਗੀਤਾ ਅਧਿਆਏ ੩੪) ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤੀਜਾ ਅਧਿਆਇ

ਗੁਰੂ ਗ੍ਰੰਥ ਦੀ ਸਾਰੀ ਬਾਨੀ ਦਾ ਵਰਗੀਕਰਣ ਪਿਛਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਉਸ ਵਰਗੀ-ਕਰਣ ਅਨੁਸਾਰ ਹੀ ਇਥੇ ਉਸਦੀ ਜਾਣ-ਪਛਾਣ ਕਰਵਾਈ ਜਾਂਦੀ ਹੈ। ਗੁਰੂ ਗ੍ਰੰਥ ਨੂੰ ਸਾਧਾਰਣ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲਗਦਾ ਹੈ ਕਿ ਉਸਦੇ ਤਿੰਨ ਭਾਗ ਹਨ। ਪਹਲੇ ਭਾਗ ਵਿਚ ਰਾਗਾਂ ਤੋਂ ਪਹਲਾਂ ਬਾਣੀ ਨੂੰ ਰੱਖਿਆ ਜਾ ਸਕਦਾ ਹੈ। ਦੂਜੇ ਵਿਚ ਰਾਗਾਂ ਵਿਚ ਬਿਆਨੀ ਬਾਣੀ ਨੂੰਤੇ ਤੀਜੇ ਵਿਚ ਰਾਗਾਂ ਵਿਚ ਆਉਣ ਵਾਲੀ ਬਾਣੀਨੂੰ। ਮਨੁਖੀ ਸਰੀਰ ਦੇ ਅਨੁਕੂਲ ਹੀ ਇਨ੍ਹਾਂ ਨੂੰ ਉਪਰਲਾ ਭਾਗ, ਮਧ ਭਾਗ ਤੇ ਅਤਮ ਭਾਗ ਕਹਿਆ ਜਾ ਸਕਦਾ ਹੈ। ਪਹਲੇ ਵਿਚ ਵਿਚਾਰ, ਦੂਜੇ ਵਿਚ ਸੰਗੀਤ ਤੀਜੇ ਵਿਚ ਅਭਿਵਿਅੰਜਣਾ ਨੂੰ ਪ੍ਰਧਾਨ ਮੰਨਿਆਂ ਜਾ ਸਕਦਾ ਹੈ। ਪ੍ਰਤੇਕ ਭਾਗ ਦੀ ਬਾਣੀ ਨਾਲ ਜਾਣ ਪਛਾਣ ਕਰਨ ਤੋਂ ਮਗਰੋਂ ਹੀ ਇਸਤੇ ਵਿਸਤਾਰ ਭਰਪੂਰ ਚਰਚਾ ਕੀਤੀ ਜਾ ਸਕਦੀ ਹੈ। ਇਸ ਲਈ ਇਸਦਾ ਇਥੇ ਪਰਿਚਯ ਦਿੱਤਾ ਜਾਂਦਾ ਹੈ।

### ਵਰਗੀਕਰਣ ਅਨੁਸਾਰ ਬਾਣੀ ਦੀ ਜਾਣ ਪਛਾਣ

(੧) ਮੂਲ ਮੰਤਰ: —

"੧ਓ ਕਾਰ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰਪ੍ਰਸਾਦਿ"

ਪਹਲੇ ਗੁਰੂ ਨਾਨਕ ਦੁਆਰਾ ਉਚਾਰਣ ਕੀਤਾ ਗਇਆ ਮੂਲ ਮੰਤਰ ਹੀ ਸਿੱਖ ਧਰਮ ਦਾ ਆਧਾਰ ਹੈ। ਇਸ ਵਿਚ ਵਾਹਿਗੁਰੂ ਦਾ ਸਰੂਪ ਦਰਸਾਇਆ ਗਇਆ ਹੈ—ਉਹ ਬ੍ਰਹਮ* ਹੀ ਤਾਂ ਇਕਮਾਤਰ ਵਿਚ ਸਰਬ ਕਰਤਾ, ਸਰਬ ਵਿਆਪਕ, ਨਿਰਭੈ, ਨਿਰਵੈਰ ਤੇ ਅਜੂਨੀ ਹੁੰਦਾ ਹੋਇਆ ਭੀ

*ਸਿਖ ਧਰਮ ਵਿਚ ਇਸ ਲਈ 'ਵਾਹਿਗੁਰੂ' ਸ਼ਬਦ ਦਾ ਪ੍ਰਯੋਗ ਬੜੇ ਪਿਆਰ ਨਾਲ ਕੀਤਾ ਜਾਂਦਾ ਹੈ।



Digitized by Panjab Digital Library | www.panjabdigilib.org

ਗੁਰੂ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਕਿਸੇ ਪਾਸੇ ਜਾਣ ਤੋਂ ਪਹਲਾਂ ਉਸ ਮੰਜ਼ਿਲ ਦੇ ਦਰਸ਼ਨ ਕਰਨ ਜਾਂ ਕੁਝ ਰੂਪ ਰੇਖਾ ਦੇ ਪ੍ਰਭਾਵ ਨੂੰ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਅਧਿਆਤਮਕ ਮਾਰਗ ਦੇ ਤਿੰਨ ਅੰਗ ਹੁੰਦੇ ਹਨ।

੧. ਭਗਵਾਨ ਦੇ ਰੂਪ ਦਾ ਗਿਆਨ† ਇਹੋ ਮਨੁਖੀ ਜੀਵਨ ਦਾ ਉਦੇਸ਼ ੨: ਹੈ ਜਿਹੜਾ ਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੈ। ਕੋਸ਼ਿਸ਼ ਕਰਨ ਵਾਲੇ ਜੀਵ ਨੂੰ ਉਸ ਦਾ ਮੰਤਵ ਤੇ ਮੰਤਵ ਦਾ ਮਾਰਗ ਦਸ ਦੇਣਾ ਹੀ ਅਧਿਆਤਮਕ ਗੁਰੂ ਦਾ ਕਰਤਵ ਹੈ ਤੇ ਮੂਲ ਮੰਤਰ ਇਹੋ ਕਮ ਕਰਦਾ ਹੈ। ਇਸ ਲਈ ਹਰੇਕ ਰਾਗ ਦੇ ਆਰੰਭ ,ਵਿਚ ਇਸਦੀ ਥਾਂ ਬਣੀ ਹੋਈ ਹੈ। ਅਧਿਆਤਮਕ ਰਾਹ ਦਾ ਰਾਹੀ, ਕਿਧਰੇ ਭਟਕ ਹੀ ਨਾ ਜਾਵੇ। ਇਸ ਲਈ ਉਸਨੂੰ ਬਾਰ ਬਾਰ ਉਸਦੇ ਮੰਤਵ ਦੀ ਯਾਦ ਕਰਵਾਈ ਜਾਂਦੀ ਹੈ ਤੇ ਨਾਲ ਹੀ ਉਸ ਨੂੰ ਨਿਰਾਸ ਤੇ ਉਤਸ਼ਾਹ ਹੀਨ ਹੋਣ ਤੋਂ ਬਚਾਕੇ ਲਗਾਤਾਰ ਆਸ਼ਾ ਦੀਆਂ ਕਿਰਣਾਂ ਵਿਖਾ ਕੇ ਉਤਸ਼ਾਹ ਨਾਲ ਅਗਾਂਹ ਵਧਣ ਲਈ ਪ੍ਰੇਰਣਾ ਦਿੱਤੀ ਜਾਂਦੀ ਹੈ। ਇਸੇ ਲਈ ਪੰਜਵੇਂ ਗੁਰੂ ਨੇ ਭੀ ਕਹਿਆ ਹੈ।

"ਬੀਜ ਮੰਤਰ ਸਰਬ ਕੋ ਗਿਆਨੁ†" ਇਹੋ ਇਸਦੀ ਮਹੱਤਤਾ ਹੈਂ ਗੁਰੂ ਗ੍ਰੰਥ ਵਿਚ ਇਸਦੀ ਵਰਤੋਂ ੩੩ ਥਾਵਾਂ ਤੇ ਹੋਈ ਹੈ "੧ਓ ਸਤਿਨਾਮ ਕਰਤਾ ਪੁਰਖੁ ਗੁਰੁਪ੍ਰਸਾਦਿ' ਇਸੇ ਦਾ ਹੀ ਸੰਖੇਪ ਰੂਪ ਹੈ ਜਿਹੜਾ ਗੁਰੂ ਗ੍ਰੰਥ ਵਿਚ ਕੇਵਲ ਅੱਠ ਥਾਵਾਂ ਤੇ ਮਿਲਦਾ ਹੈ। ਤੇ ਗੁਰੂ ਗ੍ਰੰਥ ਤੋਂ ਇਲਾਵਾ ਬਾਹਰ ਨਹੀਂ ਮਿਲਦਾ। ਇਕ ਹੋਰ ਪ੍ਰਚਲਿਤ ਤੇ ਸੰਖੇਪ ਰੂਪ "੧ਓ ਸਤਿਗੁਰ ਪ੍ਰਸ਼ਾਦਿ' ਹੈ ਜਿਹੜਾ ਕਿ ਅੱਜ ਦੇ ਵਿਗਿਆਨਕ ਯੁਗ ਵਿਚ 'ਘੱਟ ਸਮੇਂ ਵਿਚ ਵੱਧ ਕੰਮ' ਦੀ ਭਾਵਨਾ ਦਾ ਸੂਚਕ ਹੈ। ਇਸੇ ਤੋਂ ਮੂਲ ਮੰਤਰ ਦੀ ਵਰਤੋਂ ਸਮਝੀ ਜਾਂਦੀ ਹੈ। ਗੁਰੂ ਗ੍ਰੰਥ ਵਿਚ ਇਸਦੀ ੫੨੫ ਥਾਵਾਂ ਤੇ ਵਰਤੋਂ ਹੋਈ ਹੈ‡।

੨. ਜਪੁ—ਆਦਰ ਕਰਕੇ ਇਸਨੂੰ ਜਪੁਜੀ ਕਹਿੰਦੇ ਹਨ। ਭਗਤੀ ਮਾਰਗ ਵਿਚ ਨਾਮ ਮਾਰਗ ਅਤੇ ਨਾਮ ਦਾ ਰੋਜ਼ ਸਿਮਰਣ ਹੀ ਜਪੁ ਅਖਵਾਂਦਾ

---

†ਸੁਖਮਨੀ – ਪੰਨਾ ੨੬੨

‡ਬਾਣੀ ਵਿਉਰਾ ਪੰਨਾ ੧੧੭



Digitized by Panjab Digital Library | www.panjabdigilib.org

ਹੈ * । ਨਾਮ ਸਿਮਰਣ ਵਿਚ ਹੀ ਇਸ ਬਾਣੀ ਦੇ ਨਾਮ ਦੀ ਪਰਪਕਤਾ ਹੈ। ਗੁਰੂ ਗ੍ਰੰਥ ਦੀ ਅਸਲੀ ਬਾਣੀ ਦਾ ਆਰੰਭ ਇਥੋਂ ਹੀ ਹੁੰਦਾ ਹੈ। ਇਸ ਵਿਚ ੩੮ ਪਉੜੀਆਂ ਤੇ ੨ ਸ਼ਲੋਕ ਹਨ। ਇਹ ਪਹਿਲੇ ਗੁਰੂ ਦੀ ਪਰਪਕ ਉਮਰ ਵਿਚ ਕਢਿਆ ਹੋਇਆ ਨਿਚੋੜ ਹੈ। ਉਸਦੀ ਸਰਵੋਤਮ ਅਨੁਭੂਤੀ ਦੀ ਅਤਿ ਤਿੱਖੀ ਅਭਿਵਿਅੰਜਣਾ ਹੈ। ਸਾਰੇ ਗੁਰੂ ਗ੍ਰੰਥ ਦੇ ਪ੍ਰਧਾਨ ਸਿਧਾਂਤ ਪੂਰਣ ਰੂਪ ਵਿਚ ਇਥੇ ਮਿਲਦੇ ਹਨ। ਇਸ ਲਈ ਇਸਨੂੰ ਮੂਲ ਮੰਤਰ ਦੀ ਵਿਆਖਿਆ, ਸਾਰੇ ਗੁਰੂ ਗ੍ਰੰਥ ਦਾ ਨਿਚੋੜ ਜਾਂ ਸਾਰੇ ਗੁਰੂ ਗ੍ਰੰਥ ਨੂੰ ਹੀ ਇਸ ਦੀ ਵਿਆਖਿਆ ਕਹੀਏ ਤਾ ਜ਼ਿਆਦਾ ਠੀਕ ਹੋਵੇਗਾ। ਸੰਪੂਰਣ ਸਿੱਖ ਧਰਮ ਦਾ ਸਿਧਾਂਤਕ ਆਧਾਰ ਇਹੋ ਹੈ। ਇਸੇ ਦੀ ਵਿਆਖਿਆ ਨਾਲ ਉਸਦਾ ਵਿਵਹਾਰਕ ਧਰਮ ਸਪਸ਼ਟ ਹੁੰਦਾ ਹੈ। ਬ੍ਰਹਮ ਹੀ ਇਕ ਮਾਤਰ ਸੱਚ ਹੈ। ਜਾਂ ਸਚ ਹੀ ਬ੍ਰਹਮ ਹੈ। ਇਹ ਇਸਦਾ ਪ੍ਰਧਾਨ ਵਿਚਾਰ ਹੈ†। ਬੁਢਾਪੇ‡ ਦੀ ਰਚਨਾ ਹੋਣ ਕਾਰਣ ਇਸ ਵਿਚ ਗਾਗਰ ਵਿਚ ਸਾਗਰ ਬੰਦ ਕੀਤਾ ਹੋਇਆ ਹੈ। ਸੰਗੀਤ, ਰਾਗ ਅਤੇ ਤੁਕਾਂ ਦਾ ਦਾਰਸ਼ਨਿਕ ਵਿਚਾਰਧਾਰਾ ਦੇ ਅਨੁਕੂਲ ਹੋਣਾ ਸਰਲ ਭਾਸ਼ਾ—ਛੰਦਾਂ ਦੀ ਅਨੇਕਤਾ ਤੇ ਬਾਣੀ ਦੀ ਸਰਵ ਵਿਆਪਕਤਾ ਇਸ ਅਦੁੱਤੀ ਕਾਵਿ ਪ੍ਰਤਿਭਾ ਦੀ ਸੂਚਕ ਹੈ§ ਇਸਦੀ ਮਹੱਤਤਾ ਪ੍ਰਗਟ ਕਰਦੇ ਹੋਏ ਰਾਗਾਂ ਨੂੰ ਇਥੇ ਵਰਤਣ ਦੀ ਲੋੜ ਨੂੰ ਰੋਕਿਆ ਨਹੀਂ ਜਾ ਸਕਦਾ।

"His one song japji marks him a Creator whose

---

*ਬ੍ਰਹਮ ਦੇ ਗੁਣਾ ਦਾ ਧਿਆਨ ਹੀ ਨਾਮ ਹੈ, ਉਸ ਦੇ ਧਿਆਨ ਵਿਚ ਲਗਨਾ ਹੀ ਜਪੁ ਹੈ।

†'ਜਪੁ ਨੂੰ ਜਪੁ ਨਿਸ਼ਾਨ' ਭੀ ਕਹਿੰਦੇ ਹਨ। ਨਿਸ਼ਾਨ ਦਾ ਅਰਥ ਹੈ ਪ੍ਰਗਟ।

‡ਵਿਚਾਰਾਂ ਲਈ ਵੇਖੋ—ਵਿਸ਼ੇਸ਼ ਬਾਣੀਆਂ ਦਾ ਪਰਚਾ ਜਪੁ ਜੀ।

§Sutre brevity, variety of metres, union of music, rhythm and rhyme with Philosophical Substance, expressiveness of plain language, Union of aesthetic taste with didactism, universalism—all these features have been artistically Combined in this poem" (Prof; Taran Singe, Guru Nanak as a poet P. 102.



Digitized by Panjab Digital Library | www.panjabdigilib.org

genious, puts its seal on ages"() ਇਨਾਂ ਹੀ ਨਹੀਂ, ਬਾਕੀ ਦੇ ਅਜ ਤਕ ਦੇ ਪੰਜਾਬੀ ਦੇ ਸਾਰੇ ਉਘੇ ਅਤੇ ਕਵੀ ਭਾਈ ਵੀਰ ਸਿੰਘ ਜੀ ਦਾ ਭੀ (ਜਿਹੜੇ ਕਿ ਪੰਜਾਬੀ ਦੇ ਮਹਾਨ ਕਵੀ ਕਹੇ ਜਾਂਦੇ ਹਨ) ਗਰੂ ਗ੍ਰੰਥ ਦੀਆਂ ਵਿਸ਼ੇਸ਼ ਬਾਣੀਆਂ ਵਿਚੋਂ ਜਪ ਜੀ ਦਾ ਪ੍ਰਭਾਵ ਹੀ ਵਧੇਰੇ ਸਵੀਕਾਰ ਕਰਨਾ ਲੇਖਕ ਦੇ ਕਥਨ ਦੀ ਸਚਾਈ ਦੀ ਕਸਵੱਟੀ ਦੀ ਸੱਚੀ ਪਰਖ ਹੈ ਕਿਉਂਕਿ"

"Every particle of its marble—Cut hoord temple
Contains the design of the whole."

(Prof; Puran Singh ten masters P. 135)

ਇਹ ਅਤਿਕਥਨੀ ਨਾ ਹੋਕੇ ਠੀਕ ਹੈ ।

ਸਿੱਖ ਧਰਮ ਵਿਚ ਇਹ ਸਵਰੇ ਉਠ ਕੇ ਪਾਠ ਕਰਨ ਵਾਲੀ ਬਾਣੀ ਦੇ ਰੂਪ ਵਿਚ ਪੂਜਯ ਹੋਣ ਤੋਂ ਉਪਰੰਤ ਹਰੇਕ ਧਾਰਮਿਕ ਸਿੱਖ ਅਜ ਭੀ ਇਸ ਬਾਣੀ ਦੇ ਜਾਪ ਤੋਂ ਹੀ ਰੋਜ਼ ਦਾ ਕੰਮ ਆਰੰਭ ਕਰਦਾ ਹੈ । ਇਸਦਾ ਪਾਠ ਨਿਸਚਿਤ ਰੂਪ ਨਾਲ ਹੀ ਮਨ ਨੂੰ ਸ਼ਾਂਤੀ, ਵਿਸਮਾਦ, ਲਗਨ ਤੇ ਆਨੰਦ ਦਿੰਦਾ ਹੈ ।

੩. ਸੋਦਰ—"ਸੋਦਰ ਤੇਰਾ ਕੇਹਾ ਸੋ ਘਰੁ ਕੇਹਾ" ਬ੍ਰਹਮ ਦੇ ਦਵਾਰ ਦਾ ਦਰਸ਼ਨ ਜਾਂ ਘਰ ਦਾ ਗਿਆਨ, ਘਰ ਪ੍ਰਵੇਸ਼ ਤੋਂ ਪਹਲਾਂ ਜ਼ਰੂਰੀ ਹੁੰਦਾ ਹੈ । ਇਸ ਲਈ ਇਸ ਬਾਣੀ ਦਾ ਨਾਮ ਠੀਕ ਹੀ ਹੈ, ਇਸ ਵਿਚ ਕੇਵਲ ਪੰਜ ਸ਼ਬਦ ਹਨ—ਪਹਲੇ ਤਿੰਨ ਗੁਰੂ ਨਾਨਕ ਦੇ, ਚੌਥਾ ਚੋਥੇ ਗੁਰੂ ਦਾ ਤੇ ਪੰਜਵਾਂ ਪੰਜਵੇਂ ਗੁਰੂ ਦਾ । ਥੋੜੇ ਬਹੁਤ ਸ਼ਬਦ ਭੇਦ ਨਾਲ ਇਹੋ ਬਾਣੀ ਹੋਰ ਥਾਵਾਂ ਤੇ ਗੁਰੂ ਗ੍ਰੰਥ ਵਿਚ ਹੀ ਮਿਲਦੀ ਹੈ ।* ਜੀਵ ਦੀ ਤਾਂ ਗੱਲ ਹੀ ਕੀ ਵਿਚਾਰੇ ਦੇਵੀ ਦੇਵਤਾ ਤੇ ਉਨ੍ਹਾਂ ਦੇ ਮਾਲਿਕ ਇੰਦਰ-ਇੰਦਰਾਨੀ ਸਾਰੇ ਹੀ, ਉਸਦੇ ਵਿਚਾਰ ਦਾ ਦਰਸ਼ਨ ਕਰਨ ਲਈ ਕਰਤਾ ਬ੍ਰਹਮ ਦੇ ਬੇਅੰਤ ਗੁਣ ਗਾਉਂਦੇ ਹਨ । ਕਿਉਂਕਿ ਵਿਚਾਰ ਦੇ ਦਰਸ਼ਨ ਬਿਨਾ ਪ੍ਰਵੇਸ਼ ਦਾ ਨਾਂ ਕਿੱਥੋਂ ਮਿਲ ਸਕਦਾ ਹੈ ? ਇਸ ਬਾਣੀ ਦਾ ਭੀ ਸਵੇਰੇ ਪਾਠ ਹੁੰਦਾ ਹੈ ।

---

()S. Puran Singh then masters P. 135.)

*ਪੰਨਾ ੬ ਸ਼ਬਦ ਸੰਖਿਆ ੨੭ ਪੰਨਾ ੩੪੭ ਸ਼ਬਦ ਸੰਖਿਆ (੯)



Digitized by Panjab Digital Library | www.panjabdigilib.org

੪. ਸੋ ਪੁਰਖ–'ਸੋ ਪੁਰਖੁ' ਸ਼ਬਦ ਤੋਂ ਆਰੰਭ ਹੋਣ ਕਰਕੇ ਇਸ ਦਾ ਨਾਮ ਸੋ ਪੁਰਖ ਹੈ। ਇਹ ਪੁਰਖ ਬ੍ਰਹਮ ਹੀ ਹੈ–ਇਸ ਦੇ ਚਾਰ ਸ਼ਬਦਾਂ ਵਿਚੋਂ ਕ੍ਰਮ ਅਨੁਸਾਰ ਚੌਥੇ ਗੁਰ ਰਾਮਦਾਸ ਦੇ ਦੋ ਅਤੇ ਫਿਰ ਇਕ ਗੁਰੂ ਨਾਨਕ ਦਾ ਤੇ ਅੰਤਿਮ ਪੰਜਵੇਂ ਗੁਰੂ ਦਾ ਸ਼ਬਦ ਹੈ । ਇਸ ਵਿਚ 'ਤੂੰ ਆਦਿ ਪੁਰਖ' ਕਹ ਕੇ ਪੁਰਖ ਬ੍ਰਹਮ ਦੀ ਪ੍ਰਸੰਸਾ ਦਾ ਵਰਣਨ ਹੈ। ਸਿਖ ਧਰਮ ਵਿਚ ਇਸ ਬਾਣੀ ਦਾ ਪਾਠ ਨਿਤ ਸੰਧਿਆ ਵੇਲੇ ਹੁੰਦਾ ਹੈ।*

੫. ਸੋਹਿਲਾ†–ਸੋਹਿਲਾ ਦਾ ਅਰਥ ਹੈ ਜਸ। ਇਸ ਵਿਚ ਬ੍ਰਹਮ ਦੇ ਜਸ ਦਾ ਗਾਇਣ ਹੈ: ਇਹੋ ਇਸ ਨਾਂ ਦੀ ਸਾਰਥਕਤਾ ਹੈ। ਇਸ ਵਿਚ ਭੀ ਗੁਰੂ ਨਾਨਕ ਦੇ ਤਿੰਨ, ਗੁਰੂ ਰਾਮਦਾਸ ਦਾ ਇਕ ਤੇ ਗੁਰੂ ਅਰਜਨ ਦਾ ਇਕ, ਇਸ ਤਰ੍ਹਾਂ ਕੁਲ ਪੰਜ ਸ਼ਬਦ ਮਿਲਦੇ ਹਨ' 'ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ'–ਇਸ ਕਥਨ ਦੁਆਰਾ ਬ੍ਰਹਮ ਦੇ ਨਿਰਭਉ ਰੂਪ ਦੀ ਹੀ ਮਹੱਤਤਾ ਦਰਸਾਈ ਗਈ ਹੈ। ਇਸ ਵਿਚ ਕਿਧਰੇ ਰੁਤ ਤੇ ਦਿਨ ਰਾਤ ਬਣਾਉਣ ਵਾਲੇ ਸੂਰਜ ਦਾ ਵਰਣਨ ਹੈ ਤੇ ਕਿਧਰੇ ਨਵੀਂ ਵਿਆਹੁਤਾ ਦੇ ਘਰ ਪ੍ਰਵੇਸ਼ ਦਾ, ਇਸ ਤਰ੍ਹਾਂ ਸੰਸਾਰ ਦੀ ਅਨੇਕਤਾ ਵਿਚ ਭੀ ਏਕਤਾ ਤੇ ਉਸਦੇ ਪਿਛੇ ਉਸ ਅਗਮ ਜੋਤੀ ਦਾ ਹੀ ਪ੍ਰਕਾਸ਼ ਹੁੰਦਾ ਦਿਖਾਇਆ ਹੈ । ਅਖੀਰ ਵਿਚ ਬ੍ਰਹਮ ਦੀ ਪੁਕਾਰ ਨੂੰ ਸੁਣ ਉਸ ਦਿਸ਼ਾ ਵਿਚ ਚਲਣ ਦਾ ਸੰਦੇਸ਼ ਭੀ ਮਿਲਦਾ ਹੈ। ਰੂਪਕਾਂ ਆਦਿ ਦੇ ਪ੍ਰਯੋਗਾਂ ਨਾਲ ਗੁਰੂਆਂ ਨੇ ਆਪਣੀ ਬਾਣੀ ਨੂੰ ਸੁੰਦਰ ਤੇ ਆਕਰਸ਼ਿਕ ਬਣਾ ਲਇਆ ਹੈ। ਸ਼ਾਂਤੀ ਦੇਣ ਵਾਲੀ ਅਤੇ ਛੇਵੀਂ ਬਾਣੀ ਹੋਣ ਕਰਕੇ ਰਾਤ ਨੂੰ ਸੌਂਦੇ ਹੋਏ ਇਸ ਦਾ ਜਾਪ ਕੀਤਾ ਜਾਂਦਾ ਹੈ।‡ ਅੰਤਮਦਾਹ ਸਸਕਾਰ ਵੇਲੇ ਭੀ ਇਸ ਦਾ ਪਾਠ ਹੁੰਦਾ ਹੈ । ਇਹ ਬਾਣੀਆਂ ਗੁਰੂ ਗ੍ਰੰਥ ਦੇ ਵਿਸ਼ਾਲ ਸਰੀਰ ਦੇ ਸਿਰ ਭਾਗ ਦਾ ਨਿਰਮਾਣ ਕਰਦੀਆਂ ਹਨ।

---

*ਸੋਦਰ ਤੇ ਸੋ ਪੁਰਖ ਨੂੰ ਮਿਲਾ ਕੇ ਹਰੀ ਰਾਮ ਉਚਿਤ ਮਾਹਰ ਦਾ ਨਾਂ ਦਿਤਾ ਗਇਆ ਹੈ। ਅਪਵਾਦ ਸਰੂਪ ਇਥੇ ਗੁਰੂ ਨਾਨਕ ਤੋਂ ਪਹਿਲਾਂ ਗੁਰੂ ਰਾਮਦਾਸ ਦੀ ਬਾਣੀ ਅੰਕਿਤ ਹੈ।

†ਪੰਨਾ ੧੨ ਮਹਲਾ ੧, ੧

‡ਸਿਖ ਧਰਮ ਵਿਚ ਇਹ ਮੰਨਿਆ ਜਾਂਦਾ ਹੈ ਕਿਰਾਂਤ ਨੂੰ ਇਸਦੇ ਜਾਪ ਨਾਲ ਬੁਰੇ ਸੁਪਨੇ ਨਹੀਂ ਆਉਂਦੇ।



Digitized by Panjab Digital Library | www.panjabdigilib.org

ਇਹ ਉਨ੍ਹਾਂ ਦੇ ਆਕਾਰ ਤੇ ਮਹੱਤਵ ਤੋਂ ਹੀ ਨਹੀਂ ਸਗੋਂ ਸੂਖਮ ਵਿਸ਼ਲੇਸ਼ਣਾ-ਤਮਕ ਅਧਿਐਨ ਤੋਂ ਭੀ ਪ੍ਰਤੀਤ ਹੁੰਦਾ ਹੈ।

ਇਨ੍ਹਾਂ ਬਾਣੀਆਂ ਦਾ ਵਿਕਾਸ ਕ੍ਰਮ ਮੂਲ ਮੰਤਰ ਦੀ ਵਿਆਖਿਆ ਸਾਹਮਣੇ ਰੱਖਣ ਦੀ ਕੋਸ਼ਿਸ਼ ਹੈ। ਮੂਲ ਮੰਤਰ ਆਪਣੇ ਆਪ ਵਿਚ '੧ਓ' ਦੀ ਜਪੁਜੀ 'ਸ਼ਾਂਤ ਦੀ' ਸੋਦਰ 'ਕਰਤਾ' ਦੀ ਸੋ ਪੁਰਖ 'ਪੁਰਖ ਦੀ' ਤੇ ਸੋਹਿਲਾ 'ਨਿਰਭਉ' ਦੀ ਇਸੇ ਤਰ੍ਹਾਂ ਵਾਹਿਗੁਰੂ ਦੇ ਭਿੰਨ ਭਿੰਨ ਗੁਣਾਂ ਦੀ ਵਿਆਖਿਆ ਤੇ ਮਹਤਤਾ ਦਰਸਾਉਂਦੇ ਹਨ*।

ਪਤਾ ਨਹੀਂ, ਅੱਗੇ ਇਹ ਵਿਕਾਸ-ਕ੍ਰਮ ਇਨ੍ਹਾਂ ਛੋਟੀਆਂ ਬਾਣੀਆਂ ਦੇ ਰੂਪ ਵਿਚ ਕਿਉਂ ਤੇ ਕਿਵੇਂ ਰੁਕ ਗਇਆ : ਸੰਭਵ ਹੈ–ਜਪੁਜੀ ਵਿਚ ਹੀ ਇਨ੍ਹਾਂ ਦਾ ਪੂਰਣ ਵਿਕਾਸ ਮੰਨਿਆ ਗਇਆ ਹੋਵੇ–ਪਰੰਤੂ ਉਥੇ ਭੀ 'ਆਦਿ ਸਚੁ ਜੁਗਾਦਿ ਸਚੁ' ਦਾ ਹੀ ਸੁਰ ਪ੍ਰਧਾਨ ਹੈ। ਇਸ ਤੋਂ ਇਹ ਭੀ ਸਪਸ਼ਟ ਹੁੰਦਾ ਹੈ ਕਿ ਇਸ ਬਾਣੀ ਦਾ ਆਧਾਰ ਵਿਚਾਰ ਹੈ† ਕੁਝ ਭੀ ਹੋਵੇ ਇਹ ਮੌਲਿਕ ਚਿੰਤਨ ਇਸ ਦਿਸ਼ਾ ਵਿਚ ਖੋਜੀਆਂ ਦਾ ਧਿਆਨ ਆਕਰਸ਼ਿਤ ਕਰਦਾ ਹੈ।

ਰਾਗਾਂ‡ ਵਿਚ ਬਿਆਨੀ ਬਾਣੀ ਗੁਰੂ ਗ੍ਰੰਥ ਦੇ ਸਰੀਰ ਦੇ ਮਧ-ਭਾਗ ਦਾ ਨਿਰਮਾਣ ਕਰਦੀ ਹੈ। ਗੁਰੂਆਂ ਦੀ ਵਿਚਾਰ ਧਾਰਾ ਤੇ ਸਿਖ ਧਰਮ ਦੀ ਰੂਪ-ਰੇਖਾ ਹੀ ਨਹੀਂ, ਸਗੋਂ ਇਹੋ ਬਾਣੀ ਸਿੱਖ ਧਰਮ ਰੂਪੀ ਮਹਿਲ ਦੀ ਵਧੇਰੇ ਸਾਮਗ੍ਰੀ ਸਾਡੇ ਸਾਮ੍ਹਣੇ ਰੱਖਦੀ ਹੈ।

ਮੁਢੋਂ ਗੁਰੂ ਅਸਲ ਵਿਚ ਦਾਰਸ਼ਨਿਕ ਨਹੀਂ ਸਨ। ਉਹ ਤਾਂ ਅਧਿਆਤਮਕ ਸੰਤ ਸਨ। ਇਸ ਲਈ ਸ਼ੰਕਰਾਚਾਰੀਆ ਜਾਂ ਦੂਜੇ ਗਿਆਨੀਆਂ ਵਾਂਗ ਉਨ੍ਹਾਂ ਨੇ ਆਪਣੀਆਂ ਬਹੁਤ ਸਾਰੀਆਂ ਅਨੁਭੂਤੀਆਂ ਨੂੰ ਵਿਚਾਰਾਂ ਦੇ ਸੀਮਿਤ ਘੇਰੇ ਵਿਚ ਬੰਦ ਕਰਨਾ ਠੀਕ ਨਾ ਸਮਝਿਆ। ਅਸਲ ਵਿਚ ਨਾ ਤੇ ਸਮਾਜ ਤੇ ਨਾ ਹੀ ਉਨ੍ਹਾਂ ਦੀ ਪਿਆਸੀ ਅੰਤਰਾਤਮਾ ਨੂੰ ਇਸਦੀ ਲੋੜ ਸੀ।

*ਇਸ ਵਿਸ਼ੇ ਤੇ ਵਧੇਰੇ ਖੋਜ ਦੀ ਲੋੜ ਹੈ–ਇਹ ਤਾਂ ਜਾਣ ਪਛਾਣ ਹੀ ਹੈ

†ਵਿਸਤਾਰ ਲਈ ਵੇਖੋ ਬਾਣੀ ਕ੍ਰਮ ਦਾ ਆਧਾਰ

‡ਰਾਗਾਂ ਦਾ ਵਿਸਤਾਰ ਨਾਲ ਵਰਣਨ ਦੇਖੋ।



Digitized by Panjab Digital Library | www.panjabdigilib.org

ਇਸ ਲਈ ਆਪਣੀਆਂ ਅਨੁਭੂਤੀਆਂ ਨੂੰ ਸੂਤਰ ਬੱਧ ਤੇ ਕ੍ਰਮ ਬੱਧ ਕਰ ਸ਼ਾਂਤ ਹੋ ਜਾਣ,ਉਨ੍ਹਾਂ ਨੂੰ ਇਸ ਲਈ ਭੀ ਚੰਗਾ ਨਹੀਂ ਲੱਗਿਆ ਕਿ ਉਨਾਂ ਦੀ ਸ਼ਿਸ਼ ਪਰੰਪਰਾ ਵਿਚ ਆਉਣ ਵਾਲੇ ਵਿਅਕਤੀ ਉਨ੍ਹਾਂ ਦੀ ਵਿਆਖਿਆ ਵਿਚ ਹੀ ਨਵੇਂ ਮੱਤਾਂ ਨੂੰ ਹੀ ਨਾ ਜਨਮ ਦਿੰਦੇ ਰਹਣ। ਇਸੇ ਲਈ ਉਨ੍ਹਾਂ ਨੇ ਆਪਣੀਆਂ ਅਨੁਭੂਤੀਆਂ ਦੀ ਆਪ ਹੀ ਵਿਆਖਿਆ ਕਰ ਏਨਾ ਵਿਆਪਕ ਰੂਪ ਦਿੱਤਾ ਹੈ, ਕਿ ਸਾਰੀਆਂ ਹੀ ਅਨੁਭੂਤੀਆਂ ਨੂੰ ਵੇਖ ਕੇ ਉਨ੍ਹਾਂ ਦੇ ਵਿਚਾਰਾਂ ਨੂੰ ਕ੍ਰਮ-ਬਧ ਕਰਨਾ ਸਿਖ ਧਰਮ ਦੇ ਪਾਠਕਾਂ ਲਈ ਇਕ ਸਮੱਸਿਆ ਬਣੀ ਹੋਈ ਹੈ। ਸਿਖ ਧਰਮ ਨੂੰ ਦਰਸ਼ਨ—ਰੂਪ ਵਿਚ ਸੰਸਾਰ ਦੇ ਸਾਹਮਣੇ ਲਿਆਉਣ ਵਾਲੇ ਸਾਰੇ ਹੀ ਵਿਦਵਾਨਾਂ ਨੂੰ ਇਹ ਮੁਸ਼ਕਿਲ ਮਹਿਸੂਸ ਕਰਨੀ ਪਈ ਹੈ। ਗੁਰੂ ਗ੍ਰੰਥ ਦਾ ਅੱਧ ਭਾਗ ਜਿਥੇ ਸਿਖ ਧਰਮ ਨੂੰ ਸਥਿਰ ਰੂਪ ਦੇਣ ਦੀ ਦ੍ਰਿਸ਼ਟੀ ਤੋਂ ਮਹੱਤਤਾ ਪੂਰਣ ਹੈ ਉਥੇ ਪੰਜਾਬੀ ਭਾਸ਼ਾ ਦੇ ਨਿਰਮਾਣ ਵਿਚ ਤੇ ਉਸਦੇ ਰੂਪ ਦੀ ਸਥਿਰਤਾ ਵਿਚ ਭੀ ਇਸਦਾ ਵਿਸ਼ੇਸ਼ ਮਹਤਵ ਹੈ। ਸਾਡੇ ਪ੍ਰਾਂਤਾਂ ਦੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਇਸ ਵਿਚ ਮਿਲਦੀ ਹੈ। ਅਸਲ ਵਿਚ ਗੁਰੂ ਗ੍ਰੰਥ ਦੇ ਬਾਅਦ ਹੀ ਪੰਜਾਬੀ ਸਾਹਿਤ ਦੀ ਭਾਸ਼ਾ ਬਣੀ ਤੇ ਧਾਰਮਿਕ ਸਾਹਿਤ ਵਿਚ ਜਨ-ਸਾਧਾਰਣ ਦੀ ਭਾਸ਼ਾ ਦਾ ਪ੍ਰਯੋਗ ਸੂਬਾ ਪ੍ਰਸਤੀ ਦੇ ਤੰਗ ਘੇਰੇ ਵਿਚੋਂ ਨਿਕਲਦਿਆਂ ਹੋਇਆਂ ਇਸਦਾ ਇਹ ਉਦਾਰਤਾ ਵਾਦੀ ਦ੍ਰਿਸ਼ਟੀ ਕੋਣ ਵਿਸ਼ੇਸ਼ ਮਹਤਵ ਰਖਦਾ ਹੈ। ਇਸੇ ਲਈ ਰਾਗਾਂ ਵਾਲੀ ਬਾਣੀ ਵਿਚ ਗੁਰੂਆਂ ਦੀ ਬਾਣੀ ਦੇ ਪਿਛੇ ਭਗਤਾਂ ਦੀ ਬਾਣੀ ਨੂੰ ਭੀ ਥਾਂ ਮਿਲੀ। ਦੋਹਾਂ ਦੀ ਭਾਸ਼ਾ ਵਿਚ ਥੋੜਾ ਬਹੁਤ ਭੇਦ ਹੁੰਦਿਆਂ ਹੋਇਆਂ ਭੀ ਦੋਹਾਂ ਵਿਚ ਵਿਚਾਰਾਂ ਦੀ ਵਧੇਰੇ ਏਕਤਾ ਮਿਲਦੀ ਹੈ। ਉਨ੍ਹਾਂ ਦੀ ਭਾਸ਼ਾ ਬ੍ਰਜ ਹੁੰਦਿਆਂ ਹੋਇਆਂ ਭੀ ਪੰਜਾਬੀ ਤੋਂ ਪ੍ਰਭਾਵਿਤ ਹੈ। ਇਸ ਬਾਣੀ ਦਾ ਆਧਾਰ ਪ੍ਰਧਾਨ ਰੂਪ ਵਿਚ ਰਾਗ ਹੁੰਦਿਆਂ ਹੋਇਆ ਭੀ ਵਿਚਾਰਾਂ ਨੂੰ ਨਾਲ ਲੈ ਕੇ ਹੀ ਚਲਦੀ ਹੈ। ਹਰ ਇਕ ਰਾਗ ਦੀ ਜਾਣ ਪਛਾਣ ਇਨ੍ਹਾਂ ਸਾਰੀਆਂ ਗੱਲਾਂ ਤੇ ਠੀਕ ਪ੍ਰਕਾਸ਼ ਪਾ ਸਕੇਗੀ।

੬. ਸ੍ਰੀ ਰਾਗ (ਰਾਗਾ ਵਿਚੋਂ ਸ੍ਰੀ ਰਾਗ ਹੈ ਜੋ ਸਚਿ ਧਰੇ ਧਿਆਨ ਹੀ ਰਾਗ ਹੈ*।

ਇਸ ਰਾਗ ਵਿਚ ਸ੍ਰੀ ਰਾਗ ਦਾ ਪਹਿਲਾ ਥਾਂ ਹੈ। ਇਸੇ ਲਈ ਉਹਨੂੰ

*ਪ. ੪੮ ਫ਼ਿਲਾਸਫ਼ੀ ਆਫ਼ ਸਿਖਿਜ਼ਮ—ਡਾ: ਸ਼ੇਰ ਸਿੰਘ



Digitized by Panjab Digital Library | www.panjabdigilib.org

ਗੁਰੂ ਗ੍ਰੰਥ ਵਿਚ ਵਰਤੇ ਰਾਗਾਂ ਵਿਚ ਸਭ ਤੋਂ ਪਹਿਲਾਂ ਥਾਂ ਮਿਲੀ ਹੈ। ਰਿਸ਼ਿਆਂ ਰਾਹੀਂ ਸਜਾਈ ਹੋਈ ਬਾਣੀ ਦੇ ਰੂਪ ਵਿਚ ਗਾਇਣ ਯੋਗ ਇਹ ਧੰਨ ਭੀ ਇਸਤ੍ਰੀ, ਵਿਸ਼ਨੂੰ ਪਤਨੀ ਲਕਸ਼ਮੀ ਦਾ ਸੂਚਕ ਹੈ ਕਿਉਂਕਿ 'ਸ੍ਰੀ' ਹੀ ਧੰਨ ਹੈ ਇਸ ਲਈ ਇਸਦਾ ਨਾਮ ਸ੍ਰੀ ਰਾਗ ਹੈ। ਆਮ ਤੌਰ ਤੇ ਇਹੀ ਹੇਮੰਤ ਰੁਤ ਵਿਚ ਸ਼ਾਮ ਵੇਲੇ ਗਾਇਣ ਯੋਗ ਇਹ ਰਾਗ ਸੰਤੁਲਨ ਅਤੇ ਸ਼ਾਂਤੀ ਦੇ ਕੇ ਆਨੰਦ ਸਰੋਦ ਬਣਿਆ ਰਹਿੰਦਾ ਹੈ। ਰਾਗ ਦੇ ਨਾਉਂ ਦੇ ਅਨੁਕੂਲ ਹੀ ਇਸਦਾ ਪ੍ਰਧਾਨ ਸੁਰ ਇਹ ਹੈ ਕਿ ਸੰਸਾਰ ਵਿਚ ਅਧਿਆਤਮਕ ਤੇ ਸੰਸਾਰਕ ਦੋ ਤਰ੍ਹਾਂ ਦੀ ਸੰਪਤੀ ਹੈ। ਮਾਇਆ ਵਿਚ ਪਿਆ ਜੀਵ ਸੰਸਾਰਕ ਸੰਪਤੀ ਤੋਂ ਨਹੀਂ ਸਗੋਂ ਸੱਚਾ ਗਿਆਨ ਹੋਏ ਤੇ ਅਧਿਆਤਮਕ ਸੰਪਤੀ ਨਾਲ ਹੀ ਪ੍ਰਸਨ ਹੋ ਸਕਦਾ ਹੈ। ਕਦੀ ਉਸਨੂੰ ਪਾਣ ਦੀ ਕੋਸ਼ਿਸ਼ ਭੀ ਕਰਦਾ ਹੈ। ਇਸੇ ਲਈ ਉਸ ਵਿਚ ਬ੍ਰਹਮ ਮਿਲਣ ਦੀ ਤੀਬਰਤਾ ਪੈਦਾ ਹੁੰਦੀ ਹੈ "ਰੇ ਮਨ ਐਸੀ ਹਰਿ ਸਿਉਂ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ"† ਇਨਾਂ ਹੀ ਨਹੀਂ ਮਛਲੀ ਨੀਰ ਚਾਤ੍ਰਿਕ ਮੇਹ ਦੀ ਤੜਪਣ ਚਾਹੀਦੀ ਹੈ, ਉਸੇ ਵੇਲੇ ਸੰਸਾਰਕ ਮਾਇਆ ਨੂੰ ਛਡ ਕੇ ਭਗਤੀ ਮਾਰਗ ਦਾ ਰਾਹੀ ਬਣ ਕੇ ਰਬ ਨੂੰ ਪਾ ਸਕੇਗਾ ਕਿਉਂਕਿ "ਨਾਮ ਮਿਲੇ ਮਨ ਤ੍ਰਿਪਤੀ ਏ ਬਿਨ ਨਾਮੇ ਧ੍ਰਿਗ ਜੀ ਵਾਸ"‡ ਤੇ ਇਹ ਨਾ ਹੀ ਜੀਵ ਨੂੰ ਬ੍ਰਹਮ ਨਾਲ ਮਿਲਾ ਸਕਦਾ ਹੈ। ਇਸ ਮਿਲਨ ਤੇ ਉਤਪੰਨ ਹੋਈ ਸ਼ਾਂਤੀ ਦਾ ਹੀ ਸਿੱਟਾ ਹੈ ਅਨੰਤ। ਅਨੰਤ ਇਸ ਲਈ'ਸ੍ਰੀ ਰਾਗ'ਨੂੰ ਭਗਤੀ ਦਾ ਰਾਗ ਭੀ ਕਹਿਆ ਜਾ ਸਕਦਾ ਹੈ।

ਆਰੀਆਂ ਦਾ ਰਾਗ ਹੋਣ ਕਾਰਣ ਪੰਜਾਬੀ ਅਤੇ ਵਧੇਰੇ ਕਰਕੇ ਹਿੰਦੀ ਸ਼ਬਦ ਮਿਲਦੇ ਹਨ। ਪੋਥੀ ਪੁਰਾਣ ਅਤੇ ਮੋਤੀ ਮੰਦਰ ਮਣਿ, ਅਗਨ, ਪੰਖੀ ਆਦਿ। ਭਗਤਾਂ ਨੇ ਭੀ ਮਾਇਆ ਵਿਚ ਫਸੇ ਜੀਵ ਨੂੰ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦਾ ਹੀ ਆਸਰਾ ਲੈਣ ਦਾ ਸੰਦੇਸ਼ ਦਿੱਤਾ ਹੈ।

੭. ਰਾਗ ਮਾਝ ਮੱਧ ਪੰਜਾਬ ਦਾ ਰਾਗ ਹੋਣ ਕਾਰਣ ਇਸਨੂੰ ਇਹ ਨਾਮ ਮਿਲਿਆ ਹੈ। ਇੰਜ ਜਾਪਦਾ ਹੈ ਜਿਵੇਂ ਇਹ ਬੀਰ ਪੰਜਾਬੀਆਂ ਨੂੰ ਸਦਾ ਹੀ ਨਵੀਂ ਪ੍ਰੇਰਣਾ ਦੇ ਕੇ ਉਨ੍ਹਾਂ ਦਾ ਉਤਸ਼ਾਹ ਵਧਾਉਂਦਾ ਰਹਿਆ ਹੈ।

---

†ਪੰਨਾ ੫੯ ਮ. ਪਹਿਲਾ—੨

‡ਪੰਨਾ ੫੦ ਮ: ੪—੧



Digitized by Panjab Digital Library | www.panjabdigilib.org

ਪੰਜਾਬ ਹਿੰਦੂ ਤੇ ਮੁਸਲਿਮ ਦੋ ਵੱਖੋ ਵੱਖ ਸੰਸਕ੍ਰਿਤੀਆਂ ਦੀ ਮਿਲਣ ਦੀ ਥਾਂ ਹੈ। ਸਾਮਾਜਿਕ ਅਤੇ ਰਾਜਨੀਤਕ ਅਵਸਥਾ ਦਾ ਚਿਤਰਣ ਕਰਦੇ ਹੋਏ ਜਿਥੇ ਮੁਸਲਮਾਨ ਰਾਜਿਆਂ ਨੂੰ ਚਿਤਾਵਨੀ ਦਿੱਤੀ ਹੈ*, ਜਿਥੇ ਮੁਸਲਨਾਨ ਜੰਤਾ ਨੂੰ ਭੀ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਬਾਹਰੀ ਅਡੰਬਰਾ ਤੋਂ ਬਚਣ ਦਾ ਸੰਦੇਸ਼ ਦਿੱਤਾ ਹੈ।† ਉਥੇ ਜੀਵਨ ਸੰਗਰਾਮ ਵਿਚ ਜੂਝਣ ਵਾਲੇ ਪੰਜਾਬੀਆਂ ਦਾ ਵਰਣਨ ਮਿਲਦਾ ਹੈ ਇਸ ਤਰ੍ਹਾਂ ਜ਼ਾਤ ਪਾਤ ਦੇ ਘੇਰੇ ਨੂੰ ਛੱਡ ਕੇ ਇਕੋ ਰਬ ਨੂੰ ਪਛਾਣਨ ਦਾ ਸੰਦੇਸ਼ ਦਿੱਤਾ ਹੈ। ਕਿਉਂਕਿ ਉਹ ਹੀ ਭਵ-ਸਾਗਰ ਤੋਂ ਪਾਰ ਉਤਾਰ ਸਕਦਾ ਹੈ। ਪੰਜਾਬੀ ਵਾਤਾਵਰਣ ਦਾ ਭੀ ਸਫਲ ਚਿਤ੍ਰਣ ਅਤੇ ਉਥੇ ਮਿਲਦੀਆਂ ਬਨਾਸਪਤੀਆਂ ਦਾ ਭੀ ਵਰਣਨ ਮਿਲਦਾ ਹੈ। ਗੁਰੂ ਨਾਨਕ ਦੀ ਵਾਰ ਅਤੇ‡ ਗੁਰੂ ਅਰਜਨ ਦਾ ਬਾਰਾਂਮਾਹ§ ਤੇ ਦਿਨ ਰਹਿਣੀ ਇਸ ਰਾਗ ਦੀਆਂ ਵਿਸ਼ੇਸ਼ ਬਾਣੀਆਂ ਹਨ()। ਇਸ ਰਾਗ ਦੀ ਭਾਸ਼ਾ ਪੂਰਣ ਤੌਰ ਤੇ ਪੰਜਾਬੀ ਹੈ ਅਤੇ ਉਥੋਂ ਦੇ ਜਨ-ਸਾਧਾਰਣ ਦੇ ਸ਼ਬਦ ਹੀ ਬਹੁਤੇ ਮਿਲਦੇ ਹਨ। ਅਤਿਸਯੋਗਤੀ ਜਿਹੜੀ ਪੰਜਾਬੀ ਚਰਿਤਰ ਦੀ ਵਿਸ਼ੇਸ਼ਤਾ ਹੈ, ਇਸ ਵਿਚ ਵਿਸ਼ੇਸ਼ ਰੂਪ ਵਿਚ ਮਿਲਦੀ ਹੈ। ਗੁਰੂ ਅਰਜਨ ਦਾ ਬਾਰਾਂ ਮਾਂਹ ਭੀ ਇਕ ਵਿਸ਼ੇਸ਼ ਅਲੰਕਾਰਕ ਸੋਭਾ ਹੈ। ਦੂਜੇ ਪ੍ਰਾਂਤ ਦੇ ਹੋਣ ਕਰਕੇ ਪੰਜਾਬ ਦੇ ਵਾਤਾਵਰਣ ਨੂੰ ਠੀਕ ਤੌਰ ਤੇ ਨਾ ਜਾਣਨ ਕਰਕੇ ਭਗਤਾਂ ਦੀ ਬਾਣੀ ਇਸ ਰਾਗ ਵਿਚ ਨਹੀਂ ਮਿਲਦੀ।

੮. ਰਾਗ ਗਉੜੀ :—ਇਹ ਗੰਭੀਰਤਾ ਦਾ ਰਾਗਹੈ ਅਤੇ ਹਰ ਇਕ ਰੁੱਤ (ਖਾਸ ਤੌਰ ਤੇ ਸ਼ਰਤ) ਵਿਚ ਸ਼ਾਮ ਵੇਲੇ ਗਾਇਣ ਯੋਗ ਹੈ। ਇਹ ਭਾਵਾਂ ਨੂੰ ਵਧੇਰੇ ਉੱਚਾ ਚੁਕ ਕੇ ਗੰਭੀਰਤਾ ਨਾਲ ਆਤਮਾ ਚਿੰਤਨ ਦੀ

*ਪੰਨਾ ੫੪ ਗੁਰੂ ਨਾਨਕ, ੧੨, ੧੭ ਪੰਨਾ ਮਹਲਾ ੧।

†ਪੰਨਾ ੧੪੧ ਮਹਲਾ ਪਹਿਲਾ।

‡ਨਿਯਮਿਤ ਬਾਣੀ ਨੂੰ ਵਾਰ ਆਖਿਆ ਗਇਆ ਹੈ। ਵਿਸਤਾਰ ਲਈ ਵੇਖੋ ਬਾਣੀ ਬਿਉਰਾ 'ਵਾਰ'।

§ਪੰਨਾ ੧੪੩ ਮਹਲਾ ੧।

()ਵਧੇਰੇ ਬਾਣੀਆਂ ਵਿਚ ਹੋਰ ਵਰਣਨ ਕੀਤਾ ਹੈ।



Digitized by Panjab Digital Library | www.panjabdigilib.org

ਸਮਰਥਾ ਦਿੰਦਾ ਹੈ। ਇਸ ਤਰ੍ਹਾਂ ਜਗਤ ਦੇ ਜੰਜਾਲ ਤੋਂ ਛੁੱਟਣ ਦੀ ਸ਼ਕਤੀ ਭੀ ਦਿੰਦਾ ਹੈ। ਇਸ ਰਾਗ ਦੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਥਾਂ ਹੈ ਨਾ ਕੇਵਲ ਇਸ ਵਿਚ ਗੁਰੂ ਗ੍ਰੰਥ ਜੀ ਦੀ ਬਾਣੀ ਦਾ ਲਗ ਭਗ ਸਤਵਾਂ ਹਿੱਸਾ ਮਿਲਦਾ ਹੈ (ਇਸ ਤਰ੍ਹਾਂ ਆਕਾਰ ਦੀ ਦ੍ਰਿਸ਼ਟੀ ਤੋਂ ਇਹ ਸਭ ਰਾਗਾਂ ਤੋਂ ਵੱਡਾ ਰਾਗ ਹੈ)* ਸਗੋਂ ਵਿਚਾਰਾਂ ਦੀ ਦ੍ਰਿਸ਼ਟੀ ਤੋਂ ਭੀ ਇਹ ਆਪਣਾ ਵਿਸ਼ੇਸ਼ ਮਹਤਵ ਰਖਦਾ ਹੈ। ਸੰਬੋਧਨ ਕੀਤਿਆਂ ਬਗੈਰ ਹੀ ਅਪ੍ਰਤੱਖ ਰੂਪ ਤੋਂ ਹੀ ਆਪਣਾ ਫ਼ਲਸਫ਼ੇ ਭਰਿਆ ਸੰਦੇਸ਼ ਜਨ-ਸਾਧਾਰਣ ਤਕ ਪਹੁੰਚਾਉਂਦਾ ਹੈ। ਜ਼ਿੰਦਗੀ-ਮੌਤ-ਪੁਨਰ ਜ਼ਨਮ ਮੋਕਸ਼, ਮਨੁਖੀ, ਮਨੋਵਿਗਿਆਨ ਗੁਰੂ ਸ਼ਬਦ ਤੇ ਉਸਦੇ ਅਭਿਆਸ ਨਾਲ ਮਨੁਖੀ ਮਨ ਦਾ ਬਦਲ ਜਾਣਾ ਇਸ ਦੇ ਪ੍ਰਧਾਨ ਵਿਸ਼ਯ ਸਿਖ-ਧਰਮ ਦੀ ਸਾਧਨਾ ਨਾਮ ਮਾਰਗ (ਭਗਤੀ ਮਾਰਗ ਦਾ ਹੀ ਇਕ ਅੰਗ ਹੈ) ਹੁੰਦੇ ਹੋਏ ਭੀ ਧਿਆਨ ਦਾ ਸਹਾਰਾ ਲੈ ਕੇ ਚਲਦੀ ਹੈ। ਉਹ ਰਾਗ ਹੀ ਇਸ ਗਲ ਦਾ ਪ੍ਰਮਾਣ ਹੈ। ਇਸ ਵਿਚ ਭਗਤੀ ਹੁੰਦੇ ਹੋਏ ਭੀ ਇਸ ਵਿਚ ਵਿਚਾਰ ਅਤੇ ਬੁੱਧੀ ਦਾ ਪ੍ਰਧਾਨ ਅੰਸ਼ ਹੈ। "ਕੰਚਨ ਸੋ ਪਾਈਏ ਨਹੀਂ ਤੋਲ)† ਇਹ ਕਹਿ ਕੇ ਮਾਇਆ ਵਿਚ ਫਸੇ ਜੀਵ ਨੂੰ ਭਗਵਾਨ ਦਾ ਸਿਮਰਣ ਕਰਾਇਆ ਹੈ। ਇਸ਼ ਤਰ੍ਹਾਂ ਮਾਇਆ ਦੀ ਵਿਅਰਥਤਾ ਦਸਦਿਆਂ ਹੋਇਆਂ ਜੀਵਨ ਸਾਂਝ ਵਿਚ ਪੁੱਜੇ ਹੋਏ ਜੀਵ ਨੂੰ ਮੌਤ ਦਾ ਚਿਤਰ ਦਸਦੇ ਹੋਏ ਜ਼ਿੰਦਗੀ ਦੀ ਅਸਥਿਰਤਾ ਦੱਸੀ ਹੈ, ਵਿਨਾਸ਼ਕਾਰੀ 'ਹਉਮੈ' ਦਾ ਨਾਸ਼ ਕਰਨ ਲਈ ਬੁਧਮਤਾ ਪੂਰਵਕ ਸਤ ਸਤੋਖ ਆਪਣੇ ਵਿਅਕਤੀ ਨੂੰ ਬਣਾ ਕੇ ਤੇ‡ ਸ਼ਕਤੀਸ਼ਾਲੀ ਮਨ ਨੂੰ ਵਸ ਵਿਚ ਕਰਨਾ ਚਾਹੀਦਾ ਹੈ।

ਇਸ ਲਈ ਮਨ ਨੂੰ ਚਿਤਾਵਨੀ ਭੀ ਦਿਤੀ ਹੈ, 'ਮਨਿ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ'§ ਇਸ ਤਰ੍ਹਾਂ ਜੀਵ ਨੂੰ ਬ੍ਰਹਮ ਵਲ ਲੱਗਣ ਲਈ ਪ੍ਰੇਰਿਆ ਹੈ 'ਦੁਖ ਭੰਜਨ ਨਾਮ' ਇਸ ਲਈ ਆਠ ਪਹਰ ਆਰਾਧੀਐ,

---

*ਵੇਖੋ ਰਾਗਾਂ ਦੀ ਸੂਚੀ।

†ਪੰਨਾ ੩੨੭ ਕਬੀਰ।

‡ਪਨਾ ੧੫੩ ਨਾਨਕ

§ਪੰਨਾ ੪੪੧ ਮ: ੩.੫



Digitized by Panjab Digital Library | www.panjabdigilib.org

ਕਿਉਂਕਿ ਉਹ ਹੀ ਤਾਂ ਪੂਰਣ ਸਤਿ ਗਿਆਨ' ਹੈ‡ ਇਸ ਲਈ ਪੂਰਣ ਗੁਰੂ ਨਾਨਕ ਬੋਲੇ 'ਸ੍ਰੀ ਰਾਮ ਨਾਮ ਉਚਰ ਮਨਾ' ਤੇ ਗੁਰੂ ਅਰਜਨ ਨੇ§ ਉਸਦਾ ਕਾਰਣ ਦਸਿਆ ਹੈ ਕਿਉਂਕਿ 'ਪਾਰਜਾਤ ਇਹ ਹਰਿ ਕੋ ਨਾਮ'() ਇਹ ਸੁਣ ਕਬੀਰ ਨੇ ਭੀ ਨਾਮ ਲਈ ਤੜਪਨ ਦਾ ਸੰਦੇਸ਼ ਦਿਤਾ 'ਮਾਧੁਜਲ ਕੀ ਪਿਆਸ ਨਾ ਜਾਈ' ਇਸ ਲਈ 'ਤੂੰ ਜਲ ਨਿਨਹਾਉ ਜਲਕਾ ਮੀਨ[] ਇਸਤੋਂ ਛੁਟ ਹੋਰ ਰਾਗ ਭੀ ਤਾਂ ਕੋਈ ਨਹੀਂ ਕਿਉਂਕਿ, 'ਨਾਮ ਨਾ ਜਪੈ ਤੇ ਆਤਮ ਘਾਤੀ', ਪ੍ਰਕਿਰਤੀ ਮਾਰਗੀ ਮਧ-ਕਾਲੀਨ, ਸੰਤਾਂ ਨੇ ਨਾਮ ਤੋਂ ਦੂਰ ਨੱਸਣ ਵਾਲ਼ਿਆਂ ਨੂੰ ਆਤਮ-ਘਾਤੀ ਦਸਿਆ ਹੈ। ਕਿਉਂਕਿ ਉਨ੍ਹਾਂ ਕੋਲ ਇਸ ਤੋਂ ਵੱਡੀ ਗਲ ਭੀ ਕੋਈ ਨਹੀਂ'। 'ਜਿਥੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਵਣ ਅੱਖਰੀ (ਪੰਨਾਂ ੨੫੦),ਸੁਖਮਨੀ(ਪੰਨਾ ੨੬੨),ਤੇ ਤਿਥੀ(ਪੰਨਾ ੨੯੬) ਦਾ ਇਸ ਰਾਗ ਵਿਚ ਥਾਂ ਹੈ ਉਥੇ ਭਗਤਾਂ ਦੀ ਬਾਣੀ ਦੀ ਗਿਣਤੀ ਭੀ ਲਗ ਭਗ ੧੫੦ ਤਕ ਪਹੁੰਚ ਗਈ ਹੈ। ਕਬੀਰ ਦੀ ਭੀ ਬਾਵਣ ਅੱਖਰੀ ਦਰਸ਼ਨ ਭਰੀ ਵਿਚਾਰ ਧਾਰਾ ਦਰਸਾਂਦੀ ਹੈ। ਤਿਥੀ ਅਤੇ ਸਤਵਾਰੇ ਮਨ ਦੀ ਸਤ ਅਵਸਥਾ ਦੇ ਲਛਣ ਤੇ ਸਾਧਨ ਦਸਦੇ ਹਨ। ਸ਼ਾਇਦ ਗੁਰੂ ਅਰਜਨ ਦੇਵ ਨੇ ਭੀ ਕਬੀਰ ਦੀਆਂ ਰਚਨਾਵਾਂ ਤੋਂ ਹੀ ਪ੍ਰੇਰਣਾ ਲੈ ਕੇ ਇਸੇ ਰਾਗ ਵਿਚ ਇਹ ਬਾਣੀਆਂ ਰਚੀਆਂ ਹੋਣ। ਇਸ ਰਾਗ ਦੀ ਭਾਸ਼ਾ ਦਾਰਸ਼ਨਿਕ ਤੇ ਮਨੋਵਿਗਿ- ਆਨਕ ਸ਼ਬਦਾਂ ਨਾਲ ਭਰਪੂਰ ਹੈ। ਜਿਵੇਂ ਤਿੰਨ ਅਵਸਥਾ, ਚਾਰ ਪਦਾਰਥ, ਮਨ ਗਤਿ, ਬੁਧੀ, ਵਿਚਾਰ, ਦਸਵਾਂ ਦੁਆਰ, ਕਰਿਤ, ਗਰਭ, ਆਕਾਰ, ਆਇਆ, ਮਨ, ਮੰਚ ਆਦਿ।

੧, ਸਚ ਤਾਂ ਪਰੁ ਜਾਣੀਐ ਜਾਂ ਰਿਦੈ ਸੱਚ ਹੋਇ (ਵਾਰ,੧. ੧੦)
੨. ਫਲੁ ਤੇਵੇ ਹੋ ਪਾਈਏ ਜਿਵੇ ਹੀ ਕਾਰ ਕਮਾਈਐ (ਵਾਰ, ,, ,,)
੩. ਕਿਵੇਂ ਸਹੁ ਸੋਹਰਾ ਹੋਇ (ਵਾਰ ੧ ੧੧੪)
੪. ਇਥੇ ਭਾਸ਼ਾ ਦੀ ਸਾਦਗੀ ਵਿਚ ਭੀ ਸਾਹਿਤਕਤਾ ਦਾ ਪਰਿਚਯ

---

‡ਪੰਨਾ ੨੧੮ ਮ. ੫. ੧੭੦।
§ਪੰਨਾ ੧੫੫ ਮ. ੧ ੧੪।
()ਪੰਨਾ ੨੬੫ ਮ. ੫ ੨।
[]ਪੰਨਾ ੩੨੩ ਕਬੀਰ ੮।



Digitized by Panjab Digital Library | www.panjabdigilib.org

ਮਿਲਦਾ ਹੈ ।

**੧੦ ਰਾਗ ਗੁਜਰੀ :–**

ਸਦਾ ਹੀ ਸਵੇਰੇ ਗੁਜਰਾਂ (ਗਵਾਲੇ) ਦਾ ਗਾਉਣ ਯੋਗ ਰਾਗ ਹੈ । ਇਹ ਆਸ਼ਾ, ਨਵੀਂ ਪ੍ਰੇਰਣਾ ਤੇ ਸ਼ਕਤੀ ਸੰਚਾਰਦਾ ਹੈ । ਗੁਜਰ ਦੇਸ਼ ਦੇ ਰਾਗ ਹੋਣ ਕਾਰਣ ਗੁਰੂ ਦਾ'ਵਾਹਿਗੁਰੂ' ਭੀ 'ਮੁਰਾਰੀ'* ਬਣ ਗਇਆ ਹੈ ਇਹ ਗੁਰੂਆਂ ਦੀ ਮਨੋਵਿਗਿਆਨਕ ਸੂਝ ਦਾ ਸੂਚਕ ਹੈ । ਇਹ ਰਾਗ ਸਪਸ਼ਟ ਤੇ ਬਲਵਾਨ ਕੰਮ ਕਰਨ ਵਾਲੇ ਆਦਮੀਆਂ ਦੇ ਸ਼ੁਧ ਮਨ ਤੇ ਸਾਦੇ ਵਿਚਾਰਾਂ ਦਾ ਪ੍ਰਗਟਾਵਾ ਹੈ । ਕ੍ਰਿਸ਼ਨ ਦੀ ਰਾਧਾ ਦਾ ਵਰਣਨ ਹੈ, ਦੁਧ ਤੇ ਦੁਧ ਦੇਣ ਵਾਲੇ ਪਸ਼ੂਆਂ ਦਾ ਵਾਤਾਵਰਣ ਮਿਲਦਾ ਹੈ ।† ਨਾਮ ਦੇਵ, ਤ੍ਰਿਲੋਚਨ ਜੂਠੇ ਦੁਧ ਨਾਲ ਮੁਰਾਰੀ ਦੀ ਪੂਜਾ ਨਹੀਂ ਕਰ ਸਕਦੇ‡ ਕ੍ਰਿਸ਼ਨ ਦਾ ਨਾਮ ਸੁਣ ਕੇ ਸੰਸਕ੍ਰਿਤ ਭਰੀ ਜੈ ਦੇਵ ਦੀ ਬਾਣੀ ਭੀ ਅੰਕਿਤ ਹੋ ਗਈ (ਪੰਨਾਂ ੫੨੬) ਤੇ ਉਸ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਦੇ ਪੱਦਾਂ ਵਿਚ ਭੀ ਕਿਧਰੇ ਕਿਧਰੇ ਸੰਸਕ੍ਰਿਤ ਦੀ ਝਲਕ ਮਿਲਦੀ ਹੈ ।

**੧੧. ਦੇਵ ਗੰਧਾਰੀ :–**ਸਵੇਰੇ ਗਾਉਣ ਯੋਗ ਇਹ ਰਾਗ ਖੁਸ਼ੀ ਪੈਦਾ ਕਰਦਾ ਹੈ । ਇਸਦੇ ਸੰਤਾਲੀ ਸ਼ਬਦਾਂ ਦਾ ਪ੍ਰਧਾਨ ਵਿਚਾਰ ਇਹ ਹੀ ਹੈ ਇਹ ਸੇਵਕ ਹੀ ਸੁਆਮੀ ਬਣ ਜਾਂਦਾ ਹੈ, ਤੇ ਭਗਤ ਹੀ ਭਗਵਾਨ । ਉਸ ਲਈ ਲੋੜ ਹੈ ਮਾਇਆ ਨੂੰ ਛੱਡ ਕੇ ਮਨ ਨੂੰ ਵਸ ਵਿਚ ਕਰਕੇ, ਨਾਮ ਨੂੰ ਆਧਾਰ ਬਣਾ ਕੇ ਲਗਾਤਾਰ ਇਕ ਉਸਦੀ ਸੇਵਾ ਕਰਨ ਦੀ, ਭਗਤ ਇਸੇ ਵਿਚ ਖੁਸ਼ ਰਹਿੰਦਾ ਹੈ। ਭਗਤਾਂ ਦੀ ਬਾਣੀ ਇਸ ਰਾਗ ਵਿਚ ਨਹੀਂ ਮਿਲਦੀ ।

**੧੨. ਬੇਹਾਗੜਾ :–**ਹੇਮੰਤ ਰੁਤ ਦੀ ਅੱਧੀ ਰਾਤ ਵਿਚ ਗਾਇਣ ਯੋਗ ਇਹ ਰਾਗ ਖੁਸ਼ੀ ਅਤੇ ਵਿਯੋਗ ਦੇ ਭਾਵ ਪੈਦਾ ਕਰਦਾ ਹੈ । ਰਾਗ ਮਾਲਾ ਵਿਚ ਇਸਦਾ ਜ਼ਿਕਰ ਨਹੀਂ ਹੈ । ਮਾਇਆ ਆਤਮਾ ਤੇ ਪਰਮਾਤਮਾ ਨੂੰ ਵਖੋ ਵਖ ਕਰ ਦਿੰਦੀ ਹੈ । ਉਸ ਦੀ ਸ਼ਕਤੀ ਤੇ ਵਿਜਯ ਪਾਣ ਲਈ ਗੁਰੂ ਰਾਹੀਂ ਨਾਮ ਅਪਨਾਣਾ ਚਾਹੀਦਾ ਹੈ । ਕਿਉਂਕਿ 'ਅਤਿ ਪ੍ਰੀਤਮ ਮਨ ਮੋਹਿਨਾ' ਇਹ

---

*ਪੰਨਾ ੫੦੪ ਮਹਲਾ ੧.

†ਪੰਨਾ ੫੦੬ ਮਾਧ

‡ਪੰਨਾ ੫੨੫ ਨਾਮ ਦੇਵ



Digitized by Panjab Digital Library | www.panjabdigilib.org

ਹੀ ਰਾਗ ਦਾ ਪ੍ਰਧਾਨ ਸੁਰ ਹੈ ਇਸ ਵਿਚ ਭਗਤਾਂ ਦੀ ਬਾਣੀ ਨਹੀਂ ਮਿਲਦੀ।*

੧੩. ਵਡਹੰਸ :—ਸਰਦੀ ਦੁਪਹਿਰ ਦੇ ਮਗਰੋਂ ਗਾਉਣ ਯੋਗ ਇਹ ਰਾਗ ਸੰਸਾਰ ਵਲੋਂ ਵੈਰਾਗ ਪੈਦਾ ਕਰਕੇ ਭਗਵੰਤ ਮਿਲਣ ਦੇ ਤਿੱਖੇ ਚਾ ਕਾਰਣ ਅਸ਼ਾਂਤੀ ਪੈਦਾ ਕਰਦਾ ਹੈ । ਇਸ ਵਿਚ ਹੰਸ (ਆਤਮਾ) ਦਾ ਚਿਤਰਣ ਹੈ ਜਿਸ ਨਾਲ ਭਗਤੀ ਸਾਹਿਤ ਦਾ ਹਰ ਇਕ ਉਤਮ ਕਾਵਿ (ਭਾਵੇਂ ਉਹ ਕਿਸੇ ਭਾਸ਼ਾ ਦਾ ਹੀ ਕਿਉਂ ਨਾ ਹੋਵੇ) ਰੰਗਿਆ ਹੋਇਆ ਮਿਲਦਾ ਹੈ ਆਤਮਾ (ਹੰਸ) ਦੀ ਪਰਮਾਤਮਾ ਪਰਾਪਤੀ ਤੇ ਤਿੱਖੇ ਚਾ ਦੀ ਤੁਲਨਾ ਮਛਲੀ ਤੇ ਜਲ ਤੇ ਪਤੀ ਅਤੇ ਪਤਨੀ ਨਾਲ ਕੀਤੀ ਹੈ । ਸਾਵਣ ਵਰਖਾ† ਤੋਂ ਪਹਲਾਂ ਦਾ ਸਮਾਂ ਹੀ ਪਿਆਰ ਅਤੇ ਮਿਲਣ ਦਾ ਸਮਾਂ ਹੈ । ਇਸੇ ਸਮੇਂ ਸਾਕਾਰ ਭਗਵਾਨ ਦੇ ਦਰਸ਼ਨ ਹੁੰਦੇ ਹਨ ।‡ ਪਰੰਤੂ ਸਤ ਗੁਣਾਂ ਦੇ ਬਿਨਾਂ ਉਸ ਨੂੰ ਮਿਲਣਾ ਅਤਿ ਕਠਿਣ ਹੈ ਕਿਉਂਕਿ 'ਮਹਿ ਉਚਾ ਤਾਂ ਕਾਦਰ ਬਾਰੈ§ ਕਵਿਤਾ ਦੇ ਦ੍ਰਿਸ਼ਟਿਕੋਣ ਤੋਂ ਭੀ ਇਸ ਰਾਗ ਦੀ ਵਿਸੇਸ਼ ਮਹਤਤਾ ਹੈ ।

ਜਿੱਥੇ ਗੁਰੂਆਂ ਨੂੰ ਆਤਮਾਂ ਦੀ ਪਵਿਤਰਤਾ ਅਤੇ ਹੰਸ ਦੀ ਸਫੇਦੀ ਨੇ ਮੋਹ ਲਇਆ ਉਥੇ ਹਿਰਦਯ ਸਪਰਸ਼ੀ ਉਪਭਾਵਾਂ ਦੇ ਨਾਲ ਨਾਲ ਉਚ ਕੋਟੀ ਦੀ ਕਾਵਿ ਕਲਾ ਭੀ ਚਮਕ ਉੱਠੀ ਹੈ । ਮੰਤਾਂ ਦੇ ਅੰਦਰ ਬੈਠਾ ਕਵੀ ਭੀ ਬੋਲ ਪਇਆ ਹੈ() ਭਗਤਾਂ ਦੀ ਬਾਣੀ ਦੇ ਦਰਸ਼ਨ ਭੀ ਇਥੇ ਨਹੀਂ ਹੁੰਦੇ । ਇਸ ਰਾਗ ਵਿਚ ਚੌਥੇ ਗੁਰੂਆਂ ਦੀਆਂ ਪਉੜੀਆਂ (ਪੰਨਾ ੫੭੫) ਤੇ ਪਹਿਲੇ ਗੁਰੂ ਨਾਨਕ ਦੀਆਂ ਅਲਾਹਣੀਆਂ ਪੰਨਾ (੫੭੮) ਵਿਸ਼ੇਸ਼ ਬਾਣੀਆਂ ਮਿਲਦੀਆਂ ਹਨ ।

---

*ਕੇਵਲ ਕਬੀਰ ਦਾ ਸਲੋਕ

†ਪੰਨਾ ੬੩੪ ਮ: ੧.

‡ਪੰਨਾ ੬੩੬ ਮ: ੧.

§ਪੰਨਾ ੬੩੬ ਮ: ੧. ੬

()'ਮੋਰੀ ਰੁਣ ਝੁਣ ਲਇਆ' ਪੰਨਾ ੫੫੨ ਮ: ੧



Digitized by Panjab Digital Library | www.panjabdigilib.org

੧੪. ਸੋਰਠ :–ਸਰਦੀ ਦੀ ਰਾਤ ਵਿਚ ਗਾਉਣ ਯੋਗ ਇਹ ਰਾਗ ਵੈਰਾਗ ਤੇ ਰੱਬ ਦੀ ਚਾਹ ਕਰਕੇ ਸ਼ਾਂਤੀ ਨੂੰ ਪੈਦਾ ਕਰਦਾ ਹੈ ਅੰਧਕਾਰ ਦੀ ਪ੍ਰਧਾਨਤਾ ਹੋਣ ਕਾਰਣ ਅਗਿਆਨ† ਕਾਮ ਤੇ ਮੋਤ ਦਾ ਵਰਣਨ ਮਨੁੱਖ ਨੂੰ ਨਿਰਾਸ਼ ਬਣਾ ਦਿੰਦਾ ਹੈ। ਉਸ ਵੇਲੇ ਆਸ਼ਾ ਦੀ ਵਰਤੋਂ ਦਾ ਗਾਇਣ ਹੁੰਦਾ ਹੈ‡ਤੀਰਥਾਂ ਥਾਂਵਾ ਦੀ ਵਿਕਾਰੀ ਦੱਸ ਕੇ ਨਾਂਵ ਦਾ ਮੰਤਵ ਦਸਦੀ ਹੈ ਤੇ ਇਸ ਤਰੀਕੇ ਨਾਲ ਭਵ ਸਾਗਰ ਤੋਂ ਪਾਰ ਲੈ ਜਾਣ ਵਾਲਾ ਗੁਰੂ ਹੀ ਹੈ‡ ੬੩੩ ਮ: ੫

"ਨਾਮੇ ਕੀ ਵਡਿਆਈ।ਤਿਸ ਕੀਮਿਤ ਕਹਣੁ ਨਾ ਜਾਈ"§ ਇਹ ਜਾਣ ਕੇ ਭਗਤ ਉਸ ਵਿਚ ਲੀਣ ਹੋ ਕੇ ਕਹਿੰਦਾ ਹੈ।

੧੨ "ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ।"()

ਭਗਤ ਤਾਂ ਰਾਤ ਦਿਨ ਹੀ ਭਗਵਾਨ ਦੇ ਨਾਮ ਦੁਆਰਾ ਉਸ ਦਾ ਗੁਣ ਗਾਇਣ ਕਰਦਾ ਰਹਿੰਦਾ ਹੈ। 'ਭੀਖਣ' ਜਿਸ ਦੀ ਬਾਣੀ ਕੇਵਲ ਇਸ ਰਾਗ ਵਿਚ ਮਿਲਦੀ ਹੈ ਗੁਣਾ ਦੀ ਸੁਰ ਵਿਚ ਸੁਰ ਮਿਲਾਣਾ ਕਹਿੰਦੀ ਹੈ।

"ਐਸਾ ਨਾਮੁ ਰਤਨੁ ਨਿਰਮੋਲ"[]

ਅਤੇ ਨਾਉਂ ਦਾ ਇਤਨਾ ਮਹੱਤਵ ਜਾਣ ਕੇ ਹੀ ਰਵੀਦਾਸ ਭੀ ਭਗਵਾਨ ਨੂੰ ਮਿਲਨ ਦੀ ਤੜਪਣ ਦਾ ਇਨ੍ਹਾਂ ਸ਼ਬਦਾਂ ਵਿਚ ਪਰਿਚਯ ਕਰਵਾਂਦਾ ਹੈ। ਜੋ ਤੁਮ ਗਿਰੀਵਰ ਤੌਂ ਹਮ ਮੋਰ:: ਇਹ ਨਾਮ ਦੇ ਮਹਤਵ ਤੇ ਉਸਨੂੰ ਮਿਲਣ ਲਈ ਭਗਤਾਂ ਦੀ ਬਿਹਬਲਤਾ ਦਾ ਵਰਣਨ ਹੈ।

੧੫. ਧਨਾਸਰੀ:–ਹੇਮੰਤ ਰੁਤ ਵਿਚ ਦੁਪਹਰ ਮਗਰੋਂ ਗਾਉਣ ਯੋਗ ਇਹ ਰਾਗ ਵੈਰਾਗ ਦੇ ਗੀਤਾਂ ਨਾਲ ਭਰਿਆ ਪਇਆ ਹੈ। ਇਸ ਰਾਗ ਵਿਚ ਕਈ ਭਗਤਾਂ ਦੀਆਂ ਸਿਮਰਤੀਆਂ ਹੋਣ ਕਾਰਣ ਇਸ ਰਾਗ ਦੀ ਵਿਸ਼ੇਸ਼

---

†ਮ: ੧. ੧. ੯ ਪੰਨਾ ੬੩੪ ਸ: ੧੨

§੬੨੭ ਮ: ੫

()ਪੰਨਾ ੬੩੪

[]੬੫੯ ਭੀਖਣ

::੬੫੮ ਰਵੀਦਾਸ।



Digitized by Panjab Digital Library | www.panjabdigilib.org

ਮਹੱਤਤਾ ਹੈ। ਇਥੇ ਵੈਰਾਗ ਦਾ ਕਾਰਣ ਅਸੰਤੋਸ਼ ਹੈ। ਉਹ ਭੀ ਕਿਸੇ ਇਕ ਤੋਂ ਨਹੀਂ ਜੋਗੀਆਂ* ਕਾਜ਼ੀਆਂ ਤੇ ਬ੍ਰਾਹਮਣਾਂ ਤੇ ਉਨ੍ਹਾਂ ਸਭ ਤਾਂ ਵਧ ਆਪਣੇ ਤੋਂ ਹੀ ਅਸੰਤੋਸ਼ ਹੈ। ਪਦ ਅਸ਼ਟਪਦੀਆਂ ਤੇ ਛੰਦਾ ਨਾਮ ਨੂੰ ਹੀ ਸਰਬ ਉੱਤਮ ਤੀਰਥ ਦੱਸਦੇ† ਹਨ। ਸ਼ਾਇਦ ਇਸ ਲਈ, "ਇਹੁ ਧਨੁ ਅਖੁਟ ਨ ਨਿਖੁਟੈ ਨ ਜਾਇ"‡

ਇਹ ਕਹਿਕੇ ਤੀਜੇ ਗੁਰੂ ਨੇ ਨਾਉਂ ਦਾ ਮਹਤਵ ਦੱਸਿਆ ਤੇ ਚੌਥੇ ਗੁਰੂ ਬੋਲੇ 'ਜਪਿ ਮਨ ਸਤਿ-ਨਾਮੁ ਸਦਾ ਸਤਿਨਾਮੁ। ਹਲਤਿ ਪਲਤਿ ਮੁਖ ਉਜਲ ਹੋਈ ਹੈ"§

ਤਾਂ ਪੰਜਵੇਂ ਗੁਰੂ ਸਾਹਿਬ ਤੋਂ ਭੀ ਸ਼ਾਂਤ ਨਾ ਰਹਿਆ ਗਇਆ ਇਸ ਲਈ ਉਨ੍ਹਾਂ ਭੀ ਕਹਿਆ,

'ਸਿਮਰੋ ਸਿਮਰ ਸੁਖ ਪਾਵਉ'()

ਇਸ ਰਾਗ ਦਾ ਵਿਸ਼ੇਸ਼ ਮਹੱਤਵ ਇਹ ਹੈ ਕਿ ਭਗਤਾਂ ਦੀ ਆਰਤੀ ਦੇ ਨਾਲ ਨਾਲ ਗੁਰੂ ਜੀ ਦੀ ਭੀ ਆਰਤੀ ਮਿਲਦੀ ਹੈ ਜਿਹੜੀ ਸੰਭਵ ਹੈ ਉਨ੍ਹਾਂ ਨੇ ਭਗਤਾਂ ਦੀ ਹੀ ਪ੍ਰੇਰਣਾ ਤੋਂ ਲਿਖੀ ਹੋਵੇ। ਗੁਰੂ ਨਾਨਕ ਦੀ ਆਰਤੀ ਵਿਚ ਬ੍ਰਹਮ ਸਰਬ ਵਿਆਪਕ ਹੈ। ਰਵਿਦਾਸ ਉਸ ਦੇ ਨਾਮ ਵਿਚ ਹੀ ਤਾਂ ਲੀਨ ਹੈ। ਸੈਨ ਨੇ ਕਰਤਵ ਪ੍ਰੇਮ ਨੂੰ ਪ੍ਰਧਾਨਤਾ ਦਿੱਤੀ ਹੈ। ਪੀਪੇ ਆਪਣੇ ਅੰਤਰ ਵਿਚ ਹੀ ਰਬ ਦੇ ਧਿਆਨ ਵਿਚ ਵਿਸ਼ਵਾਸ਼ ਰੱਖਦਾ ਹੈ, ਤੇ ਧੰਨਾ ਬ੍ਰਹਮ ਨਾਲ ਗੂੜ੍ਹਾ ਸੰਬੰਧ ਸਥਾਪਿਤ ਕਰਦਾ ਹੈ। ਇਸ ਰਾਗ ਵਿਚ ਸੱਤਾਂ ਭਗਤਾਂ ਦੀ ਬਾਣੀ ਮਿਲਦੀ ਹੈ। ਇਨ੍ਹਾਂ ਵਿਚੋਂ ਭੀ ਸੈਨ ਤੇ ਪੀਪਾ ਦੀ ਬਾਣੀ ਕੇਵਲ ਇਥੇ ਹੀ ਅੰਕਿਤ ਹੈ ਤੇ ਧੰਨਾ ਅਤੇ ਤ੍ਰਿਲੋਚਨ ਦੀ ਬਾਣੀ ਇਸ ਰਾਗ ਵਿਚ ਸਮਾਪਿਤ ਹੋ ਜਾਂਦੀ ਹੈ। ਰਵਿਦਾਸ ਦੀ ਆਰਤੀ ਤੋਂ ਗੁਰੂ ਨਾਨਕ

*ਪਨਾ ੬੬੨ ਮ: ੧,੭,੮,

†ਪੰਨਾ ੬੬੦ ਮ: ੧,੧,੨,

‡ਪੰਨਾ ੬੬੩ ਮ: ੩,੧,

§ਪੰਨਾ ੬੭੦ ਮ: ੪,੧੨

()ਪੰਨਾ ੬੭੯ ਮ: ੫੧੨੩



Digitized by Panjab Digital Library | www.panjabdigilib.org

ਵਿਸ਼ੇਸ਼ ਕਰਕੇ ਪ੍ਰਭਾਵਿਤ ਹਨ ਇਥੋਂ ਤੱਕ ਕਿ ਉਰਸ ਸ਼ਬਦ ਉਨ੍ਹਾਂ ਤੋਂ ਹੀ ਲਇਆ ਪ੍ਰਤੀਤ ਹੁੰਦਾ ਹੈ ।

**੧੬ ਜੈਤਸਰੀ:**–ਸਿਆਲਾਂ ਦੀ ਰਾਤ ਵਿਚ ਰਾਤ ਦੇ ਪਹਿਲੇ ਪਹਿਰ ਵਿਚ ਗਾਉਣ ਯੋਗ ਇਹ ਰਾਗ ਖੁਸ਼ੀ ਦਾ ਸੂਚਕ ਹੈ । ਬ੍ਰਹਮ ਕਿਤਨਾ ਮਹਾਨ ਹੈ, ਉਹ ਮਨੁੱਖ ਦੀ ਕਲਪਨਾ ਤੋਂ ਭੀ ਦੂਰ ਹੈ । ਪਰ ਗੁਰੂ ਵਿਛੜੀ ਹੋਈ ਆਤਮਾ ਨੂੰ ਉਸ ਦੇ ਨਾਲ ਮਿਲਾਉਣ ਵਿਚ ਸਮਰਥ ਹੈ, ਗੁਰੂ ਇਕ ਪ੍ਰਧਾਨ ਸਾਧਨ ਹੈ ਨਾਮ ਇਸੇ ਲਈ ਆਖਿਆ ਹੈ–

"ਰਾਮ ਨਾਮ ਬਿਨ ਮਿਥਿਆ ਜਾਨੋ ਸਗਰੋ ਇਹ ਸੰਸਾਰੀ"*

ਇਸ ਵਿਚ ਭੀ ਭਗਤ ਬਾਣੀ ਨਹੀਂ ਮਿਲਦੀ ਕੇਵਲ ਰਵਿਦਾਸ ਦਾ ਇਕੋ ਸ਼ਬਦ ਮਿਲਦਾ ਹੈ ।

**੧੭ ਰਾਗ ਟੋਡੀ:**–ਸਰਦੀਆਂ ਵਿਚ ਇਕ ਪਹਰ ਦਿਨ ਚੜ੍ਹੇ ਸਮੇਂ ਤੇ ਗਾਓਣ ਯੋਗ ਇਹ ਰਾਗ ਵਿਯੋਗ ਦਾ ਸੂਚਕ ਹੈ । ਮੋਹਨੀ ਮਾਇਆ ਦੀ ਪ੍ਰਭਾਵਸ਼ਾਲੀ ਸ਼ਕਤੀ ਦਾ ਵਰਣਨ ਹੈ । ਪਦਵੀ ਸ਼ਕਤੀ ਰਿੱਧੀ ਸਿੱਧੀ ਅਤੇ ਗਿਆਨ ਆਦਿ ਦੇ ਕਾਰਣ ਘੁਮੰਡ ਤੋਂ ਜਾਗਿਆ ਹੋਇਆਂ ਹੋਮੈਂ ਜੀਵ ਨੂੰ ਵਿਪਥਗਾਮੀ ਬਣਾਈ ਰੱਖਦਾ ਹੈ । ਪਰ ਭਗਤ ਉਤੇ ਉਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂ ਜੋ ਭਗਤ ਤਾਂ

"ਗੁਣ ਗਾਵਤ ਅਤੁਲ ਸੁਖੁ ਪਾਇਆ"†

ਸੁਖ ਪਾਉਂਦਾ ਹੋਇਆਂ ਹੀ ਉਸ ਦੇ ਰਹੱਸ ਨੂੰ ਸਮਝ ਚੁਕਿਆ ਹੈ । ਇਸੇ ਸੁਰ ਨੂੰ ਹੋਰ ਸਪਸ਼ਟ ਕਹਿਣ ਵਾਲੇ ਨਾਮ ਦੇਵ ਦੇ ਤਿੰਨ ਸ਼ਬਦ ਇਸ ਵਿਚ ਮਿਲਦੇ ਹਨ ਕਿਉਂਕਿ ਨਾਮ ਜਪਣ ਵਾਲਾ ਤਾਂ ਬੁਰੇ ਤੋਂ ਬੁਰਾ ਆਦਮੀ ਭੀ ਸਾਗਰ ਤੋਂ ਪਾਰ ਹੋ ਸਕਦਾ ਹੈ । "ਕਉਣ ਕੋ ਲੋਕ ਰਹਿਉ ਰਾਮ ਨਾਮ ਲੇਤ ਹੀ" ੮੧

**੧੮ ਰਾਗ ਬੈਰਾੜੀ:**–ਤੀਜੇ ਪਹਰ ਗਾਉਣ ਯੋਗ ਇਹ ਦੇਸੀ ਰਾਗ ਜੈ ਜੈ ਵੰਤੀ ਨੂੰ ਛੱਡ ਕੇ ਗ੍ਰੰਥ ਵਿਚ ਸਭ ਤੋਂ ਛੋਟਾ ਰਾਗ ਹੈ । ਇਸ ਵਿਚ ਕੇਵਲ ਤਿੰਨ ਸ਼ਬਦ ਹਨ, ਜਿਨ੍ਹਾਂ ਵਿਚ ਅਨੰਤ ਬ੍ਰਹਮ ਦੇ ਬੇਅੰਤ ਗੁਣਾਂ ਦਾ

*ਪੰਨਾ ੭੦੩ ਮ: ੯,੩

†ਪੰਨਾ ੭੧੮ ਮ: ੫ ੩੦



Digitized by Panjab Digital Library | www.panjabdigilib.org

ਗਾਇਣ ਕਰਨ ਵਿਚ ਵੇਦ ਸ਼ਾਸਤ੍ਰ ਤਾਂ ਕੀ ਸਾਰੇ ਸੰਤ ਭੀ ਲੱਗੇ ਹੋਏ ਹਨ, ਪਰੰਤੂ ਰਬ ਦੇ ਗੁਣਾਂ ਦਾ ਅੰਤ ਤਾਂ ਕਿੱਥੋਂ ਹੋਣਾ ਸੀ ਇਹ ਗੁਣਾਂ ਦੀ ਮਾਲ ਹੀ ਉਨ੍ਹਾਂ ਦੀ ਸ਼ਾਂਤੀ ਦਾ ਕਾਰਣ ਹੈ। ਭਗਤਾਂ ਦੀ ਬਾਣੀ ਨੂੰ ਇਸ ਵਿਚ ਕੋਈ ਥਾਂ ਨਹੀਂ ਮਿਲੀ।

**੧੯ ਰਾਗ ਤਿਲੰਗ:**—ਇਹ ਮੁਸਲਮਾਨਾਂ ਦਾ ਪਿਆਰਾ ਰਾਗ ਸਰਦੀ ਜਾਂ ਬਰਖਾ ਦੀ ਰਾਤ ਨੂੰ ਗਾਉਣ ਯੋਗ ਹੁੰਦਾ ਹੈ। ਖੁਸ਼ੀ ਤੇ ਵਿਜੋਗ ਜਾਂ ਵੈਰਾਗ ਦੇ ਭਾਵ ਉਤਪੰਨ ਕਰਦਾ ਹੈ। ਬ੍ਰਹਮ ਨਾਲ ਵਿਆਹ ਦੀ ਇਛਕ ਆਤਮਾ ਦੀ ਤਿੱਖੀ ਚਾਹ ਇਸ ਰਾਗ ਵਿਚੋਂ ਮਿਲਦੀ ਹੈ। ਆਤਮਾ ਨੂੰ ਵਿਆਹ ਦੀ ਇਕ ਕੰਨਿਆ ਦਾ ਪ੍ਰਤੀਕ ਮੰਨ ਕੇ ਸਾਰੇ ਵਿਆਹ ਦੀ ਸਾਮਗ੍ਰੀ ਦਾ ਵਰਣਨ ਕੀਤਾ ਹੈ। ਕੇਸਰ, ਦਸਮ, ਮਜੀਠ, ਚੰਦਨ, ਸੋਨਾਂ, ਕੇਲਾ, ਪੁਸ਼ਪ ਆਦਿ*। ਮਾਇਆ ਦੇ ਕਾਰਣ† ਭਗਤੀ ਦਾ ਅਭਾਵ ਹੀ ਨਿਰਾਸ਼ਾ ਦਾ ਕਾਰਣ ਹੁੰਦਾ ਹੈ ਪਰ 'ਹਰੀ ਕਾ ਨਾਮੀ ਨਿਸ਼ਾਨ ਹੈ ਕੋਈ ਗੁਰਮੁਖ ਜਾਣੈ''‡

ਇਸ ਤਰ੍ਹਾਂ ਨਾਮ ਦੁਆਰਾ ਮਿਲਣ ਦੇ ਗੀਤ ਗਾਉਣ ਨਾਲ ਗੁਰੂ ਰਾਗ ਨੂੰ ਪ੍ਰਸੰਨਤਾ ਦਾ ਰਾਗ ਬਣਾ ਦਿੰਦੇ ਹਨ ਕਿਉਂਕਿ ''ਤੁਧ ਬਿਨ ਦੂਜਾ ਨਾਹੀ ਕੋਇ''§ ਇਹ ਕਹਿਕੇ ਪੂਰਣ ਆਤਮ ਸਮਰਪਨ ਜੋ ਕਰ ਦਿੱਤਾ ਨਾ ਕੇਵਲ ਗੁਰੂ ਨਾਨਕ ਸਗੋਂ ਗੁਰੂ ਅਰਦਾਸ, ਗੁਰੂ ਅਰਜਨ ਭਗਤ ਕਬੀਰ ਤੇ ਨਾਮਦੇਵ ਆਦਿ ਦੀ ਭੀ ਭਾਸ਼ਾ ਉਰਦੂ ਮਿਸ਼ਰਿਤ ਹੈ। ਫਾਰਸੀ ਦੇ ਸ਼ਬਦਾਂ ਦਾ ਪ੍ਰਯੋਗ ਭੀ ਵਧੇਰੇ ਮਿਲਦਾ ਹੈ। ਸੰਭਵ ਹੈ ਮੁਸਲਮਾਨਾਂ ਤੇ ਸੂਫੀਆਂ ਦਾ ਪਿਆਰਾ ਰਾਗ ਹੋਣਾ ਹੀ ਇਸ ਦਾ ਕਾਰਣ ਹੋਵੇ।

੨੦. ਰਾਗ ਸੂਹੀ :—ਮੇਘ ਦੀ ਪਤਨੀ ਸੂਹੀ ਸਤ-ਗ੍ਰਿਹ ਸਤ ਦੇ ਆਧਾਰ ਤੇ ਮਿਲਣ ਵਾਲੀ ਖ਼ੁਸ਼ੀ ਦੀ ਸੂਚਕ ਹੈ। ਬਸੰਤ ਰਿਤੂ ਇਸ ਦੇ ਗਾਉਣ ਦਾ ਚੰਗਾ ਵੇਲਾ ਹੈ। ਸੁਹਣੀ ਵਿਚ ਪਵਿਤ੍ਰ ਆਤਮਾਂ ਦੀ ਪ੍ਰਤਿਨਿਧਤਾ ਦੇਖਕੇ ਹੀ ਬ੍ਰਹਮ-ਨਾਲ ਮਿਲਣ ਹੋ ਸਕਦਾ ਹੈ। ਕਿਉਂਕਿ ਪਵਿਤਰ ਹਿਰਦਯ

*੭੨੨, ੭੨੩. ਮ: ੭

†੭੨੧, ਮ: ੧. ੩. ੪.

‡੭੨੬, ਮ: ੪. ੧੫

§੭੨੩ ਮ: ੫. ੨



Digitized by Panjab Digital Library | www.panjabdigilib.org

ਵਿਚ ਤਾਂ ਬ੍ਰਹਮ ਆਪ ਹੀ ਰਹਿੰਦਾ ਹੈ। ਪਰੰਤੂ ਨਿਵ੍ਰਿਤੀ ਨਹੀਂ ਬਲਕਿ ਪ੍ਰਵਿਰਤੀ ਮਾਰਗ ਹੁੰਦਿਆਂ ਹੋਇਆਂ ਭੀ ਨਿਰਲੇਪ ਸਕ ਗ੍ਰਹਿਸਤ ਨਾਲ ਹੀ ਬ੍ਰਹਮ ਮਿਲਦਾ ਹੈ*। ਭਗਤ ਨੂੰ ਸੁਚੱਜੀ ਅਤੇ ਮਾਇਆ ਧਾਰਣੀ ਨੂੰ ਕੁਚੱਜੀ ਨਾਂ ਦਿਤਾ ਹੈ†। ਜਿਥੇ ਗੁਰੂ ਨੇ ਦੋਹਾਂ ਪੱਖਾਂ ਦਾ ਵਰਣਨ ਕੀਤਾ ਹੈ, ਉਥੇ ਕਬੀਰ ਨਾਮ ਦੇਵ, ਰਵਿ ਦਾਸ ਆਦਿ ਭਗਤਾਂ ਨੇ ਕੇਵਲ ਮਾਇਆ ਧਾਰਣੀ ਨੂੰ ਹੀ ਡੰਡ ਦਾ ਪਾਤਰ ਦਸਿਆ ਹੈ।‡ ਫਰੀਦ ਵਿਚ ਭੀ ਅਸੰਤੋਸ਼ ਹੀ ਹੈ। ਖੁਸ਼ੀ ਨਹੀਂ (ਪੰਨਾ ੭੯੪) ਅਸ਼ਟ ਪਦੀਆਂ ਤੇ ਛੰਦਾ ਵਿਚ ਮਿਲਣ ਦੀ ਚਾਹ ਹੈ।

"ਉਨ ਕੀਉ ਹਿਉ ਮਿਲਣ ਪ੍ਰਭ ਤਾਈਂ"

ਤੇ ਵਿਆਹ ਦੇ ਆਨੰਦ ਦਾ ਵਰਣਨ ਹੈ। ਇਹ ਮਿਲਣ ਸਵਰਗ ਨਹੀਂ ਉਸ ਤੋਂ ਭੀ ਵੱਧ ਹੈ। ਕਿਉਂਕਿ 'ਤਹਾਂ ਬੈਕੁੰਠ ਜਿਹ ਕੀਰਤਨ ਤੇਰਾ' ਭੀ ਵਿਵਹਾਰਕ ਜੀਵਨ ਦੇ ਅਲੰਕਾਰ ਅਤੇ ਚਿਤਰਾਂ ਨੂੰ ਰਾਗ ਨੇ ਰੋਚਕ ਤੇ ਸਰਸ ਬਣਾਇਆ ਹੈ। 'ਮੋਹਣੀਆਂ ਅੱਖਾਂ' ਮਧੁਰ ਬੋਲ, ਪੁਸ਼ਪ, ਪਤਨੀ, ਵਿਆਹ, ਜਵਾਨੀ, ਪਿਤਾ ਦਾ ਘਰ ਆਦਿ ਸਾਰਿਆਂ ਦਾ ਹੀ ਵਰਣਨ ਕੀਤਾ ਗਇਆ ਹੈ। ਪਰੰਤੂ ਉਨ੍ਹਾਂ ਦੀ ਸੁੰਦਰਤਾ ਦਾ ਆਦਰਸ਼ ਸਾਦਗੀ ਹੈ। ਚੌਥੇ ਗੁਰੂ ਦੀਆ ਲਾਵਾਂ (ਪੰਨਾ ੭੮੩) ਇਸ ਰਾਗ ਦੀ ਵਿਸ਼ੇਸ਼ ਬਾਣੀ ਹੈ ਜਿਹੜੀ ਵਿਆਹ ਦੇ ਸਮੇਂ ਗਾਈ ਜਾਂਦੀ ਹੈ।

**੨੧. ਰਾਗ ਬਿਲਾਵਲੁ** :—ਬਸੰਤ ਵਿਚ ਪ੍ਰਭਾਤ ਸਮੇਂ ਗਾਉਣ ਯੋਗ ਇਹ ਰਾਗ ਸੰਤੁਲਨ ਤੋਂ ਉਤਪੰਨ ਹੋਈ ਸ਼ਾਂਤੀ ਤੇ ਜੀਵਨ ਵਿਚ ਸਫਲਤਾ ਦੀ ਆਸ਼ਾ ਦਾ ਸੂਚਕ ਹੈ। ਸੰਗੀਤ ਗ੍ਰੰਥਾਂ ਵਿਚ ਇਸ ਦਾ ਵਰਣਨ ਕੇਸਰ, ਚੰਦਨ, ਚਰਚਿਤ ਤੇ ਸਵੇਤ ਵਸਤਰ ਧਾਰੀ ਦੇ ਰੂਪ ਵਿਚ ਕੀਤਾ ਗਇਆ ਹੈ।

'ਤੂ ਸੁਲਤਾਨ ਕਹਾਂ ਹਉਂ ਮੀਆਂ ਤੇਰੀ ਕਵਣ ਵਡਾਈ'*

ਉਹ ਕਿਤਨਾ ਮਹਾਨ ਹੈ। ਇਸ ਦਾ ਤਾਂ ਕਹਿਣਾ ਹੀ ਕੀ ਇਥੇ ਤਾਂ

---

*੭੩੦ ਮ. ੧. ੭. ੮,

†੭੬੨ ਮ: ੧

‡੭੯੨ ੯੪ ਭਗਤ ਬਾਣੀ

*੭੯੫ ਮ: ੧. ੧



Digitized by Panjab Digital Library | www.panjabdigilib.org

ਉਸ ਦੀ ਵਡਿਆਈ ਭੀ ਨਹੀਂ ਕੀਤੀ ਜਾ ਸਕਦੀ। ਰਾਗ ਦੇ ਆਰੰਭ ਵਿਚ ਹੀ ਉਸ ਦਾ ਪ੍ਰਧਾਨ ਸੁਰ ਬ੍ਰਹਮਾ ਵਲ ਗੁਣ ਸਪਸ਼ਟ ਹੋ ਜਾਂਦਾ ਹੈ। ਉਹ ਨਾ ਕੇਵਲ 'ਰਾਮ ਰਾਮ ਅਗੋਚਰ ਅਲਖ ਅਪਾਰਾ'† ਹੈ ਸਗੋਂ ਗੁਰੂ ਨੂੰ ਇਹ ਭੀ ਅਨੁਭਵ ਹੋ ਚੁਕਾ ਹੈ ਕਿ ਉਹ 'ਚਿੰਤਾ ਕਰਹੁ ਹਮਾਰੀ' ਵਿਚ ਉਸ ਦੀ ਵਡਿਆਈ ਪੂਰਣ ਸ਼ਾਂਤੀ ਵਿਕਸਿਤ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਦੀ 'ਤੇਰਾ ਅੰਤ ਨਾ ਜਾਣਾ' (੭੯੫) ਮ: ੧. ਦੀ ਹੀ ਬਾਣੀ ਗੁਰੂ ਅਰਜਨ ਦੀ 'ਉਚ ਅਪਾਰ ਬੇਅੰਤ ਸੁਆਮੀ ਕਵੁਣ ਜਾਣੇ ਗੁਣ ਤੇਰੇ'‡ ਇਸ ਬਾਣੀ ਵਿਚ ਮਿਲਦੀ ਹੈ, ਉਹੋ ਹੀ ਤਾਂ ਅਕਥ ਅਦ੍ਰਿਸ਼ ਅਜਾਣ, ਸਰਬ ਕਰਤਾ, ਸਰਬ ਗਿਆਤਾ, ਸਰਬ ਵਿਆਪਕ, ਸਰਬ ਦਾਤਾ, ਸਰਬ ਰਕਸ਼ਕ ਤੇ ਸਰਬ ਸਹਾਇਕ ਅਸੀਮਿਤ ਅਤੇ ਸਤ ਹੈ। ਇਹ ਕਹਿੰਦਿਆਂ ਹੋਇਆਂ ਸੀਮਿਤ ਸ਼ਕਤੀ ਮਨੁਖ ਆਪਣਾ ਨਵਾਂ-ਪਣ ਤੇ ਗੁਰੂ ਦੀ ਵਡਿਆਈ ਦਾ ਵਿਚਾਰ ਕਰਕੇ ਅਸਚਰਜਤਾ ਵਿਚ ਪਏ ਜਾਂਦੀ ਹੈ, ਕਿਉਂਕਿ ਤੁਲਨਾ ਕੀਤਿਆਂ ਹੀ ਹਰ ਇਕ ਵਸਤੂ ਦੀ ਮਹੱਤਤਾ ਦਾ ਪਤਾ ਲਗਦਾ ਹੈ। ਭਗਤਾਂ ਦਾ ਭੀ ਇਹੋ ਪ੍ਰਧਾਨ ਸੁਰ ਹੈ। ਇਸੇ ਲਈ ਉਸ ਦੀ ਮਹਾਨਤਾ ਵਿਚ ਕਿਹਾ ਗਇਆ ਹੈ ਕਿ 'ਕੋਉ ਹਰਿ ਸਮਾਨ ਨਾਹੀ ਰਾਗ' ਇਸ ਦੇ ਪ੍ਰੀਯ ਸ੍ਰੂਪ ਬ੍ਰਹਮ ਦੇ ਗੁਣਾਂ ਦੇ ਗਾਇਣ ਵਿਚ ਲੀਨ ਭਗਤ ਨੂੰ ਉਹੋ ਆਪੇ ਹੀ ਅ:ਪਣੀ ਕਿਰਪਾ ਦਾ ਪਾਤਰ ਬਣਾ ਲੈਂਦਾ ਹੈ। ਛੰਦਾਂ ਵਿਚ ਭੀ ਇਹੋ ਦਸਿਆ ਹੈ।

੨੨ ਰਾਗ ਗੋਂਡ :—ਹੇਮੰਤ ਦੇ ਤੀਜੇ ਪਹਿਰ ਤੇ ਬਰਖਾ ਰੁਤ ਦੇ ਕਿਸੇ ਭੀ ਵੇਲੇ ਗਾਉਣ ਯੋਗ ਇਹ ਰਾਗ ਸੰਜੋਗ ਤੇ ਪ੍ਰਸੰਨਤਾ ਦਾ ਰਾਗ ਹੈ। ਇਸ ਪ੍ਰਸੰਨਤਾ ਦਾ ਆਧਾਰ ਭਗਵਾਨ ਮਿਲਨ ਹੈ। ਜਿਹੜਾ ਕਿ ਸਾਰੀਆਂ ਅਸ਼ਾਵਾਂ ਪੂਰਣ ਕਰ ਦਿੰਦਾ ਹੈ। ਇਸੇ ਲਈ ਭਗਤ ਇਹ ਪ੍ਰਾਰਥਨਾ ਕਰਦਾ ਹੈ 'ਮੇਰੇ ਮਨ ਆਸ ਲਈ ਹਰੀ ਪ੍ਰੀਤਮ ਆਪਣੇ ਕੀ'* ਅਤੇ ਸਤਿਗੁਰੂ ਇਨ੍ਹਾਂ ਦੀ ਸੰਯੋਜਨ ਲੜੀ ਹੈ। ਇਸੇ ਲਈ ਸਤਿਗੁਰੂ ਦਾ ਵਿਸ਼ੇਸ਼ ਮਹਤਵ

---

†੭੯੫, ਮ: ੧. ੨,

‡੮੦੨ ਮ: ੫. ੪.

*ਪੰਨਾ ੮੫੯, ਮ: ੪,(੧)



Digitized by Panjab Digital Library | www.panjabdigilib.org

ਦਸਦੇ† ਹੋਏ ਕਹਿਆ ਹੈ ਕਿ ਸਤਗੁਰੂ ਦਾ ਕਸ਼ਟ ਉਸਦਾ ਆਪਣਾ ਕਸ਼ਟ ਹੋ ਨਿਬੜਦਾ ਹੈ। ਕਿਉਂਕਿ 'ਸੰਤ ਗੋਬਿੰਦ ਕੈ ਏਕੇ ਰਾਮ‡ ਤੇ ਭਗਤ ਰਖਿਆ ਲਈ ਰੱਬ ਨੂੰ ਆਪੇ ਦੌੜੇ ਆਉਣਾ ਪੈਂਦਾ ਹੈ। ਸਾਧੂ ਜਨ ਕੀ ਕਰੇ ਰਖਾਲੈ§ ਇਸ ਵਿਚ ਭਗਤ ਬਾਣੀ ਦਾ ਵਿਸ਼ੇਸ਼ ਮਹਤਵ ਹੈ। ਆਕਾਰ ਤੇ ਪ੍ਰਮਾਣ ਦੀ ਦ੍ਰਿਸ਼ਟੀ ਤੋਂ ਹੀ ਨਹੀਂ() ਸਗੋਂ ਵਿਚਾਰ ਦੀ ਦ੍ਰਿਸ਼ਟੀ ਤੋਂ ਭੀ ਉਨਾਂ ਹੀ ਮਹਤਵ ਹੈ। ਭਗਤਾਂ ਦੇ ਨਿੱਜੀ ਜੀਵਨ ਦਾ ਅਨੁਭਵ ਭੀ ਇਸ ਵਿਚ ਮਿਲਦਾ ਹੈ। ਕਬੀਰ ਨੂੰ ਪੂਜਾ ਬਾਧੀ ਮਿਲਾ ਕਰ ਡਾਹੀਉ ਪਰੰਤੂ ਕ੍ਰੋਧ ਮੁੰਡ ਮਹਿ ਮਾਹੀਉ ਇਸ ਤਰ੍ਹਾਂ ਉਨ੍ਹਾਂ ਦੇ ਆਪਣੇ ਜੀਵਨ ਤੇ ਅਨੁਭਵ ਤਤਕਾਲੀਨ ਧਾਰਮਿਕ ਸਾਮਾਜਿਕ ਅਤੇ ਰਾਜਨੀਤਕ ਪਰਿਸਥਿਤੀਆਂ ਤੇ ਪ੍ਰਕਾਸ਼ ਪਾਕੇ ਇਤਿਹਾਸ ਦੇ ਸਹਯੋਗੀ ਸਿਧ ਹੁੰਦੇ ਹਨ।

**੨੩ ਰਾਗ ਰਾਮਕਲੀ** :–ਬਸੰਤ ਰਿਤੂ ਦੇ ਸਵੇਰੇ ਗਾਉਣ ਯੋਗ ਰਾਗ ਹੈ। ਵੈਰਾਗ ਤੇ ਅਧਿਆਤਮਕ ਮਿਲਨ ਦੀ ਆਸ਼ਾ ਉਤਪੰਨ ਕਰਦਾ ਹੈ। ਪ੍ਰਧਾਨ ਤੌਰ ਤੇ ਇਹ ਜੋਗੀਆਂ ਦਾ ਰਾਗ ਹੈ। ਗੁਰੂ ਨੇ ਵਧੇਰੇ ਥਾਵਾਂ ਤੇ ਜੋਗੀਆਂ ਨੂੰ ਸੰਬੋਧਨ ਕਰਕੇ ਓਨ੍ਹਾਂ ਨੂੰ ਰਾਗ ਦੀ ਮਹਤਤਾ ਤੋਂ ਜਾਣੂ ਕਰਵਾਇਆ ਹੈ। "ਨਾਨਕ ਬੋਲ ਅੰਮ੍ਰਿਤ ਬਾਣੀ, ਸੁਣੀ ਮਾਲਿੰਦਰ ਅਵਧੂ ਨਿਸਾਣੀ"* ਜੋਗੀਆਂ ਵਿਚ ਮਿਲਦੇ ਭੇਖ ਅਤੇ ਬਾਹਰੀ ਆਡੰਬਰ ਦਾ ਨਾ ਕੇਵਲ ਗੁਰੂ ਨਾਨਕ ਸਗੋਂ ਕਬੀਰ† ਨਾਮ ਦੇਵ ਤੇ ਰਾਵਿਦਾਸ ਆਦਿ‡ ਸਾਰੇ ਭਗਤਾਂ ਨੇ ਵਿਰੋਧ ਕੀਤਾ ਹੈ ਅਤੇ 'ਐਸਾ ਸਹਾਈ ਹਰਿ ਕੋ ਨਾਮ' ਕਹਿ ਕੇ ਉਸਦੀ ਮਹਤਤਾ ਦਰਸਾਕੇ ਉਸ ਵਿਚ ਲੀਨ ਹੋ ਗਏ ਹਨ।

---

†੮੬੪, ਤ: ੬. ੭.

‡੮੩੭ ਮ: ੫. ੨੮.

§੮੬੬ ਮ: ੫. ੨੮.

()ਭਗਤ ਬਾਣੀ ੨੦ ਕੁਲ ਬਾਣੀ ੬੪

*੮੭੭ ਮ: ੧.(੫)

†੯੬੮ ਕਬੀਰ ੧. ੨. (੭)

‡੯੭੩ ਨਾਮ ਦੇਵ ੨.



Digitized by Panjab Digital Library | www.panjabdigilib.org

ਇਸ ਵਿਚ ਗੁਰੂ ਨਾਨਕ ਦੀ ਉਂਕਾਰ ਦਖਣੀ (ਪੰਨਾ ੯੨੯) ਤੇ ਸਿਧ ਗੋਸ਼ਟ (ਪੰਨਾ ੯੩੮) ਤੇ ਗੁਰੂ ਅਮਰ ਦਾਸ ਦੀ ਆਨੰਦ (ਪੰਨਾ ੯੧੭) ਤੇ ਸੁੰਦਰ ਦੀ ਸੱਦ (ਪੰਨਾ ੯੩੩) ਵਿਸ਼ੇਸ਼ ਬਾਣੀਆਂ ਦੇ ਇਲਾਵਾ ਸੱਤੇ ਤੇ ਬਲਵੰਡ ਦੀ ਵਾਰ (ਪੰਨਾ ੯੬੩) ਭੀ ਮਿਲਦੀ ਹੈ। ਉਨ੍ਹਾਂ ਤੋਂ ਗੁਰੂ ਗ੍ਰੰਥ ਵਿਚ ਕੇਵਲ ਇਹੀ ਸ਼ਬਦ ਮਿਲਦੇ ਹਨ। ਭਾਸ਼ਾ ਯੋਗਕ ਪਰਿਭਾਸ਼ਿਕ ਸ਼ਬਦਾਂ ਵਲੀ ਤੇ ਬਾਹਰੀ ਪ੍ਰਤੀਕਾਂ ਨਾਲ ਭਰਪੂਰ ਹੈ। ਜਿਵੇਂ ਜੋਤ ਧਿਆਨ, ਥਿਰ ਮੰਡਲ ਗੋਰਖ, ਸ਼ਬਦ ਨਾਦਿ, ਮੁਦਰਾ ਨਿਕਰਾ ਆਦਿ ਰੂਪਕਾਂ ਦਾ ਪ੍ਰਯੋਗ ਭੀ ਮਿਲਦਾ ਹੈ।

੨੪ ਨਟਨਾਰਾਇਣ :—ਬਰਖਾ ਰਿਤੂ ਦੇ ਤੀਜੇ ਪਹਰ ਵਿਚ ਗਾਉਣ ਜੋਗ, ਪ੍ਰਸੰਨਤਾ ਦਾ ਸੂਚਕ ਹੈ, 'ਜੀਵ ਕੋਟਿ ਕੋਟਿ ਦੇਖੁ ਬਹੁ ਕੀਨੇ' ਕਹਿਕੇ ਆਪਣੇ ਦੋਸ਼ਾਂ ਨੂੰ ਸਵੀਕਾਰ ਕਰਦਾ ਹੋਇਆ ' ਸਬ ਪਰ ਹਰਿ ਪਾਸੀ ਖੈਰ ।* ਕਿਰਪਾਲੂ ਭਗਵਾਨ ਦੁਆਰਾ ਆਪਣੇ ਅਪਰਾਧਾਂ ਦੀ ਖਿਮਾ ਮੰਗਦਾ ਹੋਇਆ ਪ੍ਰਸੰਨ ਹੁੰਦਾ ਹੈ। ਉਹ ਤਾਂ 'ਅਵਗਨਿਆਰੇ ਪਾਥਰ ਸਾਰੈ ।† ਹੈ ਪਰੰਤੂ ਇਹੋ ਜਿਹੇ ਪਾਪਾਂ ਦਾ ਭਾਰ ਲਈ ਹੋਏ ਜਿਹੜੇ ਪਥਰ ਅੰਤ ਜੜ੍ਹ ਹੋ ਗਏ ਹਨ ਉਨ੍ਹਾਂ ਨੂੰ ਹੀ ਸ਼ਰਨ ਆਇਆ 'ਹਰਿ ਤਾਰ' ਇਹ ਛੋਟੇ ਜਿਹੇ ਰਾਗ (ਕੇਵਲ ੨੫ ਸ਼ਬਦਾਂ) ਦਾ ਪ੍ਰਧਾਨ ਵਿਚਾਰ ਹੈ। ਭਗਤਾਂ ਦੀ ਬਾਣੀ ਇਸ ਵਿਚ ਨਹੀਂ ਮਿਲਦੀ।

੨੫ ਮਾਲੀ ਗਉੜਾ :—ਦੁਪਹਿਰ ਨੂੰ ਗਾਉਣ ਯੋਗ ਰਾਗ ਉਮੰਗ ਅਰਥਾਤ ਪ੍ਰਸੰਨਤਾ ਦੇਣ ਵਾਲਾ ਹੈ। ਸਾਰੇ ਭਗਤ ਕੀ ਬ੍ਰਹਮਾਂ',ਵਿਸ਼ਨੂੰ, ਮਹੇਸ਼ ਆਦਿ ਭੀ ਅਨੇਕ ਯਤਨ ਕਰ ਰਹੇ ਹਨ। ਪਰੰਤੂ ਹਰਿ ਦਾ ਅੰਤ ਨਹੀਂ ਪਾਇਆ। ਕਿਉਂਕਿ ਉਹ ਤਾਂ ਅਗੰਮ ਤੇ ਆਗਾਧ ਹੈ ਇਸੇ ਲਈ ਉਸੇ ਭਗਤ ਦਾ ਉਧਾਰਕ ਦੇ ਨਾਉਂ ਵਿਚ ਲੀਨ ਹੋ ਕੇ ਇਕ ਮਾਤਰ ਸਰਬ ਦਾਤਾ (ਸੰਸਾਰਕ) ਅਤੇ ਅਧਿਆਤਮਕ ਹਰਿ ਸਮਰਥ ਕੀ ਸਰਣ‡ ਆਉਣਾ ਚਾਹੀਦਾ ਹੈ। ਉਹਦੀ ਸਰਣ ਵਿਚ ਪਹੁੰਚਣਾ ਹੀ ਪ੍ਰਸੰਨਤਾ ਦਾ ਕਾਰਣ ਹੈ

*ਰਵਿਦਾਸ ੯੭੪.

†੯੭੫, ਮ: ੪. (੧)

‡੯੭੬, ਮ: ੪. (੩)



Digitized by Panjab Digital Library | www.panjabdigilib.org

ਤੇ ਸ਼ਰਨ ਵਿਚ ਪਹੁੰਚਿਆ ਹੋਇਆ ਨਾਮ ਦੇਵ 'ਮਧੁਰ ਮਧੁਰ ਧੁੰਨੀ ਅਨਹਦ ਗਾਜੇ' ਦਾ ਅਨੁਭਵ ਕਰਦਾ ਹੈ।

**੨੬ ਰਾਗ ਮਾਰੂ** :—ਸਰਦੀਆਂ ਦੀ ਦੁਪਹਿਰ ਦੇ ਮਗਰੋਂ ਗਾਉਣ ਵਾਲਾ ਇਹ ਰਾਗ ਓਜ ਦੁਆਰ ਦੀ ਪ੍ਰੇਰਣਾ ਦਿੰਦਾ ਹੈ। ਪਰੰਤੂ ਪੰਡਿਤਾਂ, ਯੋਗੀਆਂ, ਤੇ ਮਾਇਆ ਧਾਰੀਆਂ ਉਤੇ ਕਬੀਰ ਦੀ ਹਮਲਾ-ਆਵਰ ਰੁਚੀ* ਸਮੇਂ ਦੇ ਅਨੁਕੂਲ ਨਾ ਸਮਝਕੇ ਗੁਰੂ ਨੇ ਇਸਨੂੰ ਭੀ ਨਮਰਤਾ ਤੇ ਉਦਾਰਤਾ ਦਾ ਰਾਗ ਬਣਾ ਦਿਤਾ ਹੈ। ਅਸਲ ਵਿਚ ਰਾਗ ਦੇ ਆਂਤ੍ਰਿਕ ਸੁਭਾਵ ਨੂੰ ਉਨ੍ਹਾਂ ਤਿਆਗਿਆ ਨਹੀਂ ਪਰ ਬਦਲ ਲਇਆ ਹੈ। ਉਹ ਆਕਰਮਣ ਬਣੇ ਰਹੇ ਪਰ ਮਾਇਆ ਤੇ ਇੰਦਰੀਆਂ ਉਤੇ ਹੀ ਉਨ੍ਹਾਂ ਨੇ ਆਕਰਮਣ ਕੀਤਾ ਹੈ† ਉਨ੍ਹਾਂ ਦਾ ਸਭ ਤੋਂ ਬਲਵਾਨ ਹਥਿਆਰ ਸੀ ਭਗਤੀ ਜਿਸਦਾ ਨਿਰਮਾਨ ਨਾਮ ਧਾਤੂ ਤੋਂ ਹੋਇਆ ਹੈ‡ ਇਹੀ ਉਨ੍ਹਾਂ ਦੀ ਕਲਾ ਦੀ ਸੁੰਦਰਤਾ ਹੈ। ਜੀਵ ਨੂੰ ਪਤਿਤ ਅਨੁਭਵ ਕਰਾਕੇ ਉਸਦੇ ਸ੍ਵਮਾਨ ਨੂੰ ਸਟ ਪਹੁੰਚਾਈ ਹੈ। ਇਸ ਤਰ੍ਹਾਂ ਉਸ ਵਿਚ ਮਾਇਆ ਦੀ ਵਿਰੋਧੀ ਸ਼ਕਤੀ ਸੰਚਾਰਕੇ ਅਧਿਆਤਮਕ ਸੰਪਤੀ ਦਾ ਮਹਾਤਮ ਦਸ ਕੇ ਆਤਮ ਅਨੁਭੂਤੀ ਦੀ ਤਿੱਖੀ ਚਾਹ ਪੈਦਾ ਕਰ ਦਿੱਤੀ ਹੈ। ਇਸ ਰਾਗ ਦੀ ਖਾਣੀ ਅਤਿਅੰਤ ਪ੍ਰਭਾਵ ਉਤਪਾਦਨ ਸਿੱਧ ਹੋਈ ਹੈ। ਸ਼ਾਇਦ ਇਸ ਲਈ ਕਿ ਇਕ ਤਾਂ ਇਸ ਰਾਗ ਦੇ ਅਨੁਕੂਲ ਪ੍ਰੇਰਣਾ ਤੇ ਉਤਸ਼ਾਹ ਦਾ ਸੂਰ ਮਿਲਦਾ ਹੈ ਤੇ ਦੂਜਾ ਗੁਰੂ ਆਪੇ ਸਤਿਗੁਰੂ ਹੁੰਦਾ ਹੋਇਆ ਭੀ ਵਾਹਿਗੁਰੂ ਦਾ ਦਾਸ ਬਣ ਗਇਆ ਹੈ, ਇਸ ਭਾਗ ਦੇ ਸੂਚਕ 'ਮੁਲ ਖਰੀਦੀ ਵਾਲਾ ਗੋਲਾ', (ਦਾਸੋ) ਆਦਿ ਇਸ ਰਾਗ ਦੇ ਪ੍ਰਧਾਨ ਸ਼ਬਦ ਹਨ। ਇਸ ਵਿਚ ਪਹਿਲੇ ਗੁਰੂ ਦੀ ਨਮਰਤਾ ਕਰਕੇ ਉਨ੍ਹਾਂ ਦੀ ਮਹਾਨਤਾ ਛਿਪੀ ਹੋਈ ਹੈ। ਇਸ ਰਾਗ ਵਿਚ ਪਹਿਲੇ ਗੁਰੂ ਦੀਆਂ ਸੂਫੀਆਂ ਵਾਂਗ ਕਾਫੀਆਂ, ਪੰਨਾ ੧੦੧੪ ਤੇ ਗੁਰੂ ਅਰਜਨ ਦੀਆਂ ਅੰਜਲੀਆਂ ਪੰਨਾ ੧੦੧੯ ਵਿਸ਼ੇਸ਼ ਬਾਣੀਆਂ ਮਿਲਦੀਆਂ ਹਨ।

---

*੧੧੦੨ ਕਬੀਰ ੨. ੩. ੬ ੯.

†੯੮੯ ਮ: ੧੩. ੪. ੫, ੯. ੧੦,

‡੯੯੩ ਮ: ੧. ੧੨.



Digitized by Panjab Digital Library | www.panjabdigilib.org

੨੭ ਰਾਗ ਤੁਖਾਰੀ :—ਸਰਦ ਰਿਤੂ ਦੇ ਸਵੇਰੇ ਗਾਉਣ ਯੋਗ ਇਹ ਰਾਗ ਸ਼ਾਂਤੀ ਅਤੇ ਪ੍ਰਸੰਨਤਾ ਦਿੰਦਾ ਹੈ। ਇਹ ਰਾਗ ਛੋਟਾ (ਕੇਵਲ ਸਤਾਈ ਸ਼ਬਦ] ਤੇ ਪ੍ਰਧਾਨ ਨਾ ਹੁੰਦਿਆਂ ਹੋਇਆ ਭੀ ਗੁਰੂ ਨਾਨਕ ਦੇ ਬਾਰਾਂ ਮਾਂਹ (੫ : ੧੧੮੭) ਦੇ ਕਾਰਣ ਗੁਰੂ ਗ੍ਰੰਥ ਵਿਚ ਆਪਣਾ ਵਿਸ਼ੇਸ਼ ਥਾਂ ਬਣਾਏ ਹੋਏ ਹੈ। ਇਹ ਬਾਰਾਂ ਮਾਂਹ ਸੰਯੋਗ ਤੇ ਵਿਯੋਗ ਦੀ ਅਤਿ ਉਤਮ ਕਵਿਤਾ ਹੈ। ਇਸ ਵਿਚ ਕੇਵਲ ਛੰਤ ਦਾ ਪ੍ਰਯੋਗ ਹੋਇਆ ਹੈ ਤੇ ਬਾਣੀ ਭੀ ਕੇਵਲ ੧, ੪, ੫. ਗੁਰੂ ਦੀ ਮਿਲਦੀ ਹੈ। ਇਸ ਵਿਚ ਮਾਇਆ ਧਾਰੀ* ਅਤੇ ਅਸ਼ਾਂਤ ਜੀਵਨ ਦੀ ਭਗਵੰਤ ਪ੍ਰਤਿ ਪੁਕਾਰ ਤੇ ਭਗਵੰਤ ਮਿਲਣ ਦੇ ਸਾਧਨ ਸਤਿਗੁਰੂ† ਵਲ ਸੰਕੇਤ ਹੈ।

੨੮ ਰਾਗ ਕਿਦਾਰਾ :—ਅੱਧੀ ਰਾਤ ਵੇਲੇ ਗਾਉਣ ਯੋਗ ਇਹ ਰਾਗ ਖੁਸ਼ੀ ਤੇ ਵਿਯੋਗ ਦੇਣ ਵਾਲਾ ਹੈ। ਵਚਿਤਰ ਹਾਲਤ ਹੈ ਵਿਯੋਗ ਤੇ ਖੁਸ਼ੀ ਦੀ। ਮਾਇਆ ਨੇ ਆਤਮਾ ਤੇ ਪਰਮਾਤਮਾ ਵਿਚ ਜਿਹੜੀ ਖਾਈ ਪਾਈ ਹੈ ਉਹ ਵਿਯੋਗ ਦੀ ਸੂਚਕ ਹੈ। ਪਰੰਤੂ ਇਸ ਅੰਤਰ ਨੂੰ ਦੂਰ ਕਰਕੇ ਉਸਨੂੰ ਮਿਲਣ ਦੀ ਚਾਹ ਜੀਵ ਨੂੰ ਪ੍ਰਸੰਨ ਕਰਦੀ ਹੈ। ਜਦ ਉਸਨੂੰ ਅਦ੍ਰਿਸ਼ਟ ਦੇ ਭੀ ਦਰਸ਼ਨ ਕਰਾਂਉਣ ਵਾਲਾ ਗੁਰੂ ਪੂਰਾ ਮਿਲੈ ਲਖਾਈਆਂ‡ ਤੇ ਉਸ ਵਕਤ ਦਾ ਨਾਮੋ ਨਿਸ਼ਾਣ ਬਣ ਗਇਆ ਹੈ। ਤੁਖਾਰੀ ਰਾਗ ਵਿਚ ਗੁਣ ਗਾਉਣ ਨਾਲ ਭਗਵੰਤ ਮਿਲਣ ਦੀ ਜੋ ਚਾਹ ਪੈਦਾ ਹੁੰਦੀ ਹੈ ਤੇ ਜਿਸ ਗੁਰੂ ਦਾ ਸੰਕੇਤ ਮਿਲ ਚੁਕਿਆ ਹੈ। ਇਸ ਲਈ ਮਿਲਣ ਹੋਰ ਨੇੜੇ ਹੋ ਗਇਆ ਹੈ। ਉਸਤਤ ਨਿੰਦਾ ਕਉ ਵਿਵਰਜਤ ਤਜਹੁ ਮਾਨੁ ਅਭਮਾਨਾ. ੫ ਆਦਿ ਕਹਿਕੇ ਜਿਹੜਾ ਹਰਿ ਪਦ ਦੀਨੈ ਉਸੇ ਨੂੰ ਸਤ ਦਸਿਆ ਹੈ। ਇਸ ਤਰ੍ਹਾ ਸੰਤਾਂ ਦੇ ਲਛਣਾਂ ਤੇ ਭੀ ਪ੍ਰਕਾਸ਼ ਪਾਇਆ ਹੈ, ਕਿਉਂਕਿ ਗੁਰੂ ਸਤਿਗੁਰੂ ਹੋਣਾ ਚਾਹੀਦਾ ਹੈ।

੨੯ ਰਾਗ ਭੈਰੋ :—ਪ੍ਰਾਤਾ ਕਾਲੀਨ ਰਾਗਾਂ ਵਿਚੋਂ ਭੀ ਸਭ ਤੋਂ ਪਹਲਾਂ ਗਾਉਣ ਯੋਗ ਇਹ ਗੰਭੀਰਤਾ ਦਾ ਰਾਗ ਹੈ। ਇਸ ਵਿਚ ਕਵਿਤਾ ਨਹੀਂ ਗੰਭੀਰ ਵਿਚਾਰਧਾਰਾ ਦੀ ਪ੍ਰਧਾਨਤਾ ਹੁੰਦੀ ਹੈ। ਨਾਨਕ ਹਉਮੈ ਰਾਗ

*੧੧੦੭ ਮ: ੧. ੨.

†੧੧੦੮ ਮ: ੧. ੪,

‡੧੧੦੨. ੩. ਕਬੀਰ (੫)



Digitized by Panjab Digital Library | www.panjabdigilib.org

ਬੁਰੋ'* ਹਉਮੈ ਸਭ ਤੋਂ ਮਾੜਾ ਵਿਕਾਰ ਹੈ। ਜਿਸਨੇ ਜੀਵ ਤਾਂ ਕੀ ਵੇਦ, ਸਮੁੰਦਰ, ਪਵਨ ਤੇ ਇਨ੍ਹਾਂ ਸਭ ਨੂੰ ਹੀ ਨਹੀਂ ਬਲਕਿ ਰੋਗੀ ਬ੍ਰਹਮਾਂ, ਵਿਸ਼ਨੂ ਸੁਦਰ ਰੋਗੀ ਸਗਲ ਸੰਸਾਰਾ, ਇਨ੍ਹਾਂ ਨੂੰ ਭੀ† ਹਉਮੈ ਦਾ ਰੋਗ ਬਣਾ ਦਿਤਾ ਹੈ। ਨਾਂ ਦੇ ਬਿਨਾਂ ਯਗ ਪੂਜਾ ਆਦਿ ਤੋਂ ਭੀ ਇਸ ਮਾਇਆ ਤੇ ਜਗ ਤੋਂ ਛੁਟਕਾਰਾ ਨਹੀਂ ਹੋ ਸਕਦਾ‡ ਨਾਮ ਤੋਂ ਬਿਨਾ ਉਸਦਾ ਅਨੁਭਵ ਸੰਭਵ ਹੀ ਨਹੀਂ ਤੇ ਉਸ ਬਿਨਾਂ ਇਹ ਜਨਮ ਬੇਕਾਰ ਹੈ§ ਇਸ ਹਉਮੈ ਤੋਂ ਗੁਰੂ ਸ਼ਬਦ ਹੀ ਰਖਿਅਕ ਹੁੰਦਾ ਹੈ ਕਿਉਂਕਿ ਉਸ ਸ਼ਬਦ ਦਾ ਸਥਾਨ ਹੀ ਇੰਦਰ ਆਦਿਕ ਬ੍ਰਹਮਾ ਆਦਿ ਤਰੇ() ਭਗਤਾਂ ਨੇ ਭੀ ਇਸ ਸੁਰ ਵਿਚ ਸੁਰ ਮਿਲਾਕੇ ਮੇਲਾ ਬ੍ਰਹਮ ਸ਼ੈਲਾ ਇੰਦਰ ਦਰਸ਼ਕ ਤਾਂ ਕੇਵਲ ਗੁਰੂ[] ਹੀ ਹੈ। ਇਸ ਲਈ ਇਹ ਰਾਗ ਗੁਰੂ ਦੀ ਪ੍ਰਸੰਸਾ ਦੇ ਗੀਤ' ਦਾ ਹੀ ਰਾਗ ਹੈ।

**੩੦. ਰਾਗ ਬਸੰਤ:**—ਬਸੰਤ ਰਿਤੂ ਦਾ ਰਾਗ ਸੰਤੁਲਨ ਖੁਸ਼ੀ ਤੇ ਉਸਤੋਂ ਵਧ ਆਨੰਦ ਦਾ ਰਾਗ ਹੈ ਪ੍ਰਭੂ ਦਾ ਪ੍ਰੇਮੀ ਅਨੰਤ ਬਸੰਤ ਹੈ। ਬਸੰਤ ਦੇ ਇਨ੍ਹਾਂ ਅਲੰਕਾਰਾਂ ਵਿਚ ਹੀ ਭਗਤੀ ਦਾ ਵਰਣਨ ਮਿਲਦਾ ਹੈ:। ਬਸੰਤ ਮਿਲਣ ਦੀ ਪ੍ਰਸੰਨਤਾ ਦਾ ਸੂਚਕ ਹੈ। ਇਸ ਮਿਲਣ ਵਿਚ ਬਾਹਰੀ ਅਡੰਬਰ ਪੂਜਾ ਅਸਥਿਰ ਮਨ ਹਉਮੈ ਸੰਪਤੀ ਦਾ ਮੋਹ ਤੇ ਅਗਿਆਨ ਆਦਿ ਬਾਧਕ ਹਨ:: ਸਤਿ ਕਰਨ, ਸਰਬ ਵਿਆਪਕ ਰਬ ਦੀ ਅਨੁਭੂਤੀ, ਗੁਰੂ ਵਿਚ ਵਿਸ਼ਵਾਸ਼ ਤੇ ਅਭਿਆਸ ਨਾਲ ਮਨ ਨੂੰ ਵਸ ਵਿਚ ਕਰਨਾ, ਇਸ ਤਰੀਕੇ ਨਾਲ ਹਮੇਸ਼ਾ ਅਨੁਭੂਤੀ ਤੇ ਸੰਤੋਸ਼ ਦੀ ਭਾਵਨਾ ਰੱਬ ਮਿਲਣ ਵਿਚ ਹੀ ਸਹਾਇਕ ਸਿੱਧ ਹੁੰਦੇ

---

*੧ ੧੮. ਮ: ੪. ੧.

†੧੧੫੩. ਮ: ੧, ੧.

‡੧੧੫੩. ਨ: ੧. ੧.

§੧੧੨੭. ਮ: ੧. ੮.

()੧੧੨੬. ਮ: ੧, ੩. ੪. ੫,

[] ੧੧੫੮. ਕਬੀਰ

:੧੧੬੮ ਮ: ੧. ੧, ੨.

::੧੧,੮੬. ਮ: ੧. ੪. ੫. ੬.



Digitized by Panjab Digital Library | www.panjabdigilib.org

ਹਨ* । ਇਹੀ ਸਦਾ ਰਹਣ ਵਾਲੀ ਜ਼ਿੰਦਗੀ ਦੀ ਬਸੰਤ ਹੈ । ਬਸੰਤ ਦੀ ਖੁਸ਼ੀ ਵਿਚ ਗੁਰੂ ਆਪੇ ਆਪ ਬੋਲ ਉਠੇ ਹਨ, 'ਆਪ ਹਮਾਉ ਮਰਾ ਅਨੰਤ' ਕਿਉਂਕਿ ਅਜੁ ਹਮਾਰੇ ਗ੍ਰਿਹਿ ਬਸੰਤ†, ਤੇ ਗੁਰੂ ਦੇ ਅੰਤਰ ਬਸੰਤ ਦਾ ਜਿਸ ਰੂਪ ਵਿਚ ਵਰਣਨ ਮਿਲਦਾ ਹੈ ਉਹ ਰੂਪ ਭੀ ਅਨੂਪਮ ਹੈ 'ਸਤਿ ਕਰਮ ਬਿਰਖ ਹੈ' ਸਤਿਆ ਦੁਆਰਾ ਹੁੰਦਾ ਹੈ । ਇਸ ਤੋਂ ਬਸੰਤ ਪਾ ਭੀ ਕਿਵੇਂ ਸਕਦਾ ਹੈ । ਕਬੀਰ ਨੇ ਭੀ ਇਹੀ ਕਿਹਾ ਹੈ ਕਿ ਪ੍ਰਿਥਵੀ ਆਕਾਸ਼, ਵੇਦ ਪੁਰਾਣ, ਮਨ ਤੇ ਆਤਮਾ ਸਾਰੀ ਬਸੰਤ ਦੇ ਆਉਣ ਤੇ ਠੀਕ ਤਰੀਕੇ ਨਾਲ ਖਿੜ ਪੈਂਦੇ ਹਨ । ਗੁਰੂ ਗ੍ਰੰਥ ਵਿਚ ਮਿਲਨ ਨਾਲ ਰਾਗ ਆਨੰਦ ਦਾ ਭੀ ਇਕੋ ਸ਼ਬਦ ਇਸੇ ਭਾਵ ਦਾ ਸੂਚਕ ਹੈ । 'ਕਤਿ ਜਾਈਐ ਰੇ ਘਰ ਲਾਗੋ ਰੰਗ'‡ । ਅੰਦਰ ਹੀ ਬ੍ਰਹਮ ਦਿਸਿਆ ਕਿਧਰੇ ਜਾਣ ਦੀ ਜ਼ਰੂਰਤ ਨਹੀਂ । ਇਸ ਰਾਗ ਦੀ ਭਾਸ਼ਾ ਅਲੰਕਾਰ ਪ੍ਰਧਾਨ ਤੇ ਰਸੀਲੀ ਹੋਣ ਕਰਕੇ ਭੀ ਵਧੇਰੀ ਆਕਰਸ਼ਿਕ ਬਣ ਗਈ ਹੈ ।

੩੧. **ਰਾਗ ਸਾਰੰਗ**:—ਬਰਖਾ ਰਿਤੂ ਦੇ ਦੁਪਹਿਰ ਨੂੰ ਗਾਉਣ ਯੋਗ ਰਾਗ ਹੈ । ਬਰਖਾ ਤੋਂ ਪਿਆਸੇ ਸਾਰੰਗ ਦੀ ਯਾਦ ਦਿਵਾਂਦਾ ਹੈ । ਉਸੇ ਤਰੀਕੇ ਨਾਲ ਆਤਮਾ ਭੀ ਭਗਵੰਤ ਰਸ ਪੀਣਾ ਚਾਹੁੰਦੀ ਹੈ । ਨਾਂ ਰੂਪੀ ਜਲ ਹੀ ਮਿਲਣ ਦੀ ਪਿਆਸ ਨੂੰ ਬੁਝਾ ਸਕਦਾ ਹੈ§ । ਪਰੰਤੂ ਉਸ ਨੂੰ ਪਾਉਣ ਵਾਲਾ ਕੋਈ ਸੁਭਾਗਸ਼ਾਲੀ ਹੀ ਹੁੰਦਾ ਹੈ() । ਉਸਦੇ ਲਈ ਉਤਨੀ ਹੀ ਤੀਬਰ ਚਾਹ ਹੋਣੀ ਚਾਹੀਦੀ ਹੈ ਜਿਨੀ ਮੋਰ ਵਿਚ ਬੱਦਲ ਲਈ ਅਤੇ ਬਿਰਖ ਵਿਚ ਜਲ ਲਈ। ਸੰਪੂਰਣ ਵਾਤਾਵਰਣ ਹੀ ਜਲਮਈ ਹੈ । ਇਸ ਲਈ ਇਹੀ ਇਸ ਰਾਗ ਦੀ ਵਿਸ਼ੇਸ਼ਤਾ ਹੈ । ਪਰਮਾਨੰਦ ਦਾ ਭੀ ਸਾਰੇ ਗੁਰੂ ਗ੍ਰੰਥ ਵਿਚ ਇਕੋ ਹੀ ਸ਼ਬਦ ਮਿਲਦਾ ਹੈ । ਉਸ ਵਿਚ ਇਹ ਦਸਿਆ ਹੈ ਕਿ ਜੇ ਭੁਖੀ ਆਤਮਾ ਵਿਚ ਅਨੁਭਵ ਵਾਲੀ ਭਗਤੀ ਨਾ ਉਪਜ ਸਕੇ ਤਾਂ ਜਨਮ ਬੇਕਾਰ ਹੈ । ਸੂਰਦਾਸ ਦੀ

*ਮ: ੧. ੩, ੪, ੬. ੭

†੧੧੯੩, ਕਬੀਰ

‡੧੧੯੫. ਰਾਗ-ਅਨੰਦ

§੧੧੫੨. ਕਬੀਰ ੩,

()੧੧੯੭ ਮ: ੧. ੧.



Digitized by Panjab Digital Library | www.panjabdigilib.org

ਭੀ ਇਕ ਤੁਕ ਇਸ ਰਾਗ ਵਿਚ ਮਿਲਦੀ ਹੈ* ।

**੩੨. ਰਾਗ ਮਲਹਾਰ:**—ਬਰਖਾ ਰੁੱਤ ਵਿਚ ਅੱਧੀ ਰਾਤ ਵੇਲੇ ਬਰਖਾ ਹੁੰਦੇ ਹੋਏ ਇਹ ਰਾਗ ਗਾਇਆ ਜਾਂਦਾ ਹੈ। ਸਾਰੰਗ ਤ੍ਰੇਹ ਦਾ ਰਾਗ ਸੀ ਤੇ ਇਹ ਤ੍ਰੇਹ ਤ੍ਰਿਪਤੀ ਦਾ ਉਸ ਦੀ ਆਸਾ ਵਿਚ ਪ੍ਰਸੰਨਤਾ ਸੀ, ਖੁਸ਼ੀ ਸੀ, ਤੇ ਇਸ ਦੀ ਤ੍ਰਿਪਤੀ ਵਿਚ ਹੈ। ਆਹਲਾਦ ਅੰਦਰੂਨੀ ਦੇਰ ਤਕ ਰਹਿਣ ਵਾਲੀ ਖੁਸ਼ੀ, ਇਹ ਸੰਸਾਰਕ ਜੀਵਨ ਤਾਂ ਸੜੇ ਹੋਏ ਕਾਗਜ਼ ਤੇ ਨਦੀ ਕਿਨਾਰੇ ਬਿਰਛ ਦੀ ਤਰ੍ਹਾਂ ਨਾ ਜਾਣੇ ਕਦੋਂ ਸਮਾਪਿਤ ਹੋ ਜਾਵੇ ਇਸ ਲਈ ਭਿਆਨਕ ਸੰਸਾਰ ਸਮੁੰਦਰ† ਤੋਂ ਪਾਰ ਜਾਣ ਲਈ ਗੁਰੂ ਦੇ ਸ਼ਬਦ ਉਤੇ ਵਿਚਾਰ ਕਰਨਾ ਚਾਹੀਦਾ ਹੈ। ਉਸ ਨਾਲ ਹੀ ਸੰਸਾਰ ਯਾਤਰਾ ਤੋਂ ਪਾਰ ਹੋ ਸਕਦੇ ਹਾਂ। ਇਸ ਲਈ ਪ੍ਰਾਣੀ,

'ਪ੍ਰਾਣੀ ਏਕੋ ਨਾਮ ਧਿਆਵਹੁ'‡

ਅਸਲ ਵਿਚ ਸਤਿਗੁਰੂ ਹੀ ਜਲਦਾਤਾ ਹੈ ਤੇ ਬਾਣੀ ਹੀ ਪਿਆਸ ਬੁਝਾਉਣ ਲਈ ਜਲ। ਇਸ ਲਈ ਉਹੋ ਜਿਹੀ ਤੜਪਣ ਹੋਣੀ ਚਾਹੀਦੀ ਹੈ, ਜਿਹੋ ਜਿਹੀ ਕਮਲ ਨੂੰ ਜਲ ਲਈ, ਚਾਤ੍ਰਿਕ ਨੂੰ ਬਰਖਾ ਲਈ ਤੇ ਮਛਲੀ ਨੂੰ ਸਮੁੰਦਰ ਲਈ§। ਇਸ ਤਰ੍ਹਾਂ ਬਰਸ ਮਨਾ ਮੇਰਾ ਮਨ ਤੀਨ ਰੰਗਾ†। ਇਹ ਬਰਸਣ ਵਾਲਾ ਜਲ ਗੁਰੂ ਦੀ ਬਾਣੀ ਹੀ ਹੈ ਜਿਸ ਤੋਂ ਮਨੁੱਖ ਅੰਦਰ ਹੀ ਅੰਦਰ ਰਬ ਨੂੰ ਅਨੁਭਵ ਕਰ ਸਕਦਾ ਹੈ। ਜਿਥੇ ਪਹਲੇ ਪਹਲ ਗੁਰੂ ਨੇ ਪ੍ਰਕਿਰਤੀ ਦੇ ਸੂਖਮ ਗਿਆਨ ਦੇ ਚਿਤਰ ਉਪਸਥਿਤ ਕੀਤੇ ਹਨ, ਕਿਉਂਕਿ ਸਚਾਈ ਨੂੰ ਕਰ ਦੇਣ ਨਾਲ ਉਸ ਦੀ ਸੁੰਦਰਤਾ ਨਸ਼ਟ ਹੋ ਜਾਂਦੀ ਹੈ, ਉਸੇ ਵਾਰ ਮਲਹਾਰ ਵਿਚ ਗੁਰੂ ਅਮਰ ਦਾਸ ਦਾ ਵਰਣਨ ਉਸ ਨੂੰ ਬਰਖਾ ਦਾ ਉੱਤਮ ਕਵੀ ਸਿਧ ਕਰਦਾ ਹੈ। ਇਸੇ ਅੰਦਰੂਨੀ ਬਰਖਾ ਤੋਂ ਭਿਜਿਆ ਹੋਇਆ ਗੁਰੂ ਦਾ ਦਿਲ ਬਹੁਤੀ ਦੇਰ ਇਕੱਲਾ ਆਨੰਦ ਨਾ ਉਠਾ ਸਕਿਆ।

*੧੨੫੫. ਮ: ੪.

†੧੨.੫੪ ਮ: ੧. ੧.

‡੧੨. ੭੫. ਮ: ੧. ੧.

‡੧੨੫੪ ਮ: ੧. ੨,

†੧੩੯੩ ਰਵਿਦਾਸ



Digitized by Panjab Digital Library | www.panjabdigilib.org

ਇਸ ਲਈ ਇਹ ਸਚਿਤਰ ਤੇ ਸਰਬ ਬਾਣੀ ਵਾਰ ਦੇ ਰੂਪ ਵਿਚ ਫੁਟ ਨਿਕਲੀ। ਭਗਤਾਂ ਵਿਚ ਭੀ ਪਿਆਸ ਬੁਝਾਉਣ ਦੇ ਸਾਧਨ ਨਾਮ ਦੀ ਪਵਿਤਰਤਾ ਜਲ ਦੇ ਰੂਪ ਵਿਚ ਵਰਣਨ ਮਿਲਦਾ ਹੈ ।

**੩੩. ਰਾਗ ਕਾਨੜਾ:**—ਗਰਮੀਆਂ ਵਿਚ ਸ਼ਾਮ ਦੇ ਪਹਲੇ ਘਤ ਗਾਉਣ ਯੋਗ ਇਹ ਰਾਗ ਪ੍ਰਸੰਨਤਾ ਦਾ ਸੂਚਕ ਹੈ । 'ਮੇਰਾ ਮਨ ਸਾਧ ਜਨਾ', ਸਾਧੂਆਂ ਵਿਚ ਹੀ ਮਨ ਦੀ ਲੀਨਤਾ ਦੱਸਦੇ ਹੋਏ ਪਹਲਾਂ ਸਾਧੂਆਂ ਤੇ ਫਿਰ ਸਤ ਸੰਗਤ ਦਾ ਮਹਤਵ ਦਰਸਾਇਆ ਹੈ । ਉਸ ਸਤ ਸੰਗੀ ਦੁਆਰਾ ਪ੍ਰਾਪਤ ਹੀ 'ਜਪਿ ਮਨ ਰਾਮ ਨਾਮ' ਦਾ ਉਪਦੇਸ਼ ਗ੍ਰਹਣ ਕੀਤਾ ਹੈ । 'ਮੇਰੇ ਮਨਿ ਰਾਮ ਨਾਮ' ਤੋਂ ਉਪਰੰਤ ਹੋਰ ਕੁਝ ਬਾਕੀ ਨਹੀਂ ਰਹਿ ਗਇਆ ਹੈ। ਇਸ ਨਾਮ ਦੇ ਨਾਲ 'ਹਰਿ ਜਸ ਗਾਵਹੁ'* ਦਾ ਭੀ ਧਿਆਨ ਰਖਿਆ ਗਇਆ ਹੈ । ਅਸਲ ਵਿਚ ਇਹੋ ਪ੍ਰਸੰਨਤਾ ਨੂੰ ਸਥਿਰ ਰੱਖਣ ਦਾ ਸਾਧਨ ਹੈ । ਇਸ ਵਿਚ ਨਾਮ ਦੇਵ ਕੇਵਲ ਇਕ ਪਦ ਲਿਖਦਾ ਹੈ ਜਿਸ ਵਿਚ ਬ੍ਰਹਮ ਨੂੰ ਆਪਣੇ ਦਿਲ ਵਿਚ ਅਨੁਭਵ ਕੀਤਾ ਗਇਆ ਹੈ ।

**੩੪. ਰਾਗ ਕਲਿਆਨ**—ਗਰਮੀ ਦੇ ਮਗਰੋਂ ਬਰਖਾ ਰੁਤ ਦੀ ਰਾਤ ਵਿਚ ਗਾਉਣ ਵਾਲਾ ਇਹ ਰਾਗ ਖੁਸ਼ੀ ਪੈਦਾ ਕਰਦਾ ਹੈ । ਜਿਵੇਂ ਜਿਵੇਂ ਭਗਤ ਹਰੀ ਦਾ ਜੱਸ ਤੇ ਗਾਇਣ ਕਰਦਾ ਜਾਂਦਾ ਹੈ, ਤਿਵੇਂ ਤਿਵੇਂ ਪਰਮਾਤਮਾ ਉਸ ਦੇ ਨੇੜੇ ਆਉਂਦਾ ਜਾਂਦਾ ਹੈ ਅਤੇ ਭਗਤ ਭੀ ਉਸ ਦੀ ਕਿਰਪਾ ਨੂੰ ਹੋਰ ਵੱਧ ਅਨੁਭਵ ਕਰਦਾ ਹੈ । ਹੌਲੀ ਹੌਲੀ ਇਹ ਅਨੁਭੂਤੀ ਇੱਨੀ ਵਧ ਜਾਂਦੀ ਹੈ ਕਿ ਸ਼ਾਇਦ ਗੁਰੂ ਨੇ ਉਸ ਨੂੰ ਅਨੁਭਵ ਕਰਦਿਆਂ ਹੋਇਆਂ ਭੀ ਹਰ ਇਕ ਅਸ਼ਟਪਦੀ ਦਾ ਆਰੰਭ ਰਾਗਾਂ ਤੋਂ ਕੀਤਾ ਹੈ । ਇਸ ਤਰ੍ਹਾਂ ਗੁਰੂ ਰੱਬ ਵਿਚ ਲੀਨਤਾ ਦੇ ਸਿਖਰ ਤੇ ਪਹੁੰਚ ਗਏ ਹਨ । ਭਗਤਾਂ ਦਾ ਇਸ ਵਿਚ ਕੋਈ ਸ਼ਬਦ ਨਹੀਂ ਮਿਲਦਾ ।

**੩੫. ਰਾਗ ਪ੍ਰਭਾਤੀ**—ਸਰਦੀਆਂ ਦੀ ਪ੍ਰਾਤਾ-ਕਾਲ ਵਿਚ ਗਾਉਣ ਯੋਗ ਇਹ ਰਾਗ ਉਸ ਅਹਲਾਦ (ਅੰਦਰੂਨੀ ਆਨੰਦ) ਦਾ ਪਰਿਚਯ ਕਰਾਉਣ

* ੧੨੯੮ ਮ: ੪)

† ੧੩੨੭ ਨ: ੧-੨. ੪

‡ ੧੩੩੦ ਮ: ੧.੭.੧



Digitized by Panjab Digital Library | www.panjabdigilib.org

ਵਾਲਾ ਹੈ ਜਿਹੜਾ ਜੀਵ ਨੂੰ ਅੰਤਰ ਗਿਆਨ ਹੋਣ ਨਾਲ ਪ੍ਰਾਪਤ ਹੁੰਦਾ ਹੈ। ਇਹ ਉਸ ਊਸ਼ਾ ਦਾ ਰਾਗ ਹੈ। ਜਿਸ ਦੀ ਪਹਿਲੀ ਕਿਰਣ ਹੀ ਸੰਸਾਰ ਨੂੰ ਪ੍ਰਕਾਸ਼ ਦੇਂਦੀ ਹੈ ਤੇ ਅੰਧਿਆਰੇ (ਮਾਇਆ) ਦੀ ਕਾਲੀ ਚਾਦਰ ਨੂੰ ਲਾਹ ਕੇ ਸਫੇਦ ਬਸਤਰ (ਭਗਤੀ ਦਾ) ਪਹਿਨਾ ਦਿੰਦੀ ਹੈ। ਸੂਰਜ ਗੁਰੂ ਦੇ ਗਿਆਨ ਤੋਂ ਹੀ ਚੰਦਰ ਜਿਗਿਆਸੂ ਪ੍ਰਤਿ ਭਾਸ਼ਿਤ ਹੋ ਕੇ ਆਹਲਾਦ ਵਿਚ ਲੀਨ ਹੋ ਜਾਂਦੀ ਹੈ। ਕਾਮਨਾ* ਮਾਇਆ, ਭੇਖ, ਆਦਿ ਅੰਧਕਾਰ ਦਾ ਵਰਣਨ ਕਰਦੇ ਹੀ ਨੀਂਦ ਵਿਚ ਸੁਤੇ ਮਨੁਖ ਨੂੰ ਸਵੇਰੇ ਜਗਾਉਣ ਦਾ ਕੰਮ ਗੁਰੂ ਸ਼ਬਦ ਤੋਂ ਹੀ ਸੰਭਵ ਹੈ। ਇਹੋ ਪ੍ਰਾਤਾ ਕਾਲ ਵਿਚ ਤੀਰਥ ਦਾ ਇਸ਼ਨਾਨ ਹੈ। ਸੰਤ ਨੇ ਭੀ ਅੰਧਕਾਰ ਭਰੀ ਮਾਇਆ ਦਾ ਵਰਣਨ ਕਰਦੇ ਹੋਏ ਅਧਿਆਤਮਕ ਜਾਗ੍ਰਿਤੀ ਨਾਲ ਹੀ ਆਤਮਾ ਨੂੰ ਪ੍ਰਕਾਸ਼ਿਤ ਕੀਤਾ ਹੈ। ਇਹ ਦਿਲ ਜੋਤੀ ਦਾ ਗਾਇਣ ਹੈ। ਇਸ ਵਿਚ ਪ੍ਰਕਾਸ਼ ਅਤੇ ਪ੍ਰਭਾਵ ਸੂਚਕ-ਚਾਨਣ, ਵਿਵੇਕ, ਗਿਆਨ ਪ੍ਰਕਾਸ਼, ਸੂਰਤ, ਜੋਤ, ਬੱਧ, ਸਜਨ ਵਿਚਾਰ ਆਦਿ ਸ਼ਬਦਾਂ ਦੇ ਪ੍ਰਯੋਗਾਂ ਦੇ ਨਾਲ ਨਾਲ ਗੁਰੂ ਦੇ ਰਤਨ ਜਵਾਹਰ, ਸਾਹਿਬ ਆਦਿਕ ਹੀ ਮਾਇਆ ਦੇ ਅੰਧਕਾਰ ਨੂੰ ਦੂਰ ਕਰ ਦਿੰਦੇ ਹਨ। ਅਸਲ ਵਿਚ ਭਗਤ ਇਸੇ ਹੀ ਆਪਣੀ ਸਿੱਧੀ ਨੂੰ ਪਾ ਲੈਂਦਾ ਹੈ। ਇਹ ਰਾਗ ਇਸ ਗੱਲ ਦਾ ਸੂਚਕ ਹੈ।

**੩੬. ਰਾਗ ਜੈ ਜੈ ਵੰਤੀ** :—ਗਰਮੀਆਂ ਵਿਚ ਪਹਿਰ ਰਾਤ ਦੇ ਮਗਰੋਂ ਗਾਇਆ ਜਾਣ ਵਾਲਾ ਇਹ ਰਾਗ ਆਨੰਦ ਦਾ ਸੂਚਕ ਹੈ। ਇਸ ਵਿਚ ਕੇਵਲ ਨੌਵੇਂ ਗੁਰੂ ਤੇਗ ਬਹਾਦਰ ਦੇ ਚਾਰ ਸ਼ਬਦ ਮਿਲਦੇ ਹਨ। ਕੇਵਲ ਇਹੋ ਰਾਗ ਹੈ ਜਿਸ ਵਿਚ ਸਿੱਧੀ ਸਿੱਖਿਆ ਦਿਤੀ ਗਈ ਹੈ। ਕਿਉਂਕਿ ਅਧਿਆਤਮਕ ਮਾਰਗ ਦਾ ਰਾਹੀ ਹੁਣ ਆਪਣੇ ਮੰਤਵ ਤਕ ਪਹੁੰਚ ਚੁਕਿਆ ਹੈ ਅਤੇ ਮਾਰਗ ਪਰ ਹੋ ਗਇਆ। ਪਰੰਤੂ ਉਸ ਨੂੰ ਛੁਹ ਕੇ ਮੁੜਨਾ ਤਾਂ ਨਹੀਂ ਇਸ ਲਈ ਉਥੇ ਨਿਰੰਤਰ ਰਹਿਣਾ ਭੀ ਜ਼ਰੂਰੀ ਹੈ ਕਿ

* ੧੩੩੦ ਮ: ੭.੧੧

† ੧੩੨੬ ਮ: ੧. ੬

‡ ੧੩੪੯ ਕਬੀਰ ੧ . ੨

§ ੧੩.੪੩ ਸ: ੬੧



Digitized by Panjab Digital Library | www.panjabdigilib.org

'ਰਾਮ ਸਿਮਰ ਰਾਮ ਸਿਮਰ' ਇਹ ਤੇਰੋ ਕਾਜ' ਹੈ । ਇਸੇ ਤੋਂ ਰਾਗ ਆਰੰਭ ਕਰ ਉਸਨੂੰ ਮਾਇਆ ਤੇ ਮਾਇਆ ਤੋਂ ਪੈਦਾ ਹੋਈ ਦੁਰਦਸ਼ਾ ਦੀ ਯਾਦ ਦਿਵਾਈ ਗਈ ਹੈ ਤੇ ਜੀਵ ਨੂੰ ਸਦਾ ਲਈ ਉਸ ਦੇ ਵਿਚ ਹੀ ਧਿਆਨ ਲਗਾਉਣ ਦਾ ਸੰਦੇਸ਼ ਦਿਤਾ ਹੈ ।

ਮਾਨਵਦੇਹ ਦੇ ਤਿੰਨ ਭਾਗ ਸਿਰ, ਮਧ ਤੇ ਅਧੋ ਭਾਗ ਵਾਂਗ ਹੀ ਗੁਰੂ ਗ੍ਰੰਥ ਦੇ ਭੀ ਪ੍ਰਤੱਖ ਤੌਰ ਤੇ ਤਿੰਨ ਭਾਗ ਹਨ । ਰਾਗ ਦੇ ਭੀ ਗ੍ਰੰਥ ਦੇ ਮੱਧ ਭਾਗ ਦੇ ਪ੍ਰਤੀਕ ਹਨ ਜਿੱਥੇ ਮੂਲ ਮੰਤਰ ਜਪੁਜੀ ਆਦਿ ਸਿਰ ਭਾਗ ਦੇ ਸੂਚਕ ਹਨ । ਉਥੇ ਸ਼ਲੋਕ ਆਦਿ ਬਚੀਆਂ ਬਾਣੀਆਂ ਦਾ ਅਧੋਭਾਗ ਦਾ ਨਿਰਮਾਣ ਕਰਦੀਆਂ ਹਨ । ਇਹ ਵਰਗੀਕਰਣ ਆਕਾਰ ਦੀ ਦ੍ਰਿਸ਼ਟੀ ਤੋਂ ਅਤੇ ਕਾਰਣ ਤੇ ਮੰਤਵ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਬਲਕਿ ਕਾਰਣ ਤੇ ਮੰਤਵ ਦੀ ਦ੍ਰਿਸ਼ਟੀ ਤੋਂ ਭੀ ਲਾਭਦਾਇਕ ਹੈ । ਪਹਲੇ ਦੋਹਾਂ ਦਾ ਬਿਉਰਾ ਪਿਛੇ ਦਿਤਾ ਜਾ ਚੁਕਾ ਹੈ । ਅੰਤਿਮ ਭਾਗ (ਟੰਗਾਂ) ਭੀ ਸਡੌਲ ਬਣਾ ਕੇ ਰਖਣਾ ਹੈ ਸਗੋਂ ਉਸ ਨੂੰ ਗਤੀ ਭੀ ਦੇਣਾ ਹੈ । ਇਹ ਬਾਣੀ ਜਿਥੇ ਹੁਣ ਤੱਕ ਰਾਗਾਂ ਵਿਚ ਵਰਤੀ ਗਈ ਬਾਣੀ ਨੂੰ ਸ਼ਲੋਕਾਂ ਦੁਆਰਾ ਨਾ ਕੇਵਲ ਆਕਾਰ ਦੀ ਦ੍ਰਿਸ਼ਟੀ ਤੋਂ ਸਗੋਂ ਭਾਸ਼ਾ ਦੀ ਦ੍ਰਿਸ਼ਟੀ ਤੋਂ ਭੀ ਨਵੀਂ ਗਤੀ ਦਿੰਦੀ ਹੈ, ਉਥੇ ਅਨੁਭੂਤੀ ਵਿਸ਼ੇਸ਼ ਨੂੰ ਭੀ ਸੀਮਿਤ ਕ੍ਰਮ ਵਿਚ ਵਰਣਨ ਕਰਕੇ ਹਮੇਸ਼ਾ ਲਈ ਉਸਨੂੰ ਉਸੇ ਰੂਪ ਵਿਚ ਸੰਦੇਸ਼ ਦੇਣ ਲਈ ਭੀ ਛੱਡ ਜਾਂਦੀ ਹੈ । ਭਗਤਾਂ ਦਾ ਕੰਮ ਤਾਂ ਚਲਦੇ ਜਾਣਾ ਹੈ । ਅਨੰਤ ਦੇ ਬੇਅੰਤ ਪਥ ਉਤੇ ਪਰ ਛਡਦੇ ਜਾਣਾ ਹੈ ਉਹੋ ਸੰਦੇਸ਼ ਆਪਣੇ ਪੈਰ ਚਿੰਨ੍ਹ ਸ਼ਲੋਕ ਦੇ ਰੂਪ ਵਿਚ ਜਿਹੜੇ ਕਿ ਉਸਦੇ ਹੀ ਮਸਤਕ ਦੀ ਉਪਜ ਹਨ । ਤੇ ਪਾਲੇ ਪੋਸੇ ਗਏ ਹਨ । ਉਸ ਦੇਹ ਦੇ ਮਧ ਭਾਗ ਤੋਂ ਇਸ ਤਰ੍ਹਾਂ ਜਿਵੇਂ ਮਨੁੱਖ ਦੇ ਮੱਧ ਭਾਗ ਦਾ ਆਪਣਾ ਖਾਸ ਕੰਮ ਤੇ ਮਹਤਵ ਹੈ, ਉਸੇ ਤਰ੍ਹਾਂ ਇਸ ਬਾਣੀ ਦਾ ਭੀ ਸਾਹਿਤ ਵਿਚ ਪੈਰ ਚਿੰਨ੍ਹਾਂ ਨੂੰ ਹੀ ਛਡਣ ਦਾ ਤੇ ਉਨ੍ਹਾਂ ਨੂੰ ਅਨੁਸਰਣ ਕਰਨ ਦਾ ਵਰਣਨ ਮਿਲਦਾ ਹੈ । ਸਿਰ ਜਾਂ ਦੇਹ ਦਾ ਨਹੀਂ । ਇਸ ਬਾਣੀ ਦਾ ਮਹਤਵ ਦੱਸਣ ਲਈ ਇੰਨਾ ਹੀ ਕਾਫੀ ਹੈ । ਇਸ ਬਾਣੀ ਦਾ ਪ੍ਰਧਾਨ ਆਧਾਰ ਭਾਸ਼ਾ ਅਤੇ ਸ਼ੈਲੀ ਨੂੰ ਕਹਿਆ ਜਾ ਸਕਦਾ ਹੈ । ਸੰਖੇਪ ਵਿਚ ਇਸਦਾ ਬਿਓਰਾ ਦਿਤਾ ਜਾਂਦਾ ਹੈ ।



Digitized by Panjab Digital Library | www.panjabdigilib.org

**੩੭: ਸਲੋਕ ਸਹਸਕ੍ਰਿਤੀ**–(ਸੰਸਕ੍ਰਿਤ ਜਾਂ ਪ੍ਰਾਕ੍ਰਿਤ ਦਾ ਵਿਗੜਿਆ ਰੂਪ) ਕੁਝ ਵਿਦਵਾਨਾਂ ਨੇ ਸੰਸਕ੍ਰਿਤ ਪ੍ਰਾਕ੍ਰਿਤ ਅਤੇ ਦੇਸੀ ਭਾਸ਼ਾ ਦੇ ਮਿਸ਼ਰਣ ਤੋਂ ਬਣੀ ਇਸ ਭਾਸ਼ਾ ਨੂੰ ਸੁਤੰਤਰ ਭਾਸ਼ਾ ਭੀ ਸ੍ਵੀਕਾਰ ਕੀਤਾ ਹੈ ਅਤੇ ਉਦਾਹਰਣ ਵਜੋਂ ਜੋ ਗੁਰੂ ਗ੍ਰੰਥ ਵਿਚ ਅੰਕਿਤ ਇਸ ਸ਼ਬਦ 'ਪਰ ਆਦਿ ਪੁਰਖ ਮਨੋਪਿਰ ਸਤਿ ਆਦਿ ਭਾਵਰਤਾ' ਨੂੰ ਸਾਹਮਣੇ ਰਖਿਆ।' ੨. ਇਸ ਭਾਸ਼ਾ ਨੂੰ ਹੀ ਭਗਤਾਂ ਸਹਸਕ੍ਰਿਤੀ ਕਹਿਆ ਹੈ। ੩. ਇਸ ਤਰ੍ਹਾਂ ਇਸ ਨੂੰ ਪ੍ਰਾਕ੍ਰਿਤ ਦਾ ਹੀ ਵਿਸ਼ਯ ਰੂਪ ਮੰਨਿਆ ਜਾ ਸਕਦਾ ਹੈ। ਇਸ ਵਿਚ ਪਹਲੇ ਗੁਰੂ ਦੇ ਚਾਰ ਤੇ ਗੁਰੂ ਅਰਜਨ ਦੇ ੬੭ ਸ਼ਲੋਕ ਹਨ ਇਨ੍ਹਾਂ ਨੂੰ ਰਖਣ ਦਾ ਪ੍ਰਧਾਨ ਕਾਰਣ ਇਨ੍ਹਾਂ ਦੀ ਭਾਸ਼ਾ ਹੀ ਹੈ। ਸ਼ਬਦਾਂ ਦਾ ਤਤਸਮ (ਸੰਸਕ੍ਰਿਤ ਨਾਲ ਭਰਿਆ) ਰੂਪ ਤੇ ਸੁਰਾਂ ਭਰੀ ਹੋਈ ਸੰਸਕ੍ਰਿਤ ਦੀ ਬਾਣੀ ਮਿਲਦੀ ਹੈ। ਕਿਧਰੇ ਕਿਧਰੇ ਤਾਂ ਸੰਸਕ੍ਰਿਤ ਦੀਆਂ ਵਿਭਗਤੀਆਂ ਭੀ ਉਸੇ ਰੂਪ ਵਿਚ ਦਿਸਦੀਆਂ ਹਨ। ਜਿਵੇਂ ਸੰਧਾਰ ਸਿੰਘ ਜਨਮ ਸਿੰਘ ਵਿਚਾਰ ਨਿਹਫਲ ਆਦਿ।

ਪਹਲੇ ਗੁਰੂ ਨੇ ਤਾਂ ਪੁਸਤਕ ਪੜ੍ਹਣ ਤੇ ਬਾਹਰੀ ਅਡੰਬਰ ਨੂੰ ਬੇਕਾਰ ਦੱਸਕੇ ਕਿਧਰੇ ਸਿਆਣੇ ਕਹਿਕੇ 'ਨਾਨਕ ਤਾਕਾ ਦਾਸ ਹੈ ਸੋਈ ਨਿਰੰਜਨ ਦਿਉ ਹੀ ਅਨੁਭਵ ਕੀਤਾ ਤੇ ਸ਼ਾਂਤ ਹੋ ਗਏ। ਕਹਿੰਦੇ ਹਨ ਗੁਰੂ ਅਰਜਨ ਨੇ ਬਨਾਰਸ ਤੋਂ ਆਏ ਦੋ ਬ੍ਰਾਹਮਣਾਂ ਕ੍ਰਿਸ਼ਨ ਲਾਲ ਤੇ ਹਰ ਲਾਲ ਨੂੰ ਮੂਰਤੀ ਪੂਜਾ ਦੀ ਨਿਰਰਥਕਤਾ ਦੱਸਦੇ ਹੋਇਆਂ ਮਾਇਆ ਜਾਲ ਵਿਚ ਫਸੇ ਹੋਏ ਜੀਵ ਨੂੰ ਸਤਿ ਸੰਗਤ ਤੇ ਸਤਿ-ਗੁਰੂ ਦੀ ਸਹਾਇਤਾ ਨਾਲ ਹਉਮੇਂ ਨੂੰ ਨਸ਼ਟ ਕਰਕੇ ਇਕ ਮਾਤਰ ਸੱਚੇ ਕਰਤਾਰ ਦੀ ਕ੍ਰਿਪਾ ਪ੍ਰਾਪਤ ਕਰਨ ਦੀ ਸਿਖਿਆ ਦਿਤੀ ਹੈ।

੩੮. ਗਾਥਾ–(ਸੰਸਕ੍ਰਿਤ ਵਿਚ ਪ੍ਰਯੁਕਤ ਛੰਦ ਵਿਸ਼ੇਸ਼) ਇਹ ਗੁਰੂ ਅਰਜਨ ਦੇਵ ਦੇ ੨੪ ਸ਼ਲੋਕਾਂ ਦਾ ਸੰਗ੍ਰਹ ਹੈ ਇਸ ਵਿਚ 'ਮਨੁੱਖ ਦੇਹ ਮਲੀਨਾ' ਨੂੰ ਜਿਨ ਸਾਧੂ ਨਾਂ ਸਿਧਯਤੇ' ਦਸਿਆ ਨੂੰ, ਇਸੇ ਮਨੁੱਖੀ ਦੇਹ ਦੀ ਸਫਲਤਾ ਲਈ ਸੰਸਾਰ ਦਾ ਜਨਮ ਤੇ ਗੋਬਿੰਦ ਗਾਇਣ ਦਾ ਸੰਦੇਸ਼ ਦਿਤਾ ਹੈ। ਇਸ ਦੀ ਭਾਸ਼ਾ ਮਾਨੁਵਸ੍ਵਰਗ ਹੋਣ ਦੇ ਨਾਲ ਨਾਲ ਵਧੇਰੇ 'ਣ' ਵਾਲੀ ਹੈ। ਪਹਿਲੀ ਬਾਣੀ ਤੋਂ ਇਸਦੀ ਇਹੋ ਭਿੰਨਤਾ ਹੈ। ਸ਼ਾਇਦ ਇਸੇ ਲਈ



Digitized by Panjab Digital Library | www.panjabdigilib.org

ਸਹਸਕ੍ਰਿਤੀ ਦਾ ਅੰਗ ਹੁੰਦਿਆਂ ਹੋਇਆਂ ਭੀ ਗ੍ਰੰਥ ਵਿਚ ਉਸ ਤੋਂ ਅਲੱਗ ਥਾਂ ਦਿਤੀ ਹੈ।

**੩੯. ਫੁਨਹੇ**—ਆਪਣੀ ਸਾਲੀ ਹਰੀਹਾ ਦੁਆਰਾ ਭਗਤੀ-ਪਰਕ ਕਵਿਤਾ ਸਿਰਜਨ ਦੀ ਪ੍ਰਾਰਥਨਾਂ ਸੁਣ ਪੰਜਵੇਂ ਗੁਰੂ ਅਰਜਨ ਦੇਵ ਨੇ ੨੩ ਪੌੜੀਆਂ ਉਸ ਨੂੰ ਸੰਬੋਧਨ ਕਰਕੇ ਲਿਖੀਆਂ ਹਨ। ਇਨ੍ਹਾਂ ਵਿਚ ਹਰੀਹਾਂ ਨਾਉਂ ਤੇ ਉਸ ਨੂੰ ਬਾਰ ਬਾਰ ਸੰਬੋਧਿਤ ਕੀਤਾ ਹੈ। ਇਸੇ ਲਈ ਇਸ ਬਾਣੀ ਦਾ ਨਾਂ ਫੁਨਹੇ ਹੈ*।

ਸੰਤ ਸੰਗਤ ਵਿਚ ਗੁਰੂ ਦੇ ਗੁਣਾਂ ਦਾ ਗਾਇਣ ਕਰਦੇ ਹੋਏ ਸੰਸਾਰਕ ਮੋਹ ਨੂੰ ਛਡਕੇ ਹਰ ਇਕ ਵਸਤੂ ਵਿਚ ਉਸ ਇਕੋ ਸੱਚ ਦੀ ਝਲਕ ਵੇਖਕੇ ਉਸੇ ਵਿਚ ਲੀਨ ਹੋਣ ਦਾ ਉਦੇਸ਼ ਹੈ। ਆਪਣੇ ਵਿਚ ਸੰਸਕ੍ਰਿਤ ਦੇ ਸ਼ਬਦ ਸੰਮਿਲਤ ਕੀਤੇ ਹਨ।

**੪੦. ਚਉ-ਬੋਲੇ**—ਮੂਸਨ ਤੇ ਜਮਾਲ ਦੋਨੋਂ ਭਾਈਆਂ ਦੇ ਦੋ ਪੁਤਰ ਸਮਨ ਤੇ ਪਤੰਗ ਸਨ। ਇਨ੍ਹਾ ਚਾਰਾਂ ਨੂੰ ਸੰਬੋਧਿਤ ਕਰਕੇ ਕਹਿ ਗਏ ੧੧ ਸ਼ਬਦਾਂ ਨੂੰ ਚਉ ਬੋਲੇ ਨਾਂ ਦਿਤਾ ਗਇਆ ਹੈ†। ਇਸ ਵਿਚ ਭੀ ਮਾਇਆ ਪ੍ਰਭਾਵਿਤ, ਸੰਪਤੀ ਤੇ ਹੋਮੈ ਦੀ ਮਸਤੀ ਨਾਲ ਮਸਤ ਰਵਣ ਆਦਿ ਦਾ ਉਪਹਾਰੀ ਦੇ ਕੇ ਵਧੇਰੇ ਹੀ ਸਫਲ ਤੇ ਧਰਮ ਭਾਸ਼ਾ ਵਿਚ ਬ੍ਰਹਮ ਨਾਲ ਪ੍ਰੀਤੀ ਕਰਨ ਦਾ ਸੰਦੇਸ਼ ਦਿਤਾ ਹੈ।

**੪੧. ਸ਼ਲੋਕ ਕਬੀਰ**—ਕਬੀਰ ਦੇ ਨਾਉਂ ਤੇ ਇਕਠੇ ੨ ਪਤ ਸ਼ਲੋਕਾਂ ਵਿਚੋਂ ਕੁਝ ਗੁਰੂਆਂ ਦੇ ਭੀ ਹਨ‡। ਇਸ ਵਿਚ ਥੋੜੀ ਬਹੁਤ ਵਿਚਾਰਾਂ ਦੀ ਲੜੀ ਲੱਭੀ ਜਾ ਸਕਦੀ ਹੈ।

ਵਿਚਾਰਾਂ ਦੇ ਦ੍ਰਿਸ਼ਟਿਕੋਣ ਤੋਂ ਇਸ ਦਾ ਮਹਤਵ ਹੋਰ ਭੀ ਅਧਿਕ ਹੈ। ਕਿਉਂਕਿ ਕਬੀਰ ਦਾਸ ਦੇ ਸਿਧਾਂਤ ਦੀ ਜਾਣਕਾਰੀ ਦਾ ਸਭ ਤੋਂ ਉੱਤਮ ਸਾਧਨ ਸਾਖੀਆਂ ਹਨ§। ਇਸ ਵਿਚ ਭਵ ਤਾਰਕ ਗੁਰੂਆਂ ਤੋਂ ਪ੍ਰਾਪਤ ਹਰੀ

*ਮੈਕਾਲਿਫ ਸਿਖ ਰੀਲੀਜਨ

†ਗੁਰਮਤਿ ਲੈਕਚਰ ਪੰਨਾ ੧੯੯

‡ਵੇਖੋ ਪ੍ਰਬੰਧ ਪੰਨਾ ੧੮

§ਆਚਾਰੀਆ ਹਜ਼ਾਰੀ ਪ੍ਰਸ਼ਾਦ ਦਵੇਦੀ ਕਬੀਰ ਪੰਨਾ ੧੮



Digitized by Panjab Digital Library | www.panjabdigilib.org

ਨਾਮ ਤੇ ਸੰਸਾਰਕ ਵਿਸ਼ਯਾਂ ਵਿਚ ਅਸਲੀ ਸੁਖ (ਬ੍ਰਹਮ) ਨੂੰ ਭੁਲਣ ਦਾ ਵਰਣਨ ਹੈ। ਅਗੇ ਚਲਕੇ ਵਿਚਾਰ ਤੋਂ ਮੋਹ, ਤ੍ਰਿਸ਼ਨਾ, ਕੁਸੰਗ, ਨਿੰਦਾ ਤੇ ਅਭਿਮਾਨ ਦਾ ਨਾਸ ਕਰਕੈ ਸਤ ਸੰਗਤ ਤ ਗੁਰੂ ਤੋਂ ਪ੍ਰਾਪਤ ਨਾਉ ਦੇ ਜਾਪੁ ਵਿਚ ਹੀ ਮਨੁੱਖੀ ਜੀਵਨ ਦੀ ਸਫਲਤਾ ਦੱਸੀ ਹੈ। ਇਹ ਸਿਮਰਣ ਪੂਰਣ ਆਤਮਾ ਸਮਰਪਣ ਕਰਕੇ ਜਵਾਨੀ ਵਿਚ ਹੀ ਆਰੰਭ ਕਰ ਦੇਣਾ ਚਾਹੀਦਾ ਹੈ। ਕਿਉਂਕਿ ਬੁਢਾਪੇ ਵੇਲੇ ਸਰੀਰ ਵਿਚ ਇਤਨੀ ਸਥਿਰਤਾ ਨਹੀਂ ਰਹਿੰਦੀ। ਬਾਹਰੀ ਆਡੰਬਰਾ, ਭੇਖ ਪੂਜਾ ਆਦਿ ਕਬੀਰ ਦੀ ਬਾਣੀ ਦਾ ਨਿਚੋੜ ਹਨ।

**੪੨. ਸ਼ਲੋਕ ਫਰੀਦ**—ਫਰੀਦ ਦੇ ਨਾਉਂ ਤੇ ਮਿਲਣ ਵਾਲੇ ੧੩੦ ਸ਼ਲੋਕਾਂ ਵਿਚ ਭੀ ਚੋਦਾਂ ਸ਼ਲੋਕ ਗੁਰੂਆਂ ਦੇ ਮਿਲਦੇ ਹਨ। ਜਿਹੜੇ ਕਿ ਉਨ੍ਹਾਂ ਦੇ ਵਿਚਾਰਾ ਦੀ ਵਿਆਖਿਆ ਤੇ ਆਲੋਚਨਾ ਦੇ ਰੂਪ ਵਿਚ ਮਿਲਦੇ ਹਨ* ਨਾਸ਼ਵਾਨ ਜੀਵਨ ਵਿਚ ਕੁਰਾਹੇ ਪਾਉਣ ਵਾਲੀ ਮਾਇਆ ਤੋਂ ਬਚਕੇ ਭਗਤੀ ਕਮਾਉਣਾ ਮਨੁੱਖੀ ਜੀਵਨ ਦਾ ਮੰਤਵ ਹੈ। ਉਨ੍ਹਾਂ ਦੇ ਚਰਿਤਰ ਦਾ ਬਿਆਨ ਕਰਦੇ ਹੋਏ ਦਸਿਆ ਹੈ ਕਿ ਉਸ ਲਈ ਜੰਗਲ ਜਾਣ ਤੇ ਭੇਖ ਧਾਰਣ ਦੀ ਲੋੜ ਨਹੀਂ। ਆਪਣੇ ਸੰਸਾਰਕ ਜੀਵਨ ਵਿਚ ਹੀ ਸਤਿ ਗ੍ਰਿਹਸਤੀ ਬਣਕੇ ਪ੍ਰਭੂ ਵਿਚ ਲਗਨ ਲਾ ਕੇ ਨਾਮ ਸਿਮਰਣ ਨਾਲ ਭਗਵਾਨ ਨੂੰ ਪਾਇਆ ਜਾ ਸਕਦਾ ਹੈ। ਇਹੋ ਹੀ ਇਨ੍ਹਾਂ ਸ਼ਲੋਕਾਂ ਦਾ ਪ੍ਰਮੁਖ ਵਿਚਾਰ ਹੈ। ਇਨ੍ਹਾਂ ਦੀ ਭਾਸ਼ਾ ਵਿਚ ਫਾਰਸੀ ਦੇ ਵਧੇਰੇ ਸ਼ਬਦ ਮਿਲਦੇ ਹਨ ਤੇ ਇਨ੍ਹਾਂ ਦੇ ਸ਼ਬਦਾਂ ਦਾ ਚਿੰਤਨ ਅਨੂਪਮ ਹਨ।

**੪੩. ਗੁਰੂ ਤੇ ਭਟਾਂ ਦੇ ਸਵੀਏ**—ਪੰਜਵੇਂ ਗੁਰੂ ਨੇ ਗੁਰੂ ਨਾਨਕ ਦੀ ਉਸਤਤੀ ਵਿਚ ਨੌ ਤੇ ਸੰਸਾਰਕ ਜੀਵਾਂ ਨੂੰ ਉਪਦੇਸ਼ ਦਿੰਦਿਆਂ ਗਿਆਰਾਂ ਸਵਈਆਂ ਦਾ ਉਚਾਰਣ ਕੀਤਾ ਹੈ। ਨਾਲ ਹੀ ਕੁਲ ਗਿਆਰਾਂ ਭਟਾਂ ਦੇ ੧੩੩. ਸਵੀਏ ਗੁਰੂ ਨਹੀਂ† ਸਗੋਂ ਗੁਰੂ ਪਦ ਉਸਤਤੀ ਵਿਚ ਗੁਰੂਆਂ ਦੇ

---

*ਵੇਖੋ ਪ੍ਰਬੰਧ ਪੰਨਾ ੧੯

†ਕਿਧਰੇ ਗੁਰੂ ਉਸਤਤੀ ਸਿੱਖ ਧਰਮ ਤੋਂ ਵਿਰੋਧੀ ਵਿਚਾਰਧਾਰਾ ਮੂਰਤੀ ਪੂਜਾਂ ਨੂੰ ਥਾਂ ਨਾ ਦੇਣਾ ਹੀ ਮਿਲਦੀ ਹੈ। ਇਸੇ ਲਈ ਗੁਰੂ ਨਹੀਂ ਗੁਰੂ ਪਦ ਉਸਤਤੀ ਨੂੰ ਇਸ ਵਿਚ ਥਾਂ ਮਿਲਿਆ ਹੈ।



Digitized by Panjab Digital Library | www.panjabdigilib.org

ਵਿਅਕਤਿ ਗਤ ਜ਼ੀਵਨ ਤੋਂ ਉਦਾਹਰਣ ਲੈ ਕੇ ਇਥੇ ਲਿਖੇ ਗਏ ਹਨ। ਵੇਖੋ ਭਟਾਂ ਦਾ ਸੂਤ੍ਰ ਪਰਸਾਰ ਕਾਲ ਦੇ ਸੂਰ ਦਾ ਸਹਿਜ ਜੋਗੀ ਸੂਰ ਹੀ ਹੈ। ਇਸਦੀ ਭਾਸ਼ਾ ਸਾਧਾਰਣ ਤੇ ਸਰਲ ਪੰਜਾਬੀ ਹੈ।

੪੪, **ਗੁਰੂਆਂ ਦੇ ਸਲੋਕ ਵਾਰਾਂ ਤੇ ਵਧੀਕ:**—ਦੂਜੇ ਗੁਰੂ ਨੂੰ ਛੱਡਕੇ ਬਾਕੀ ਸਾਰੇ ਗੁਰੂਆਂ ਦੇ ਬਾਰਾ ਤੋਂ ਵਧੇ ਹੋਏ ੨੧੧ ਸਲੋਕ ਇਥੇ ਮਿਲਦੇ ਹਨ। ਵਾਰਾਂ ਵਿਚ ਉਚਿਤ ਥਾਂ ਨਾ ਮਿਲਣ ਕਰਕੇ ਇਨ੍ਹਾਂ ਨੂੰ ਇਥੇ ਇਕਠਾ ਕੀਤਾ ਗਇਆ ਹੈ। ਇਨ੍ਹਾਂ ਵਿਚ ਭੀ ਉਨ੍ਹਾਂ ਹੀ ਵਿਚਾਰਾਂ ਦੀ ਸੁਤੰਤਰ ਪੁਨਾਰਾਵਰਤੀ ਮਿਲਦੀ ਹੈ।

੪੫. **ਮੁਦਾਵਨੀ*:**—ਗੁਰੂ ਗ੍ਰੰਥ ਦੀ ਸਮਾਪਤੀ ਸਮੇਂ ਸੂਚਨਾ ਵਜੋਂ ਸੰਪਾਦਕ ਪੰਜਵੇਂ ਗੁਰੂ ਅਰਜਨ ਨੇ ਸਤ ਸੰਤੋਖ ਤੇ ਵਿਚਾਰ ਤਿੰਨਾਂ ਦਾ ਮਹਤਵ ਸਥਾਪਿਤ ਕਰਦਿਆਂ ਹੋਇਆਂ ਸਤਿਗੁਰੂ ਦੁਆਰਾ ਅੰਮ੍ਰਿਤ ਰੂਪੀ ਨਾਮ ਨੂੰ ਪ੍ਰਾਪਤ ਕਰਨਾ ਹੀ ਬ੍ਰਹਮ ਅਨੁਭੂਤੀ ਦਾ ਸੰਦੇਸ਼ ਦੱਸਿਆ ਹੈ। ਇਹੋ ਹੀ ਇਸਦੀ ਮਹਤਤਾ ਹੈ। ਇਸੇ ਲਈ ਤਾਂ 'ਨਾਨਕ ਨਾਮ ਮਿਲੇ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ† ਗੁਰੂ ਨੇ ਜੁਗਾਜੁਗਾਂਤਰ ਲਈ ਉਸੇ ਵਿਚ ਲੀਨ ਹੋ ਕੇ ਆਪਣੀ ਨਾਮ ਸਾਧਨਾਂ ਦਾ ਕ੍ਰਿਆਤਮਕ ਪਰਿਚਯ ਦਿੱਤਾ ਹੈ।

੪੬. **ਰਾਗ ਮਾਲਾ:**—ਗੁਰੂ ਗ੍ਰੰਥ ਦੇ ਅੰਤ ਵਿਚ ਰਾਗ ਮਾਲਾ ਦਿੱਤੀ ਦਿੱਤੀ ਗਈ ਹੈ ਜਿਸ ਵਿਚ ਰਾਗਾਂ ਅਤੇ ਰਾਗਣੀਆ ਦਾ ਬਿਉਰਾ ਮਿਲਦਾ ਹੈ। ਨਾ ਤਾਂ ਗੁਰੂ ਗ੍ਰੰਥ ਦੇ ਹੀ ਸਾਰੇ ਰਾਗ ਇਸ ਵਿਚੋਂ ਨਿਕਲੇ ਹਨ ਤੇ ਨਾ ਹੀ ਇਸ ਵਿਚ ਵਰਣਿਤ ਸਭ ਰਾਗ ਗੁਰੂ ਗ੍ਰੰਥ ਵਿਚ ਹਨ। ਇਹ ਗੁਰੂ ਅਰਜਨ ਦੀ ਰਚਨਾ ਮੰਨੀ ਜਾਦੀ ਹੈ ਪਰ ਪਰਾਮਾਣਿਕ ਤੌਰ ਤੇ ਇਹ ਨਹੀਂ ਕਹਿਆ ਜਾ ਸਕਦਾ ਕਿਉਂਕਿ ਗੁਰੂ ਗ੍ਰੰਥ ਦੇ ਨਿਰਮਾਣ ਤੋਂ ੬੧ ਵਰ੍ਹੇ ਪਹਲੋਂ ਦੀ ਰਚਨਾ ਮਾਧਵਾਨਲ ਵਿਚੋਂ ਪ੍ਰਾਪਤ ਹੈ ਅਰਥਾਤ 'ਆਲਮ' ਦੇ ਨਾਂ ਨਾਲ ਪ੍ਰਸਿਧ ਹੈ। ਇਹ ਮਤ ਅਧਿਕ ਠੀਕ ਹੈ‡।

---

*ਮਦੂਨਾ—ਬੰਦ ਕਰਨਾ

†੧੪੨੬ ਮ: ੫, ੧,

‡ਦੇਖੋ ਪ੍ਰਬੰਧ ਪੰਨਾ ੫੧



Digitized by Panjab Digital Library | www.panjabdigilib.org

ਇਸ ਵਿਚ ਦੀਰਘਾਕਾਰ ਵਾਲੇ ਗੁਰੂ ਗ੍ਰੰਥ ਸੰਖੇਪ ਜਿਹਾ ਪਰਿਚਯ ਭੀ ਅਨੁਮਾਨ ਤੋਂ ਕਿਧਰੇ ਵਧ ਵਿਸ਼ਾਲ ਵਾਲਾ ਹੋ ਗਇਆ ਹੈ।

ਵਾਹਿਗੁਰੂ ਦੀ ਵਡਿਆਈ ਦਾ ਜਿਨਾ ਪਰਿਚਯ ਦਿੱਤਾ ਜਾਏ ਉਤਨਾ ਹੀ ਥੋੜਾ ਹੈ।

"ਤੂੰ ਸੁਲਤਾਨ ਕਹਾ ਹਉ ਮੀਆਂ ਤੇਰੀ ਕਵਨ ਵਡਾਈ,
ਜੋ ਤੂੰ ਦੇਹਿ ਸੋ ਕਹਾਂ ਸੁਆਮੀ ਮੈਂ ਮੂਰਖ ਕਹਣ ਨ ਜਾਈ।"

— — —



Digitized by Panjab Digital Library | www.panjabdigilib.org

# ਚੌਥਾ ਅਧਿਆਇ

## ਵਿਸ਼ੇਸ ਬਾਣੀਆਂ ਦੀ ਜਾਣ ਪਛਾਣ

ਇਸ ਤਰ੍ਹਾਂ ਪਿਛਲੇ ਅਧਿਆਇ ਵਿਚ ਗੁਰੂ ਗ੍ਰੰਥ ਦੀ ਬਾਣੀ ਦੇ ਬਾਹਰੀ ਵਰਗੀਕਰਣ ਦੇ ਆਧਾਰ ਤੇ ਉਸ ਦਾ ਸਾਧਾਰਣ ਪਰਿਚਯ ਸਾਡੇ ਸਾਹਮਣੇ ਆ ਚੁਕਾ ਹੈ। ਐਡੇ ਵਡੇ ਗ੍ਰੰਥ ਵਿਚ ਵਿਸ਼ੇਸ਼ ਸਥਲਾਂ ਦੀ ਭੀ ਕਮੀ ਨਹੀਂ ਪਰੰਤੂ ਕੁਝ ਵਿਸ਼ੇਸ਼ ਬਾਣੀਆਂ ਦਾ ਪਰਿਚਯ ਦਿਤੇ ਬਿਨਾਂ ਗੁਰੂ ਗ੍ਰੰਥ ਦੀ ਜਾਣ ਪਛਾਣ ਪੂਰੀ ਨਹੀਂ ਹੋ ਸਕੇਗੀ। ਇਸ ਵਿਚਾਰ ਤੋਂ ਉਸਦਾ ਪਰਿਚਯ ਦੇਣਾ ਭੀ ਅਤਿ ਜ਼ਰੂਰੀ ਹੈ। ਜਪੁਜੀ, ਆਸਾ ਦੀ ਵਾਰ, ਸੁਖਮਨੀ ਅਤੇ ਆਨੰਦ ਆਦਿ ਇਹੋ ਜਿਹੇ ਹੀ ਜ਼ਰੂਰੀ ਉਲੇਖਣੀ ਅਨੁਭੂਤੀਗਤ ਸੰਗਰਹ ਹਨ। ਇਸ ਲਈ ਉਨ੍ਹਾਂ ਦੀ ਭੀ ਸੰਖੇਪ ਜਾਣ ਪਛਾਣ ਕਰਾਈ ਜਾਂਦੀ ਹੈ।

(੧) ਮੂਲ ਮੰਤਰ:—(ਪੰਨਾ ੧) ਇਹ ਗੁਰੂ ਗ੍ਰੰਥ ਦੀ ਦੇਹ (ਦੇਹ= ਆਤਮਾ) ਹੈ। ਬਾਣੀ ਵਿਚ ਕਿਧਰੇ ਭੀ ਨਾ ਹੋਕੇ (ਕਿਉਂਕਿ ਸਦਾ ਹੀ ਬਾਣੀ ਤੋਂ ਪਹਿਲਾਂ ਹੈ) ਉਸ ਦੀ ਜੋਤੀ ਸਰਬ-ਤਰ ਹੀ ਵਿਦਮਾਨ ਹੈ। ਇਹੋ ਹੀ ਆਤਮਾ ਦਾ ਧਰਮ ਹੈ ਅਤੇ ਇਹੋ ਹੀ ਇਸਦਾ ਮਹਤਵ ਹੈ*।

੨.—ਜਪੁਜੀ—(ਪੰਨਾ ਇਕ) ਗੁਰੂ ਗ੍ਰੰਥ ਵਿਚ ਵਰਣਿਤ ਬਾਣੀਆਂ ਵਿਚ ਇਸਦੀ ਸਭ ਤੋਂ ਪ੍ਰਮੁਖ ਥਾਂ ਹੈ। ਇਸਦੇ ਨਾਮ ਵਿਚ ਹੀ ਇਸਦਾ ਮਹਤਵ ਹੈ। ਜਪੁ, ਅਰਥਾਤ ਜਾਪ ਕਰਨਾ†।

---

*ਭਗਵਾਨ ਦੇ ਗੁਣਾਂ ਦੀ ਅਨੁਭੂਤੀ, ਉਸ ਦਾ ਨਾਮ ਹੈ ਅਤੇ ਉਸ ਨਾਮ ਦੀ ਲਗਾਤਾਰ ਅਨੁਭੂਤੀ ਦੁਆਰਾ ਆਪਣੇ ਆਪ ਨੂੰ ਰੱਬ ਦੀ ਹਜ਼ੂਰੀ ਵਿਚ ਸਮਝਣਾ ਜਾਪ ਹੈ।

†ਵਿਸ਼ੇਸ਼ ਬਾਣੀ ਦੇ ਕ੍ਰਮ ਦਾ ਆਧਾਰ ਭੀ ਗੁਰੂ ਕ੍ਰਮ ਹੀ ਰਖਿਆ ਹੈ ਤਾਂ ਜੋ ਹਰ ਇਕ ਗੁਰੂ ਦੀ ਬਹੁ-ਮੁਖੀ ਪਰਵਿਰਤੀ ਦਾ ਪਤਾ ਕਰਨ ਵਿਚ ਸੌਖ ਰਹੇ।



Digitized by Panjab Digital Library | www.panjabdigilib.org

ਇਸ ਲਈ ਜਪੁ ਯੋਗ ਇਸ ਬਾਣੀ ਦਾ ਹਰ ਇਕ ਸਿਖ ਰੋਜ਼ ਸਵੇਰੇ ਜਾਪ ਕਰਦਾ ਹੈ। ਇਸ ਵਿਚ ੩੮ ਪੌੜੀਆਂ ਅਤੇ ਦੋ ਸ਼ਲੋਕ ਮਿਲਦੇ ਹਨ। ਵਿਸ਼ਾਲ-ਦੇਹ ਗਰੂ ਗ੍ਰੰਥ ਦਾ ਇਹ ਪ੍ਰਾਣ ਹੈ। ਇਸਦੇ ਬਿਨਾਂ ਗੁਰੂ ਗ੍ਰੰਥ, ਗੁਰੂ ਗ੍ਰੰਥ ਰਹਿ ਹੀ ਨਹੀਂ ਜਾਂਦਾ। ਸਤਰਾਂ ਵਾਂਗ ਠੋਸ ਠੋਸ ਕਿ ਵਿਚਾਰ ਅਤੇ ਜਾਨ ਹਰ ਇਕ ਸ਼ਬਦ ਵਿਚ ਮਿਲਦੇ ਹਨ। ਅਖੀਰੀ ਸ਼ਲੋਕ ਵਿਚ ਤਾਂ ਸਾਰੇ ਜਪੁਜੀ ਦਾ ਹੀ ਸਾਰ ਮਿਲਦਾ ਹੈ।

ਇਕ ਮਾਤਰ ਸਰਬ ਸ਼ਕਤੀ ਮਾਨ, ਸਰਬ ਕਰਤਾ ਬ੍ਰਹਮ ਹੀ ਸਚ ਹੈ। "ਆਦਿ ਸਚੁ, ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚ।" ਕਿਉਂਕਿ ਉਹੀ ਹੀ ਤਾਂ ਜਲ ਤੋਂ ਪਰੇ ਹੈ। ਸੰਪੂਹਣ ਸ੍ਰਿਸ਼ਟੀ ਵਿਚ ਵਿਆਪਕ ਹੁੰਦਿਆਂ ਭੀ ਆਪਣੀ ਸਤਾ ਬਣਾਈ ਰਖ਼ਦਾ ਹੈ ਅਤੇ ਉਸੇ ਦੀ ਇਛਾ ਨਾਲ ਸਾਰੀ ਸ੍ਰਿਸ਼ਟੀ ਦਾ ਪਰਸਾਰ ਹੁੰਦਾ ਹੈ। ਇਸ ਭਾਵ ਤੋਂ ਆਰੰਭ ਹੋ ਕੇ ਉਸਦੇ ਬੇਅੰਤ ਗੁਣਾਂ ਦਾ ਵਰਣਨ ਮਿਲਦਾ ਹੈ, ਜਿਸਨੂੰ ਸੀਮਿਤ ਜਾਪ ਕਿਵੇਂ ਜਾਣ ਸਕਦਾ ਹੈ। ਕਰੋੜਾਂ ਮਨੁਖਾਂ ਤੋਂ ਉਸਦਾ ਵਰਣਨ ਕਰਾਕੇ ਭੀ ਗੁਰੂ ਨਾਨਕ ਕਹਿੰਦੇ ਹਨ ਕਿ ਬ੍ਰਹਮ ਅਤੇ ਉਸਦਾ ਨਾਮ ਹੀ ਸਚ ਹੈ। 'ਸਾਚਾ ਸਾਹਿਬ ਸਾਚਾ ਨਾਇ'। *ਬੁਧੀ ਜਿਥੇ ਕੰਮ ਨਹੀਂ ਦਿੰਦੀ, ਬਾਣੀ ਜਿਥੇ ਰੁਕ ਜਾਂਦੀ ਹੈ ਅਤੇ ਗਿਆਨ ਜਿਥੇ ਪੁਜਦਾ ਨਹੀਂ। ਉਥੇ ਵੱਡੀ ਤੋਂ ਵੱਡੀ ਸਮਸਿਆ ਦਾ ਹਲ ਅਨੁਭੂਤੀ ਰਾਹੀਂ ਮਿਲਦਾ ਹੈ। ਇਸ ਤਰ੍ਹਾਂ ਗਿਆਨ ਤੋਂ ਆਜ਼ਾਦ ਬ੍ਰਹਮ ਕੇਵਲ ਅਨੁਭੂਤੀ ਰਾਮ ਹੈ। ਉਸਦੀ ਅਨੁਭੂਤੀ "ਗੁਰਮੁਖ ਨਾਦਿ, ਗੁਰਮੁਖ ਵੇਦ" ਇਕ ਮਾਤਰ ਸਤ ਦਾ ਸ਼ਬਦ ਹੀ ਜੀਵ ਨੂੰ ਬ੍ਰਹਮ ਦੇ ਨਿਕਟ ਪਹੁੰਚਾ ਸਕਦਾ ਹੈ। †ਪਰ ਉਹ ਭੀ ਬਿਨਾ ਰਬ ਦੀ ਕਿਰਪਾ ਤੋਂ ਨਹੀਂ ਕਿਉਂ ਕਿ 'ਨਦਰੀ ਮੋਖ ਦੁਆਰ। ‡ਇਸ ਲਈ ਮਾਨਵ ਜੀਵਨ ਦਾ ਉਦੇਸ਼ ਬ੍ਰਹਮ ਨਾਲ ਹੀ ਨਹੀਂ, ਉਸਤੋਂ ਭੀ ਵਧ ਕੇ ਉਸਦੇ ਨਾਲ ਪੂਰਣ ਏਕਤਾ ਹੈ। ਇਸ ਲਈ ਹੀ ਸਤਿਗੁਰੂ ਬ੍ਰਹਮ ਦਾ ਕੁਝ ਆਭਾਸ ਦੇ ਕੇ ਸ਼ਿਸ਼ ਵਿਚ ਵਿਵੇਕ ਬੁਧੀ ਜਗਾਉਂਦਾ ਹੈ। ਇਸ ਤਰਾਂ ਮਨ ਨੂੰ ਵਸ ਵਿਚ ਕਰਕੇ ਸਦਾਚਾਰ ਤੇ

*ਪੰਨਾ ੧, ੧੧

†ਪਨਾ ੨, ਮ, ੧, ੪

‡ਪੰਨਾ ੩ ਮ;੧, ੧੦



Digitized by Panjab Digital Library | www.panjabdigilib.org

ਸੰਜਮ ਪੂਰਵਕ ਉਸ ਉਤੇ ਚਲਦੇ ਹੋਏ ਸ਼ਿਸ਼ ਨਾਮ ਪ੍ਰਾਪਤ ਕਰ ਸਕਦਾ ਹੈ। ਇਹ ਨਾਮ ਭੀ ਗੁਰੂ ਵਿਚ ਪੂਰਣ ਆਤਮ ਸਮਰਪਣ ਕੀਤਿਆਂ ਹੀ ਮਿਲ ਸਕਦਾ ਹੈ। ਤੇ ਓਦੋਂ ਹੀ ਭਗਵਤ ਦੀ ਕਿਰਪਾ ਹੋ ਸਕਦੀ ਹੈ। ਜਿਹੜੀ ਮੋਖ ਦਿੰਦੀ ਹੈ। ਇਸ ਲਈ 'ਮਨਿ ਜੀਤੈ, ਜਗ ਜੀਤ।' §ਮਨ ਨੂੰ ਹੀ ਵਸ ਵਿਚ ਕਰਨ ਉਤੇ ਜ਼ੋਰ ਦਿੱਤਾ ਗਇਆ ਹੈ। ਮਨ ਵਸ ਹੋਇਆ ਤੇ ਨਾਮ ਨੂੰ ਅਪਨਾਉਣ ਕਰਕੇ ਹੀ ਸਿਖ ਧਰਮ ਨੂੰ [ਨਾਮ ਮਾਰਗ ਕਹਿਆ ਗਇਆ ਹੈ। ਕਿਉਂਕਿ 'ਸਤਿ ਸੰਤੋਖ ਗਿਆਨ'() ਨੂੰ ਦੇਵ ਵਾਲਾ ਨਾ ਹੀ ਹੈ। ਨਾਮ ਹੀ ਭਵਤਾਰਕ ਅਤੇ ਸ਼ਕਤੀ ਦੇ ਦੁਆਰ ਤਕ ਲੈ ਜਾਂਦਾ ਹੈ। ਇਨਾਂ ਹੀ ਨਹੀਂ ਨਾਉਂ, ਦਾਂ ਮਹਤਵ ਦਸਦੇ ਦਸਦੇ ਜਦੋਂ ਉਨ੍ਹਾਂ ਦੀ ਬਾਣੀ ਰੁਕਣ ਲਗੀ ਤਾਂ ਅਨੁਭੂਤੀ ਦੇ ਮਧਿਅਮ ਤੋਂ ਉਨ੍ਹਾਂ ਦੀ ਆਤਮਾ ਪੁਕਾਰ ਉਠੀ 'ਜਿੰਨੀ ਨਾਮ ਧਿਆਇਆ ਗਏ ਮਸਕਤਿ ਘਾਲਿ। []ਬਸ ਜਿਨ੍ਹਾਂ ਨੇ ਨਾਉਂ ਲਇਆ ਹੈ ਕੇਵਲ ਉਨ੍ਹਾਂ ਦਾ ਹੀ ਸੰਸਾਰ ਵਿਚ ਜਨਮ ਸਫਲ ਹੋਇਆ ਹੈ। ਜਪੁਜੀ ਵਿਚ ਸਿਖ ਧਰਮ ਦੇ ਸਾਰੇ ਪ੍ਰਧਾਨ ਵਿਚਾਰ ਮਿਲਦੇ ਹਨ ਤਾਂ ਭੀ ਇਕ ਵਿਦਵਾਨ ਨੇ ਜਪੁਜੀ ਦੇ ਪ੍ਰਧਾਨ ਵਿਚਾਰਾਂ ਨੂੰ ਕਠ-ਘੜਿਆਂ :ਵਿਚ ਬੰਨ੍ਹਣ ਦਾ ਯਤਮ ਕੀਤਾ ਹੈ।

(੧) 'ਸਤਿਗੁਰੂ' ਅਤੇ ਸਤਿਗੁਰੂ ਦੀ ਧਾਰਣਾ।

(੨) ਸੰਜੋਜਕ ਸਤਿਗੁਰੂ

(੩) ਸ੍ਰਵਣ ਦੇ ਧਿਆਨ ਦੁਆਰਾ, ਸਤਿਗੁਰੂ ਦੀ ਪ੍ਰਾਪਤੀ।

(੪) ਸਤਿਗੁਰੂ ਭੀ ਬ੍ਰਹਮ ਤੇ ਪ੍ਰਕ੍ਰਿਤੀ ਦਾ ਕੇਵਲ ਕੁਝ ਗਿਆਨ (ਸੰਪੂਰਣ ਨਹੀਂ) ਤੇ ਭਗਵੰਤ ਪ੍ਰਾਪਤੀ ਦੇ ਸਾਧਨ ਦੇ ਸਕਦਾ ਹੈ।

(੫) ਆਤਮ ਸੰਜਮ ਤੇ ਨਿਰਲੇਪ ਭਾਵ ਇਸ ਸਾਧਨਾ ਦੇ ਆਧਾਰ ਹਨ।

(੬) 'ਕਰਮੀ ਆਪੋ ਆਪਣੀ' ਅਖੀਰਲੀ ਪਉੜੀ ਤੇ ਸ਼ਲੋਕ ਵਿਚ ਨਾ

---

§ ੮ ਮ: ੧, ੨,

()੨ ਮ: ੧, ੬

[] ਫਿਲਾਸਫੀ ਆਫ ਸਿਖ ਇਜ਼ਮ—ਡਾਕਟਰ ਸ਼ੇਰ ਸਿੰਘ ਪੰਨਾ ੫੧

: ਪ੍ਰੋ: ਤਾਰਨ ਸਿੰਘ—ਗੁਰੂ ਨਾਨਕ ਐਜ਼-ਏ ਪੋਇਟ ਪੰਨਾ : ੧੦੨



Digitized by Panjab Digital Library | www.panjabdigilib.org

ਕੇਵਲ ਕਰਮਾ ਅਨੁਸਾਰ ਫ਼ਲ ਪ੍ਰਾਪਤੀ ਦਾ ਵਰਣਨ ਹੈ, ਸਗੋਂ ਸਾਰੇ ਜਪੁਜੀ ਦਾ ਨਿਚੋੜ ਹੈ।

ਪ੍ਰਭਾਵ ਦੀ ਦ੍ਰਿਸ਼ਟੀ ਤੋਂ ਜਪੁਜੀ ਦਾ ਮਹਤਵ ਇਸ ਤੋਂ ਹੀ ਸਪਸ਼ਟ ਹੈ ਕਿ ਹਰ ਇਕ ਧਾਰਮਿਕ ਸਿਖ ਆਪਣਾ ਦੈਨਿਕ ਜੀਵਨ ਇਸੇ ਬਾਣੀ ਦੇ ਪਾਠ ਤੋਂ ਆਰੰਭ ਕਰਦਾ ਹੈ। ਗਿਆਨ ਦੀ ਡੂੰਘਾਈ ਦੀ ਦ੍ਰਿਸ਼ਟੀ ਤੋਂ ਅਨੇਕ ਦੇਸ਼ ਜਾਤੀ ਅਤੇ ਧਰਮਾ ਦੇ ਵਧੇਰੇ ਵਿਦਵਾਨ ਇਸ ਦੀ ਵਿਆਖਿਆ ਕਰ ਚੁਕੇ ਹਨ ਪਰੰਤੂ ਫਿਰ ਭੀ ਸੰਤੋਖ ਨਹੀਂ ਹੁੰਦਾ। ਇਸਦਾ ਅਸਲੀ ਕਾਰਣ ਇਹ ਹੀ ਹੈ ਕਿ ਇਹ ਬਾਣੀ ਸਿਮਰਣ ਦੀ ਹੀ ਨਹੀਂ ਉਸ ਤੋਂ ਕਿਧਰੇ ਵਧ ਅਨੁਭਵ ਕਰਨ ਦੀ ਹੈ। ਇਸੇ ਲਈ ਇਕ ਸਿਖ ਵਿਦਵਾਨ ਦੇ ਸ਼ਬਦਾਂ ਵਿਚ ਹੀ ਇਸਦੀ ਮਹਤਤਾ ਦੀ ਅਸਲੀਅਤ ਛੁਪੀ ਹੈ।

"No scholar can explain it only he knows, who travels through this path, as it is not an intellectual approach but an emotional realisation—which can he felt and felt only."

(੩) ਪਹਿਰੇ (ਪੰਨਾ ੭੪) ਦਿਨ ਦੇ ਪਹਿਰ ਵਾਂਗ ਜੀਵਨ ਨੂੰ ਭੀ ਪਹਿਰਾਂ ਵਿਚ ਵੰਡਕੇ ਸ੍ਰੀ ਰਾਗ ਦੇ ਦੋ ਸ਼ਬਦਾਂ ਵਿਚ ਇਹ ਦਸਿਆ ਹੈ ਕਿ ਮਨੁਖੀ ਜ਼ਿੰਦਗੀ ਨੂੰ ਸੰਸਾਰਕਤਾ ਵਿਚ ਨਸ਼ਟ ਨਾ ਕਰਕੇ ਇਸਦੇ ਹਰ ਇਕ ਪਹਿਰ ਵਿਚ ਉਸੇ ਦਾ ਧਿਆਨ ਕਰਨਾ ਚਾਹੀਦਾ ਹੈ। ਇਸੇ ਵਿਚ ਜੀਵਨ ਦੀ ਸਫਲਤਾ ਹੈ। ਬਚਪਨ ਵਿਚ ਹੀ ਮਾਂ ਬਾਪ ਤੋਂ ਖਿਡਾਇਆ ਜਾਂਦਾ ਹੋਇਆ ਮਨੁਖ ਸੰਸਾਰਕ ਮੋਹ ਵਿਚ ਧਸ ਜਾਂਦਾ ਹੈ ਤੇ ਉਮਰ ਦੇ ਸਾਰੇ ਪਹਿਰ ਇਸੇ ਵਿਚ ਸਮਾਪਤ ਹੋ ਜਾਂਦੇ ਹਨ। ਇਸ ਤੋਂ ਪ੍ਰੇਰਣਾ ਲੈ ਕੇ ਗੁਰੂ ਰਾਮ ਦਾਸ (ਪੰਨਾ ੭੦) ਤੇ ਗੁਰੂ ਅਰਜਨ (ਪੰਨਾ ੭੧) ਨੇ ਭੀ ਇਕ ਸ਼ਬਦ ਇਸੇ ਭਾਂਤ ਦੀ ਸ਼ੈਲੀ ਵਿਚ ਲਿਖੇ ਹਨ, ਜਿਸ ਵਿਚ ਇਹ ਸੁਨੇਹਾ ਦਿੱਤਾ ਹੈ ਕਿ ਜੀਵਨ ਦੇ ਕਿਹੜੇ ਪਹਿਰ ਵਿਚ ਕਿਹੜਾ ਕੰਮ ਕਰਨਾ ਚਾਹੀਦਾ ਹੈ। ਜਿਹੜਾ ਕਿ ਮਨੁਖੀ ਜੀਵਨ ਨੂੰ ਸਫਲ ਬਣਾਕੇ ਬ੍ਰਹਮ ਨਾਲ ਮਿਲਾ ਸਕਦਾ।

(੪) ਮਾਲ (ਪੰਨਾ ੧੩੭)

ਇਨ੍ਹਾਂ ੭੩ ਸ਼ਬਦਾਂ ਵਿਚ ਪ੍ਰਕ੍ਰਿਤੀ ਨੂੰ ਬ੍ਰਹਮ ਦੀ ਖੇਡ ਦਸਿੱਆ ਹੈ।



Digitized by Panjab Digital Library | www.panjabdigilib.org

ਇਸ ਵਿਚ ਮਾਇਆ ਦਾ ਵਿਸ਼ੇਸ ਹਥ ਹੈ । ਇਹ ਜਗਤ ਅਤੇ ਅਧਿਆਤਮਕ ਸ਼ਕਤੀਆਂ ਦਾ ਸੰਘਰਸ਼ ਸਥਾਨ ਹੈ । ਸੰਸਾਰਕਤਾ ਦੇ ਚੰਮ ਤੇ ਪੁਜੇ ਹੋਏ ਜੀਵ ਦੀ ਰਖਿਆ ਲਈ ਹੀ 'ਸਤਿਗੁਰੂ' ਨੂੰ ਭੇਜ ਦਿੰਦਾ ਹੈ। ਪੰਜਾਬ ਦਾ ਵਾਤਾਵਰਣ ਹੋਣ ਕਰਕੇ ਇਹ ਸਿਧਾਂਤਕ ਤੋਂ ਵਧਕੇ ਕਿਰਿਆਤਮਕ ਜੀਵਨ ਦਾ ਪਰਿਚਯ ਦਿੰਦਾ ਹੈ । ਇਸ ਲਈ, ਇਸ ਵਿਚ ਵਿਆਖਿਆਤਮਕ ਸ਼ੈਲੀ ਦਾ ਆਸਰਾ ਲਇਆ ਗਇਆ ਹੈ ।

## (੫) ਪਟੀ (ਪੰਨਾ (੪੩੩)

'ਪਟੀ' ਤਖਤੀ ਨੂੰ ਕਹਿੰਦੇ ਹਨ । ਆਰੰਭਕ ਵਿਦਿਆਰਥੀ ਤਖਤੀ ਤੇ ਹੀ ਭਾਸ਼ਾ ਦੀ ਵਰਣ-ਮਾਲਾ ਤੋਂ ਪੜ੍ਹਣਾ ਆਰੰਭ ਕਰਦਾ ਹੈ । ਪੰਜਾਬੀ ਵਰਣ-ਮਾਲਾ ਦੇ ੩੫ ਅਖਰਾਂ ਤੋਂ ਆਰੰਭ ਕਰਕੇ ਜਿਨ੍ਹਾਂ ੩੫ ਸ਼ਬਦਾਂ ਦਾ ਗੁਰੂ ਨਾਨਕ ਨੇ ਉਚਾਰਣ ਕੀਤਾ ਓਹੀ ਪਟੀ ਨਾਮ ਹੇਠ ਆਸਾ ਰਾਗ ਵਿਚ ਸੰਗ੍ਰਹਿਤ ਹਨ । ਹਰ ਇਕ ਸ਼ਬਦ ਜੀਵ ਦਾ ਬ੍ਰਹਮ ਨਾਲ ਸੰਬੰਧ ਕਿਵੇਂ ਜੁੜਦਾ ਹੈ, ਇਸ ਵਿਚ ਇਹੀ ਦਸਿਆ ਗਇਆ ਹੈ ਅਤੇ ਜ਼ਿੰਦਗੀ ਬਿਤਾਣ ਦੇ ਮਾਰਗ ਦਾ ਸੰਦੇਸ਼ ਭੀ ਮਿਲਦਾ ਹੈ । ਗੁਰੂ ਨਾਨਕ ਦੀ ਪਟੀ ਦੇ ਬਾਆਦ ਉਨ੍ਹਾਂ ਤੋਂ ਹੀ ਪ੍ਰੇਰਣਾ ਲੈ ਕੇ ਗੁਰੂ ਅਮਰ ਦਾਸ ਨੇ ਭੀ ਪਟੀ (ਪੰਨਾ ੪੩੪) ਲਿਖੀ ਪਰੰਤੂ ਉਸ ਦੇ ੧੮ ਸ਼ਲੋਕ ਉਨ੍ਹਾਂ ਦੀ ਸੀਮਿਤ ਸਮਰਥਾ ਦਾ ਪਰਿਚਯ ਦਿੰਦੇ ਹਨ । ਉਸਦਾ ਕਰਮ ਭੀ ਇਸ ਵਰਣ ਮਾਲਾਂ ਦੇ ਅਨੁਸਾਰ ਨਹੀਂ ਹੈ ; ਕਿਧਰੇ 'ਤੇਰਾ ਅੰਤ ਨਾ ਜਾਈ ਲਖਿਆ' ਤੇ ਕਿਧਰੇ ਬੇਗੁਰੇ ਦੀ ਗਤੀ ਨਹੀਂ ਦਾ ਵਰਣਨ ਮਿਲਦਾ ਹੈ ।

## ਦੱਖਣੀ ਉਂਕਾਰ (ਪੰਨਾ ੯੨੯)

ਸੰਸਕ੍ਰਿਤ ਦੀ ਵਰਣ-ਮਾਲਾ ਦੇ ਆਧਾਰ ਤੇ ਇਹ ਚੁਰੰਜਾ ਪਉੜੀਆਂ ਉਸੇ ਰਾਮ ਕਲੀ ਰਾਗ ਵਿਚ ਹਨ, ਜਿਸ ਵਿਚ ਆਦਰਸ਼ ਸੰਸਾਰਕ ਜੀਵਨ ਦੀ ਰੂਪ ਰੇਖਾ ਸਾਹਮਣੇ ਰਖਦਿਆਂ ਹੋਇਆ ਪਹਲੇ ਗੁਰੂ ਦੀ ਕਿਰਤ ਸਿਖ ਗੋਸ਼ਟ ਤੇ ਗੁਰੂ ਅਮਰਦਾਸ ਦੇ ਅਨੰਦ ਦੇ ਸ਼ਬਦ ਮਿਲਦੇ ਹਨ । ਉਂਕਾਰ ਉਸਦਾ ਸਰੂਪ ਪ੍ਰਸਤੁਤ ਕਰਦਾ ਹੈ। ਇਸ ਵਿਚ ਇਕ ਬ੍ਰਹਮ, ਉਸਦੇ ਮਿਲਣ ਦੇ ਸਾਧਨ, ਸੰਸਾਰਕਤਾ ਵਿਚ ਫਸੇ ਹੋਏ ਸੁਖ ਚਾਹੁਣ ਵਾਲੇ ਜੀਵ ਦੀ ਅਵਸਥਾ ਤੇ ਉਸਦੇ ਸਤਿਗੁਰੂ ਦਾ ਵਰਣਨ ਮਿਲਦਾ ਹੈ । ਪੰਜਵੇਂ ਗੁਰੂ



Digitized by Panjab Digital Library | www.panjabdigilib.org

ਨੇ ਭੀ ਬਾਵਨ ਅਖ਼ਰੀ (ਪੰ: ੨੫੦) ਵਿਚ ਸੰਸਕ੍ਰਿਤ ਦੇ ਬਵੰਜਾ ਅਖਰਾਂ ਦੇ ਆਧਾਰ ਤੇ ਉਨ੍ਹਾਂ ਅਖਰਾਂ ਤੋਂ ਹੀ ਆਰੰਭ ਕਰਕੇ ਜਿਹੜੇ ੫੫ ਸ਼ਬਦਾਂ (੫੭ ਸ਼ਲੋਕ ੫੫ ਪਉੜੀਆਂ) ਦੀ ਰਚਨਾ ਕੀਤੀ ਹੈ। ਉਨ੍ਹਾਂ ਨੂੰ ਰਾਗ ਗੌੜੀ ਵਿਚ ਥਾਂ ਮਿਲੀ ਹੈ। ਜਦੋਂ ਭੀ ਇਹ ਕ੍ਰਮ 'ਨ' ਤੋਂ ਪਹਿਲਾਂ ਅਤੇ 'ਰ' ਮਗਰੋਂ ਅਖਰ ਕ੍ਰਮ ਦੇ ਅਨੁਕਲ ਨਹੀਂ ਰਹਿ ਸਕਿਆ, ਤਾਂ ਭੀ ਪੁਰਾਣੀ ਪਰੰਪਰਾ ਨੂੰ ਨਿਭਾਉਣ ਦਾ ਪੂਰਾ ਯਤਨ ਕੀਤਾ ਗਇਆ ਹੈ। ਪਰਮਾਤਮਾ ਨੂੰ ਸੰਬੋਧਨ ਕਰਕੇ ਹਰ ਇਕ ਅਖਰ ਦਾ ਸੰਦੇਸ਼ ਦਿਤਾ ਹੈ। ਇਹ ਭਾਵ ਸ਼ਲੋਕ ਵਿਚ ਦਸਿਆ ਗਇਆ ਤੇ ਉਸ ਦੇ ਨਾਲ ਹੀ ਪਉੜੀ ਵਿਚ ਉਸਦੀ ਵਿਆਖਿਆ ਕੀਤੀ ਗਈ ਹੈ ।ਇਹ ਉਸ ਬਾਣੀ ਦੀ ਆਪਣੀ ਹੀ ਵਿਸ਼ੇਸ਼ਤਾ ਹੈ ਜਿਹੜੀ ਹੋਰ ਕਿਧਰੇ ਨਹੀਂ ਮਿਲਦੀ। ਕਬੀਰ ਦੀ ਬਾਵਨ ਅਖਰੀ (ਪੰਨਾ ੩੫੦) ਭੀ ਇਸੇ ਆਧਾਰ ਤੇ ਲਿੱਖੀ ਹੋਈ ਹੈ। ਉਹ ੪੫ ਸ਼ਬਦ ਭੀ ਰਾਗ ਗਉੜੀ ਵਿਚ ਸ਼ਾਮਿਲ ਹਨ, ਉਸ ਵਿਚ ਆਤਮ ਅਨੁਭੂਤੀ ਦੀ ਅਭਿਵਿਅੰਜਨਾ ਕੁਝ ਘਟ ਤੇ ਉਪਦੇਸ਼ਾਤਮਕਤਾ ਪ੍ਰਧਾਨ ਹੋ ਉੱਠੀ ਹੈ। ਸੰਭਵ ਹੈ ਕਿ ਦੋਹਾਂ ਗੁਰੂਆਂ ਨੇ ਇਸ਼ ਪ੍ਰਕਾਰ ਬਾਣੀ ਲਿਖਣ ਦੀ ਪ੍ਰੇਰਣਾ ਉਸੇ ਤੋਂ ਲਈ ਹੋਵੇ। ਇਸ ਦ੍ਰਿਸ਼ਟੀ ਤੋਂ ਇਸਦਾ ਵਿਸ਼ੇਸ਼ ਮਹਤਵ ਹੈ।

## ੬ ਵਾਰ ਆਸਾ (ਪੰਨਾ ੪੬੩)

ਸਾਰੇ ਦ੍ਰਿਸ਼ਟਿਕੋਣਾਂ ਤੋਂ, ਵਾਰਾਂ ਵਿਚੋਂ ,ਉੱਤਮ ਵਾਰ ਸਿਖ ਦਰਸ਼ਨ ਅਤੇ ਧਰਮ ਦੀ ਸਰਲ ਵਿਆਖਿਆ ਅਤੇ ਕਵਿਤਾ ਦੀ ਉਚ-ਕਲਾ ਸਾਡੇ ਸਾਹਮਣੇ ਰਖਦੀ ਹੈ। ਰਾਗ ਆਸਾ ਵਿਚ ਗੁਰੂ ਨਾਨਕ ਦੇ ੨੫ ਪਉੜੀਆਂ ਦੇ ਸ਼ਲੋਕਾਂ ਵਿਚ ਗੁਰੂ ਅੰਗਦ ਦੇ ੧੩ ਸ਼ਲੋਕ ਮਿਲਦੇ ਹਨ। ਹਰ ਇਕ ਪਉੜੀ ਦੇ ਆਖਰੀ ਪਦ ਵਿਚ ਉਸਦਾ ਸਾਰੰਸ਼ ਮਿਲਦਾ ਹੈ।ਇਸ ਵਿਚ ਸ਼ਲੋਕ ਵਧੇਰੇ ਆਲੋਚਨਾਤਮਕ ਅਤੇ ਪ੍ਰਭਾਵਕ ਪਦ ਹਨ। ਵਾਰ ਸ਼ਬਦ, ਪ੍ਰਸ਼ੁਸ਼ਤੀ ਦੇ ਅਰਥ ਵਿਚ ਪ੍ਰਯੁਕਤ ਹੁੰਦਾ ਹੈ। ਬ੍ਰਹਮ, ਜੀਵ ਅਤੇ ਪ੍ਰਕ੍ਰਿਤੀ ਦੀ ਵਿਆਖਿਆ ਇਸਦਾ ਪ੍ਰਧਾਨ ਵਿਸ਼ੇ ਹੈ। ਭਗਵੰਤ ਪ੍ਰਾਪਤੀ ਲਈ ਵਿਰੋਧਕ ਸ਼ਕਤੀ ਹਉਮੈ ਦੀ ਵਿਆਖਿਆ ਅਤੇ ਉਸਦੇ ਦੂਰ ਕਰਨ ਦੇ ਉਪਾਏ ਹਨ। ਹਉਂ ਵਿਚ ਆਇਆ, ਹਉਂ ਵਿਚ ਗਇਆ ਸਾਰੇ ਹੀ ਸ਼ਬਦ ਹਉਮੈਂ ਕੀ ਹੈ ਤੇ ਉਸਦੇ ਸਰੂਪਾਂ ਦੀ ਵਿਸਤਾਰ ਸਹਿਤ ਵਿਆਖਿਆ ਕਰਦੇ



Digitized by Panjab Digital Library | www.panjabdigilib.org

ਹੋਏ ਕਹਿਆ ਹੈ ਕਿ ਕਿਸੇ ਜੀਵ ਨੂੰ ਧੰਨ ਦਾ, ਦੂਜੇ ਨੂੰ ਸੁੰਦਰਤਾ ਦਾ, ਤੀਜੇ ਨੂੰ ਗਿਆਨ ਦਾ, ਕਿਸੇ ਨੂੰ ਦਾਨ ਦਾ, ਕਿਸੇ ਨੂੰ ਸ਼ਕਤੀ ਦਾ, ਕਿਸੇ ਨੂੰ ਅਡੰਬਰ ਭਰੀ ਭਗਤੀ ਦਾ ਘੁਮੰਡ ਹੋ ਜਾਂਦਾ ਹੈ। ਇਹ ਵਧਿਆ ਹੋਇਆ ਹਉਮੈਂ ਹੀ ਜੀਵ ਨੂੰ ਬ੍ਰਹਮ ਵਲ ਨਹੀਂ ਜਾਣ ਦਿੰਦਾ। ਇਸ ਲਈ ਇਸਦੇ ਨਾਸ ਨਾਲੋਂ ਠੀਕ ਪਾਸੇ ਲਾਣ ਦਾ ਕੀ ਉਪਾਏ ਹੈ। ਕਿਉਂਕਿ ਆਧੁਨਿਕ ਮਨੋ ਵਿਗਿਆਨਕ-ਯੁਗ ਇਸੇ ਗੱਲ ਵਿਚ ਵਿਸ਼ਵਾਸ਼ ਰੱਖਦਾ ਹੈ। ਨਾ ਕੇਵਲ ਹਉਮੈ ਸਗੋਂ ਵਾਸ਼ਨਾ ਨੂੰ ਭੀ ਦਬਾਣਾ ਨਹੀਂ ਚਾਹੀਦਾ ਤੇ ਚੰਗੇ ਰਾਹ ਵਲ ਮੋੜ ਲੈਣਾ ਚਾਹੀਦਾ ਹੈ। "These passions cannot be eradicated, but they can be educated."

(Shri Ram Krishna Malti, spiritual life, Page 12)

ਇਸਨੂੰ ਠੀਕ ਰਾਹ ਤੇ ਪਾਉਣ ਵਾਲਾ ਕੌਣ ਹੈ। ਇਕੱਲਾ ਸਤਿਗੁਰੂ ਕਿਉਂਕਿ ਸਤਿਗੁਰੂ ਮਿਲੀਏ, ਸਚ ਪਾਈਐ। ਤੇ ਸਤਿਗੁਰੂ ਦਾ ਵਰਣਨ ਭੀ ਮਿਲਦਾ ਹੈ। ਹਉਮੈ ਦੇ ਸਮਾਪਿਤ ਹੋਇਆਂ ਜੀਵ ਨਿਮਰ ਹੋ, ਪੂਰਣ ਆਤਮਾ ਸਮਰਪਣ ਕਰ ਦਿੰਦਾ, ਹੈ ਇਹ ਆਤਮਕ ਸਮਰਪਣ ਭੀ ਉਸਨੂੰ ਭਗਵੰਤ ਕਿਰਪਾ ਦਾ ਪਾਤਰ ਬਣਾ, ਉਸ ਲਈ ਮੋਖ ਦਾ ਦੁਆਰ ਖੋਹਲ ਦਿੰਦਾ ਹੈ। ਇਸ ਬਾਣੀ ਵਿਚ ਆਤਮ ਸਮਰਪਣ ਦਾ ਮਹੱਤਵ ਵਿਸ਼ੇਸ਼ ਦਰਸਾਇਆ ਗਇਆ ਹੈ। ਇਸਦੀ ਭਾਸ਼ਾ ਸ਼ੁਧ ਪੰਜਾਬੀ ਹੈ ਤੇ ਵਿਆਖਿਆਤਮਕ ਸ਼ੈਲੀ ਨੂੰ ਆਧਾਰ ਬਣਾਇਆ ਗਇਆ ਹੈ। ਤਤ-ਕਾਲੀਨ ਧਾਰਮਿਕ, ਸਾਮਾਜਿਕ ਤੇ ਰਾਜਨੀਤਕ ਸਥਿਤੀਆਂ ਤੇ ਭੀ ਚੰਗਾ ਪ੍ਰਕਾਸ਼ ਪਾਂਦੀ ਹੈ।

### ੭ ਅਲਾਂਹੁਣੀਆਂ (੫੭੮)

ਮੌਤ ਅਟਲ ਹੈ ਤੇ ਸੰਸਾਰਕ ਮਨੁੱਖ ਦਾ ਸ਼ੋਕ ਭੀ ਅਜੇਹੇ ਵੇਲੇ ਮਨੁਖ ਨੂੰ ਧੀਰਜ ਅਤੇ ਸਾਹਸ ਦਾ ਪਾਠ ਪੜ੍ਹਾਣ ਵਾਲੇ ਇਹ ਸ਼ਬਦ ਰਾਗ ਵਡਹੰਸ ਵਿਚ ਮਿਲਦੇ ਹਨ। ਕਿਉਂਖਿ ਮੌਤ ਹੀ ਤਾਂ ਪੁਨਰ ਜਨਮ ਦੀ ਸੂਚਨਾ ਦਿੰਦੀ ਹੈ, ਇਸ ਲਈ ਇਸ ਤੋਂ ਘਬਰਾਣਾ ਨਹੀਂ ਚਾਹੀਦਾ।

### ੮ ਆਰਤੀ (ਪੰਨਾ ੬੬੩)

'ਸਹਸ ਤਵ ਨੈਨ, ਨਨੁ ਨੈਨ ਹੈ ਤੋਹੇ' ਕੋ 'ਸਹਸ ਪਦ ਬਿਮਲ ਨਨ



Digitized by Panjab Digital Library | www.panjabdigilib.org

ਏਕ ਪਦ', ਤੇ ਭਗਵਾਨ ਤੇਰੀ ਆਰਤੀ ਕਿਸ ਤਰ੍ਹਾਂ ਹੋਵੇ ਜਦੋਂ ਕਿ ਤੇਰਾ ਕੁਝ ਪਤਾ ਨਹੀਂ। ਗੁਰੂ ਜੀ ਨੇ ਦਸਿਆ ਹੈ,'ਸਭ ਮਹਿ ਜੋਤ ਜੋਤ ਹੈ ਸੋਇ, ਤਿਸਤੇ ਚਾਨਣ ਸਭ ਮਹਿ ਚਾਨਣ ਹੋਏ।' ਇਸ ਲਈ ਤੇਰੇ ਨਾਮ ਵਿਚ ਹੀ ਵਾਸਾ ਹੈ। ਇਹ ਗੁਰੂ ਨਾਨਕ ਦੀ ਆਰਤੀ ਦਾ ਇਕ ਸ਼ਬਦ ਰਾਗ ਧਨਾਸਰੀ ਵਿਚ ਮਿਲਦਾ ਹੈ। ਇਸ ਰਾਗ ਵਿਚ ਦੂਜੇ ਭਗਤਾਂ ਦੀ ਆਰਤੀ ਭੀ ਮਿਲਦੀ ਹੈ। ਜਿਨ੍ਹਾਂ ਵਿਚੋਂ ਰਵਿ ਦਾਸ ਦੀ ਆਰਤੀ ਦਾ ਗੁਰੂ ਨਾਨਕ ਤੇ ਵਿਸ਼ੇਸ਼ ਪ੍ਰਭਾਵ ਪਇਆ ਜਾਪਦਾ ਹੈ।

੯ ਰਾਇਸਾ (੭੨੫)

ਰਾਗ ਤਿਲੰਗ ਵਿਚ ਦਸ ਪਦਾਂ ਦਾ ਇਕ ਵਡਾ ਸ਼ਬਦ ਆਤਮਾ (ਗੁਰੂ ਨਾਨਕ, ਤੇ ਪਰਮਾਤਮਾ ਦੀ ਪ੍ਰੇਮ ਕਹਾਣੀ ਦਾ ਸ਼ਬਦ ਹੈ) ਬੇਅੰਤ ਦੀ ਖੇਡ ਵਿਚ ਹੀ ਅਨੰਤ ਨੂੰ ਮਾਨਣ ਵਿਚ ਅਸਲੀ ਸੁਖ ਮਿਲਦਾ ਹੈ। ਪੰਜਾਬੀ ਖੇਡ ਦਾ ਵਾਤਾਵਰਨ ਸਾਹਮਣੇ ਦਰਸਾਕੇ ਉਸ ਵਿਚ ਮਿਲਣ ਨਾਲ ਪ੍ਰਾਪਤ ਸੁਖ ਦਾ ਸੰਗੀਤ ਭਰਿਆ ਵਰਣਨ ਮਿਲਦਾ ਹੈ। ਗੁਰੂ 'ਰਾਮ ਦਾਸ ਨੇ ਭੀ ਇਸੇ ਤੋਂ ਹੀ ਪ੍ਰੇਰਣਾ ਲੈਕੇ ਇਸਦੇ ਨਾਲ ਹੀ ',ਹਰ ਕੀਆਂ 'ਕਥਾਂ'' ਕਹੀ ਹੈ। ਉਸਦਾ ਭੀ ਭਾਂਵ ਤਾਂ ਇਹੀ ਹੈ ਪਰੰਤੂ ਆਕਾਰ ਦੂਣਾ।

(੧੦) ਕੁਚਜੀ (ਪੰਨਾ ੭੬੨) (ਬੁਰੇ ਵਿਵਹਾਰ ਦੀ ਇਸਤ੍ਰੀ)

ਰਬ ਨਾਲ ਵਿਆਹੇ ਜਾਣ ਵਿਚ ਅਸਫਲ ਭਗਤ ਆਤਮਾ ਇਸ ਅਸਫਲਤਾ ਦੇ ਦੋਸ਼ ਆਪਣੇ ਆਪ ਤੇ ਲੈਂਦੀ ਹੈ। ਉਸਦੇ ਆਪਣੇ ਹੀ ਅਭਾਵ ਤੇ ਤਰੁਟੀਆਂ ਉਸਦੇ ਦੁਖ ਦਾ ਕਾਰਣ ਹਨ। ਸ਼ੈਲੀ ਦੀ ਦ੍ਰਿਸ਼ਟੀ ਤੋਂ ਸੂਹੀ ਰਾਗ ਵਿਚ ਵਰਣਿਤ ਕਾਫੀ ਦੇ ਵਧੇਰੇ ਨਿਕਟ ਇਹ ਇਕ ਸ਼ਬਦ ਜਾਪਦਾ ਹੈ ਤੇ ਉਸੇ ਦੇ ਗੁਣਾਂ ਦੇ ਅਨੁਰੂਪ ਹੀ ਲਹਿੰਦਾ ਮੁਲਤਾਨੀ ਦੇ ਸ਼ਬਦ ਮਿਲਦੇ ਹਨ।

(੧੧) ਸੁਚਜੀ (ਪੰਨਾ ੭੬੨) (ਚੰਗੈ ਵਿਵਹਾਰ ਵਾਲੀ ਇਸਤ੍ਰੀ)

ਕੁਚੱਜੀ ਦੇ ਮਗਰੋਂ ਉਸਦੀ ਕਮੀਂ ਨੂੰ ਸੁਚੱਜੀ ਪੂਰਾ ਕਰਦੀ ਹੈ। ਰਬ ਨੂੰ ਪਾਕੇ ਸਦਾ ਉਸੇ ਵਿਚ ਲੀਨ ਰਹਿੰਦਿਆਂ ਹੋਇਆਂ ਇਹ ਅਨੰਦ ਮਾਣਦੀ ਹੈ। ਪਰੰਤੂ ਭਗਵੰਤ ਮਿਲਣ ਦਾ ਇਸ ਨੂੰ ਗੁਮਾਨ ਨਹੀਂ। ਕਿਉਂਕਿ ਇਸਦਾ ਸਿਹਰਾ ਰਬੀ ਮਿਹਰ ਤੇ ਹੈ। ਭਾਸ਼ਾ, ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ



Digitized by Panjab Digital Library | www.panjabdigilib.org

ਭੀ ਕੁਚੱਜੀ ਨਾਲ ਮਿਲਦੀ ਹੈ। ਅਸਲ ਵਿਚ ਦੋਵੇਂ ਇਕ ਦੂਜੇ ਦੇ ਪੂਰਕ ਹਨ। ਸੁਚੱਜੀ ਤੋਂ ਪ੍ਰੇਰਣਾ ਲੈਕੇ ਗੁਰੂ ਅਰਜਨ ਨੇ 'ਗੁਣਵੰਤੀ' (ਪੰਨਾ ੭੬੨) ਸਿਰਲੇਖ ਹੇਠ ਇਕ ਸ਼ਬਦ ਸੁਚੱਜੀ ਦੇ ਮਗਰੋਂ ਲਿਖਿਆ ਹੈ, ਜਿਸਦਾ ਵਿਚਾਰ ਇਹੀ ਹੈ, ਭਾਸ਼ਾ ਮੁਲਤਾਨੀ ਦੇ ਪ੍ਰਭਾਵ ਤੋਂ ਸੁਤੰਤਰ ਤੇ ਸਰਲ ਪੰਜਾਬੀ ਹੈ।

## (੧੨) ਥਿਤੀ (ਪੰਨਾ ੮੩੮)

ਨਾ ਕੇਵਲ ਇਕਾਦਸ਼ੀ, ਸਗੋਂ ਧਿਆਨ ਕਰਨ ਲਈ ਸਾਰੀਆਂ ਤਿਥੀਆਂ ਦਾ ਮਹਤਵ ਦਸਦੇ ਹੋਏ ਬ੍ਰਹਮ ਦੀ ਸ੍ਰਿਸਟੀ ਵਿਚ ਪਰਸਾਰ ਉਸਨੂੰ ਜਾਨਣ ਤੋਂ ਉਪਰੰਤ ਸਤਿ ਤੇ ਸਫਲ, ਸਾਧਨ ਤੇ ਗੁਰੂ ਦੀ ਲੋੜ ਤੇ ਵਿਸ਼ੇਸ਼ ਪ੍ਰਕਾਸ਼ ਪਾਇਆ ਹੈ ਕਿਉਂਕਿ ਜਾਨਣ ਨਾਲ ਬ੍ਰਹਮਤਾ "ਅਗੰਮ ਅਗੋਚਰ ਰੂਪ ਨਾ ਰਖਿਆ" ਹੈ। ੨੦ ਸ਼ਬਦਾਂ ਵਿਚ ਰਾਗ ਬਿਲਾਵਲ ਵਿਚ ਇਸਨੂੰ ਥਾਂ ਮਿਲੀ ਹੈ। ਗੁਰੂ ਅਰਜਨ ਦੀ ਥਿਤ (-੯੬) ਵਿਚ ਨਮਰਤਾ ਸਪਸ਼ਟਤਾ ਤੇ ਸਾਦਗੀ ਨੇ ਇਸ ਵਿਚ ਵਰਤੇ ਅਨੁਪਰਾਸ ਦੀ ਸ਼ੋਭਾ ਨੇ ਦੂਣਾ ਕਰ ਦਿੱਤਾ ਹੈ। ਛੋਟੇ ਛੋਟੇ ਛੰਦਾਂ ਵਿਚ ਤੁਕ ਤੇ ਸੁਰਾ ਨੂੰ ਠੀਕ ਜੋੜਨ ਕਰਕੇ, ਇਹ ਹੋਰ ਭੀ ਆਕਰਸ਼ਕ ਬਣ ਗਏ ਹਨ। ਕਿਸੇ ਥਿਤੀ ਵਿਸ਼ੇਸ਼ ਨੂੰ ਰਬ ਦਾ ਨਾਉਂ ਲੈਣਾ ਚਾਹੀਦਾ ਹੈ, ਇਸ ਗਲ ਦਾ ਵਿਰੋਧ ਕਰਦਿਆਂ, ਹਰ ਇਕ ਥਿਤੀ ਦਾ ਮਹਤਵ ਦਰਸਾਇਆ ਹੈ। ਕਬੀਰ ਦੇ ਭੀ (ਪਨਾ ੩੪੩) ੧੬ ਸ਼ਲੋਕ, ਥਿਤੀ ਸਿਰਲੇਖ ਹੇਠ ਮਿਲਦੇ ਹਨ। ਸ਼ਾਇਦ ਗੁਰੂ ਨਾਨਕ ਨੂੰ ਕਬੀਰ ਤੇ ਗੁਰੂ ਅਰਜਨ ਨੂੰ ਇਨ੍ਹਾਂ ਦੋਹਾਂ ਤੋਂ ਹੀ ਲਿੱਖਣ ਦੀ ਪ੍ਰੇਰਣਾ ਮਿਲੀ ਹੋਵੇ। ਗੁਰੂ ਅਰਜਨ ਦੇਵ ਨੇ, ਵਾਰ ਦਾ ਆਸਰਾ ਲਇਆ ਹੈ ਤੇ ਕਬੀਰ ਨੇ ਸ਼ਲਕਾਂ ਦਾ। ਇਹ ਦੋਵੇਂ ਗੁਰੂ ਨਾਨਕ ਵਾਂਗ ਨਾ ਤਾਂ ਦਾਰਸ਼ਨਿਕ ਹਨ ਅਤੇ ਨਾ ਹੀ ਕਲਾ ਦੀ ਦ੍ਰਿਸ਼ਟੀ ਤੋਂ ਉਤਨੇ ਸਫਲ। ਇਨ੍ਹਾਂ ਦਾ ਦ੍ਰਿਸ਼ਟਿਕੋਣ ਕੁਝ ਸੀਮਿਤ ਹੈ। ਗੁਰੂ ਅਰਜਨ ਵਿਚ ਥੋੜੀ ਜਿਹੀ ਤੇ ਕਬੀਰ ਵਿਚ ਉਸ ਤੋਂ ਭੀ ਵਧ ਉਪਦੇਸ਼ਾਤਮਕਤਾ ਮਿਲਦੀ ਹੈ। ਕਬੀਰ ਦੀ ਸਿਖਿਆ ਦਾ ਦ੍ਰਿਸ਼ਟਿਕੋਣ ਵਧੇਰੇ ਵਿਵਹਾਰਕ ਤੇ ਗੁਰੂ ਨਾਨਕ ਦਾ ਸਿਧਾਂਤਕ ਹੈ।



Digitized by Panjab Digital Library | www.panjabdigilib.org

## (੧੩) ਦੱਖਣੀ ਓਅੰਕਾਰ (ਪੰਨਾ ੯੨੯) ਵੇਖੋ ਪੱਟੀ

## (੧੪) ਸਿਧ ਗੋਸ਼ਟ (ਪੰਨਾ ੯੩੮)

ਬਾਣੀ ਦੇ ਨਾਉਂ ਤੋਂ ਹੀ ਸਪਸ਼ਟ ਹੈ ਕਿ ਇਸ ਵਿਚ ਪਹਲੇ ਗੁਰੂ ਜੀ ਦੀ ਸਿੱਧਾਂ ਨਾਲ ਜਿਹੜੀ ਵਾਰਤਾ ਹੋਈ ਸੀ, ਉਸੇ ਦਾ ਉਚਾਰਣ ਗੁਰੂ ਨਾਨਕ ਨੇ ਆਪ ਹੀ ਰਾਗ ਰਾਮ ਕਲੀ ਦੇ ੭੩ ਪਉੜੀਆਂ ਵਿਚ ਕੀਤਾ ਹੈ। ਸੰਨਿਆਸ ਦਾ ਵਿਰੋਧ ਕਰਦਿਆਂ ਹੋਇਆਂ ਉਨ੍ਹਾਂ ਦੱਸਿਆ ਹੈ ਕਿ ਅਧਿਆਤਮਕ ਜੀਵਨ ਦੀ ਕਸਵਟੀ ਗ੍ਰਹਸਤ ਤਿਆਗ ਨਹੀਂ ਸਗੋਂ ਗ੍ਰਹਸਤੀ ਹੋਕੇ, ਮਾਇਆ ਤਿਆਗ ਹੈ। "ਜੈਸੇ ਜਲ ਮੇਂ ਕਮਲ ਨਿਰਾਲਮੁ ਮੁਰਗਾਈ ਨਿਸਾਣੈ।" ਇਸ ਲਈ ਜੀਵਨ ਤੋਂ ਦੌੜਨਾ ਨਹੀਂ ਪਰੰਤੂ ਸੰਘਰਸ਼ ਤੇ ਕਠੋਰ ਪਰਿਸ਼੍ਰਮ ਦਾ ਸੰਦੇਸ਼ ਦਿੱਤਾ ਹੈ। ਇਸ ਲਈ ਸੰਸਾਰਕ ਮਾਇਆ ਤੋਂ ਸੰਘਰਸ਼ ਨਾਮ ਦੇ ਆਧਾਰ ਤੇ ਜੀਵਨ ਵਿਤੀਤ ਕਰਨ ਵਾਲੇ, ਗੁਰੂ ਨੂੰ ਅਪਨਾਉਣਾ ਪ੍ਰਕ੍ਰਿਤੀ ਦੇ ਨੇਮਾਂ ਨੂੰ ਸਮਝਦੇ ਹੋਇਆਂ ਆਪਣੇ ਸੰਸਾਰਕ ਵਿਸਤਾਰ ਤੇ ਵਿਕਾਸ ਵਿਚ ਚੇਤੰਨ ਰਹਿਣ ਦਾ ਸੰਦੇਸ਼ ਦਿੱਤਾ ਹੈ! ਬਾਣੀ ਤੋਂ ਹੀ ਨਿਰੰਤਰ ਅਧਿਆਤਮਕ ਜੀਵਨ ਦੀ ਪ੍ਰੇਰਣਾ ਲੈਕੇ ਆਤਮ ਸੰਜਮ ਨਾਲ ਜਾਨ ਦਾ ਸਹਾਰਾ ਲੈਕੇ ਚਲਣ ਵਾਲੇ ਜਿਹੜੇ ਨਾਮ ਮਾਰਗ ਦੀ ਭਗਤੀ ਹੈ, ਓਹੀ ਜੀਵਨ ਨੂੰ ਵਿਸਮਾਦ ਅਤੇ ਆਨੰਦ ਅਵਸਥਾ ਤਕ ਪਹੁੰਚਾ ਸਕਦੀ ਹੈ। ਕਿਉਂਕਿ "ਸਤ, ਸੰਤੋਖ, ਸੰਜਮ' ਇਹ ਅਸਲ ਜੋਗ ਹੈ ਅਤੇ ਇਸੇ ਤੋਂ ਹੀ "ਨਾਨਕ ਗੁਰਮੁਖ ਸਾਦ ਸਮਾਏ"* ਗੁਰੂ ਨੇ ਸਹਿਨ ਸ਼ੀਲਤਾ, ਨਮਰਤਾ, ਉਦਾਰਤਾ ਤੇ ਆਕਰਸ਼ਕ ਢੰਗ ਨਾਲ ਹਾਸ-ਮਈ ਸ਼ੈਲੀ ਵਿਚ ਇਨ੍ਹਾਂ ਰਚਨਾਤਮਕ ਸੰਦੇਸ਼ਾਂ ਨੂੰ ਵਿਰੋਧੀ ਸਿੱਧਾਂ ਤਕ ਪਹੁੰਚਾਇਆ ਜਿਸਦਾ ਪਰਿਣਾਮ ਇਹ ਹੋਇਆ ਕਿ ਜੋਗੀ ਭੀ ਭਗਤੀ ਵਲ ਝੁਕ ਗਏ। ਇਹੀ ਇਸਦੀ ਸਫਲਤਾ ਦਾ ਰਹਸ ਹੈ। ਇਸ ਵਿਚ ਹਿੰਦੂ ਦਰਸ਼ਨ ਤੇ ਯੋਗੀਆਂ ਦੀ ਪਰਿਭਾਸ਼ਕ ਸ਼ਬਦਾਵਲੀ ਦੇ ਭੀ ਦਰਸ਼ਨ ਹੁੰਦੇ ਹਨ ਜਿਹੜੇ ਵਿਸ਼ੈ ਦੇ ਅਨੁਕੂਲ ਅਤੇ ਪ੍ਰਭਾਵਕ ਹੈ।

## (੧੫) ਕਾਫੀਆਂ (ਪੰਨਾ ੧੦੧੪) ਅਤੇ (ਪੰਨਾ ੭੬੧)

ਗੁਰੂ ਨੇ ਮਾਰੂ ,ਰਾਗ ਵਿਚ ਕੇਵਲ ਤਿੰਨ ਸ਼ਬਦ ਇਸ ਸਿਰਲੇਖ ਹੇਠ

*੮੩੮ ਮ: ੧, ੧



Digitized by Panjab Digital Library | www.panjabdigilib.org

ਲਿਖੇ ਹਨ ਜਿਨ੍ਹਾਂ ਵਿਚ ਸੰਸਾਰਕ ਸੰਬੰਧਾਂ ਦੀ ਨਿਰਰਥਕਤਾ ਦਸਦਿਆਂ ਹੋਇਆਂ ਇਕ ਸੱਚੇ ਰਬ ਨਾਲ ਹੀ ਸੱਚਾ ਸੰਬੰਧ ਜੋੜਨ ਦੀ ਪ੍ਰੇਰਣਾ ਦਿੱਤੀ ਹੈ। ਇਹ ਗਲ ਰਹਸਵਾਦੀ ਢੰਗ ਨਾਲ ਦੱਸੀ ਹੈ। ਭਾਸ਼ਾ ਵਿਚ ਲਹਿੰਦੀ ਬੋਲੀ (ਮੁਲਤਾਨੀ) ਦੇ ਸ਼ਬਦਾਂ ਦਾ ਪ੍ਰਯੋਗ ਵਧੇਰੇ ਮਿਲਦਾ ਹੈ। ਗੁਰੂ ਅਰਜਨ ਨੇ ਭੀ ਸੂਹੀ ਰਾਗ ਵਿਚ ਦੋ ਸ਼ਬਦ ਇਸੇ ਸਿਰਲੇਖ ਹੇਠ ਲਿਖੇ ਹਨ। ਉਨ੍ਹਾਂ ਵਿਚ ਹਮੇਸ਼ਾ ਹੀ ਰਬ ਦੇ ਰੰਗ ਵਿਚ ਰੱਤੇ ਰਹਿਣ ਦਾ ਸੰਦੇਸ਼ ਦਿਤਾ ਹੈ। ਕਿਉਂਕਿ ਵੇਦ ਪੁਰਾਣ ਯੁਗਾਂ ਤੋਂ ਹੀ ਇਹੀ ਪੁਕਾਰ ਰਹੇ ਹਨ ਲੇਕਨ ਮਨ ਵਿਚ ਵਸਾਇਆਂ ਬਗੈਰ ਇਸ ਦੁਨੀਆਂ ਵਿਚ ਜੀਵ ਕੁਝ ਨਹੀਂ ਪਾ ਸਕਦਾ ਹੈ। ਇਸ ਲਈ ਰੱਬ ਨਾਲ ਧਿਆਨ ਲਾਉਣਾ ਚਾਹੀਦਾ ਹੈ।

## (੧੬) ਬਾਰਾਂ ਮਾਂਹਿ (ਪੰਨਾ ੧੧੦੭)

ਪਰੰਪਰਾਗਤ ਦ੍ਰਿਸ਼ਟੀ ਤੋਂ ਗੁਰੂ ਨਾਨਕ ਨੇ ਬਾਰਾਂ ਮਹੀਨਿਆਂ ਦਾ ਨਾਮ ਲੈ ਕੇ ਰਾਗ ਤੁਖਾਰੀ ਵਿਚ ਸਤਾਰਾਂ ਪਦਾਂ ਦੇ ਜਿਹੜੇ ਇਕੋ ਸ਼ਬਦ ਦਾ ਉਚਾਰਣ ਕੀਤਾ ਹੈ ਉਹ ਗੁਰੂ ਗ੍ਰੰਥਾਂ ਵਿਚ ਸਭ ਤੋਂ ਵਡਾ ਸ਼ਬਦ ਹੈ। ਸੰਪੂਰਣ ਜੀਵਨ ਨੂੰ ਭੀ ਬਾਰਾਂ ਮਹੀਨਿਆਂ ਵਿਚ ਵੰਡ ਦਿੱਤਾ ਹੈ ਜਿਵੇਂ ਜਿਵੇਂ ਮਹੀਨੇ ਬੀਤਦੇ ਜਾਦੇ ਹਨ ਤਿਵ ਤਿਵੇਂ ਮਾਇਆ ਧਾਰੀ ਜੀਵ ਜਮ ਦੇ ਨੇੜੇ ਪਹੁੰਚਦਾ ਜਾਂਦਾ ਹੈ। ਅਧਿਆਤਮਕ ਜੀਵ ਭਗਵੰਤ ਮਿਲਣ ਦੀ ਪੁਕਾਰ ਸੁਣ ਕੇ ਉਸ ਦਿਸ਼ਾ ਵਿਚ ਪ੍ਰਯਤਨਸ਼ੀਲ ਹੋ ਜਾਂਦਾ ਹੈ। ਇਸ ਲਈ ਸ਼ਾਇਦ ਇਹ ਠੀਕ ਹੋਵੇ ਕਿ ਮੌਤ ਤੋਂ ਪਹਿਲਾਂ ਗੁਰੂ ਨਾਨਕ ਨੇ ਭਗਵਾਨ ਦੇ ਦਰਸ਼ਨ ਕਰਦੇ ਹੋਏ ਆਪਣੀ ਅਨੁਭੂਤੀ ਦਾ ਇਨ੍ਹਾਂ ਅਖੀਰੀ ਸ਼ਬਦਾਂ ਵਿਚ ਹੀ ਵਰਣਨ ਕੀਤੇ ਹੋਵੇ। ਕਿਉਂਕਿ ਸਤਿ ਆਤਮਾਵਾਂ ਨੂੰ ਪਰਮਾਤਮਾ ਦੀ ਪੁਕਾਰ ਪਹਲਾਂ ਹੀ ਸੁਣਾਈ ਦੇ ਜਾਦੀ ਹੈ। ਸੰਖੇਪ ਵਿਚ ਵੈਰਾਗ ਉਤਪੰਨ ਕਰਨ ਵਾਲੀ ਇਹ ਉਹ ਬਾਣੀ ਹੈ ਜਿਸ ਵਿਚ ਪ੍ਰੇਮਕਾ (ਆਤਮਾ) ਪਰਮਾਤਮਾ ਦੇ ਵਿਯੋਗ ਨੂੰ ਨਾ ਸਹਿ ਕੇ ਉਸਨੂੰ ਮਿਲਣ ਲਈ ਅਧੀਰ ਹੀ ਨਹੀਂ ਗਤੀਸ਼ੀਲ ਭੀ ਹੈ। ਇਸ ਲਈ ਸੰਸਾਰ ਤੋਂ ਵੈਰਾਗੀ ਹੋਣ ਦੀ ਲੋੜ ਹੈ। ਇਹ ਵੈਰਾਗ ਸੰਸਾਰ ਛੱਡਣ ਵਿਚ ਨਹੀਂ, ਸੰਸਾਰ ਵਿਚ ਰਹਿ ਕੇ ਹੀ ਉਸ ਤੋਂ ਨਿਰਲੇਪ ਰਹਿਣ ਵਿਚ ਹੈ। ਪੰਜਵੇਂ ਗੁਰੂ ਨੇ ਭੀ ਰਾਗ ਮਾਝ ਵਿਚ ਚੌਦਾਂ ਸ਼ਬਦ ਇਸੇ ਸਿਰਲੇਖ ਹੇਠ ਲਿਖੇ ਹਨ।



Digitized by Panjab Digital Library | www.panjabdigilib.org

ਤੀਜੇ ਗੁਰੂ ਅਮਰਦਾਸ

(੧੭) ਪੱਟੀ ਆਸਾ (ਪੰਨਾ ੪੩੪ ਵੇਖੋ ਪੱਟੀ ਨਾਨਕ)

(੧੮) ਅਨੰਦ (ਪੰਨਾ ੯੧੭ ਆਂਤ੍ਰਿਕ ਅਹਲਾਦ)

ਇਹ ਬਾਣੀ ਤੀਜੇ ਗੁਰੂ ਅਮਰਦਾਸ ਦੇ ਆਪਣੇ ਪੋਤੇ ਅੰਗਦ ਦੇ ਜਨਮ ਤੇ ਉਚਾਰੀਆਂ ੪੪ ਪੌੜੀਆਂ ਦਾ ਸੰਗ੍ਰਹ ਹੈ। ਰਾਗ ਰਾਮਕਲੀ ਅਤੇ ਅੰਲ-ਕਾਰਕ ਭਾਸ਼ਾ ਵਿਚ ਲਿਖੀ ਗਈ ਇਹ ਰਚਨਾ ਗੁਰਬਾਣੀ ਦੀ ਮਹਤਤਾ ਦਸਦੀ ਹੈ। ਆਨੰਦ ਦਾ ਅਸਲੀ ਕਾਰਣ ਵਾਹਿਗੁਰੂ ਦੀ ਪ੍ਰਾਪਤੀ ਹੈ। "ਕਹੇ ਨਾਨਕ ਆਨੰਦ ਹੋਆ ਸਤਿਗੁਰੂ ਮੈਂ ਪਾਇਆ।" (੯੧੭ ਮ : ੭.੧)

ਤੇ ਅਨੰਦ ਦਾ ਗਿਆਨ ਹੁੰਦਾ ਹੈ ਗਰ ਦੁਆਰਾ "ਅਨੰਦ ਅਨੰਦ ਸਭ ਕੋ ਕਹੈ ਅਨੰਦ ਗੁਰੂ ਤੇ ਜਾਣਿਆ।" (੯੧੭ ਮ: ੩ ੭)

ਇਸ ਤਰ੍ਹਾਂ ਸਤਿਗੁਰੂ ਤੇ ਸਤਿਗੁਰੂ ਦੀ ਪ੍ਰਾਪਤੀ ਦਾ ਅਨੰਦ ਦੀ ਅਸਲ ਵਿਚ ਗੁਰਬਾਣੀ ਦੇ ਸੁਣਨ ਨਾਲ ਹੀ ਮਿਲ ਸਕਦਾ ਹੈ। ਇਸ ਲਈ ਆਵਹੁ ਸਿੱਖ ਸਤਿਗੁਰੂ ਕਿ ਪਿਆਰਿਉ ਗਾਵਹੁ ਸੱਚੀ ਬਾਣੀ। (੯੨੦ ਮ: ੩.੩) ਕਿਉਂਕਿ ਗੁਰਬਾਣੀ ਨੂੰ ਸੁਣਦਿਆਂ ਹੀ ਤਾਂ ਅਨਹਦ ਨਾ ਸੁਣਨ ਦੀ ਸ਼ਕਤੀ ਪੈਦਾ ਹੁੰਦੀ ਹੈ ਜਿਸਨੂੰ ਸੁਣਨ ਵਾਲੇ ਸੁਭਾਗ ਸ਼ਾਲੀ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

ਅਨੰਦ ਸੁਨਹੁ ਵਡ ਭਾਗੀਉ ਸਗਲ ਮਨੋਰਥ ਪੂਰੇ (੯੨੨. ੩. ੧੦) ਵਿਸ਼ੇਸ਼ ਪ੍ਰਸੰਨਤਾ ਦੇ ਵੇਲੇ ਇਸ ਬਾਣੀ ਦਾ ਪਾਠ ਹੁੰਦਾ ਹੈ।

ਚੌਥੇ ਗੁਰੂ ਰਾਮਦਾਸ: – ੧੯ ਪਹਿਰੇ (ਪੰਨਾ ੨੯ ਵੇਖੋ)

(ਪਹਿਲੇ ਗੁਰੂ ਨਾਨਕ)

(੨੦) ਵਣਜਾਰਾ (ਬਿਉਪਾਰੀ ਪੰਨਾ ੯੧)

ਰਾਗ ਮਾਝ ਦੀਆਂ ਇਨ੍ਹਾਂ ੬ ਪਉੜੀਆਂ ਤੇ ੬ ਸ਼ਲੋਕਾਂ ਵਿੱਚ ਨਾਮ ਦੇ ਵਪਾਰੀਆਂ ਨੂੰ ਹੀ ਜ਼ਿੰਦਗੀ ਵਿਚ ਸਫਲ ਦਸਿਆ ਹੈ। ਕਿਉਂ ਕਿ ਉਹ ਹੀ ਇਕ ਨਾਸ਼ ਰਹਿਤ ਸੰਪਤੀ ਹੈ। ਸੰਸਾਰਕ ਸੰਪਤੀ ਤਾਂ ਨਾਸ਼ਮਾਨ ਹੈ। ਇਸ ਲਈ ਉਹ ਵਪਾਰੀ ਭੀ ਨਸ਼ਟ ਨਹੀਂ ਹੋ ਸਕਦਾ ਹੈ 'ਮਨ ਹਰੀ ਜਪਨ ਕਰੋ।' ਇਹ ਕਹਿੰਦਿਆਂ ਹੋਇਆਂ ਨਾ, ਜਪਨ ਦਾ ਸੰਦੇਸ਼ ਦਿੱਤਾ ਹੈ।

੨੧ ਕਰਹਲੇ (ਊਠ ਪੰਨਾ ੨੩੪:)— ਰਾਗ ਗਉੜੀ ਵਿਚ ਮਿਲਣ



Digitized by Panjab Digital Library | www.panjabdigilib.org

ਵਾਲੇ ਇਨ੍ਹਾਂ ਦੋ ਸ਼ਬਦਾਂ ਵਿਚ ਚੰਚਲ ਮਨ ਨੂੰ ਰਾਹ ਜਾਂਦੇ ਇਧਰ ਉਧਰ ਮੂੰਹ ਮਾਰਨ ਵਾਲੇ ਊਠ ਵਾਂਗ ਦਸਿਆ ਹੈ। ਊਠ ਦੀ ਲੰਮੀ ਗਰਦਨ ਵਾਂਗ ਹੀ ਮਨ ਦੀਆਂ ਬੇਅੰਤ ਇਛਾਵਾਂ ਮਨੁੱਖ ਨੂੰ ਇਧਰ ਉਧਰ ਭਟਕਾ ਕੇ ਉਸ ਦੇ ਦੁਖ ਦਾ ਕਾਰਣ ਬਣਦੀਆਂ ਹਨ। ਆਮ ਤੌਰ ਤੇ ਹਰੇਕ ਸ਼ਬਦ ਵਿਚ 'ਮਨ ਕਰਹਲੇ'। ਸੰਬੋਧਨ ਕਰਕੇ ਉਸਨੂੰ ਚੇਤਾਵਨੀ ਦਿੱਤੀ ਹੈ। ਰਾਜਸਥਾਨ ਦਾ ਇਹ ਪ੍ਰਿਯ ਰਾਗ ਹੈ। ਨਾਮਦੇਵ ਨੇ ਭੀ ਜਲ ਦੇ ਪਿਆਸੇ ਮਾਰਵਾੜ ਨੂੰ ਇਸੇ ਤਰ੍ਹਾਂ ਯਾਦ ਕੀਤਾ ਹੈ।

੨੨ ਘੋੜੀਆਂ (ਪੰਨਾ ੫੭੪)

ਰਾਗ ਵਡਹੰਸ ਵਿਚ ਬਿਆਨੇ ਇਨ੍ਹਾਂ ਦੋ ਸ਼ਬਦਾਂ ਵਿਚ ਸ਼ਰੀਰ ਨੂੰ ਘੋੜੀ ਦਸਿਆ ਗਇਆ ਹੈ। ਕਿਉਂ ਕਿ ਆਤਮਾ ਨੂੰ ਪਰਮਾਤਮਾ ਕੋਲ ਲੈ ਜਾਣ ਲਈ ਤੇ ਭਵ ਸਾਗਰ ਨੂੰ ਪਾਰ ਕਰਨ ਲਈ ਉਸਦੀ ਲੋੜ ਹੈ। ਇਹ ਅਧਿਆਤਮਕ ਵਿਵਹਾਰ ਹੀ ਪ੍ਰਗਤੀ ਦਾ ਸੂਚਕ ਹੈ। ਤੇਜਵ ਸ਼ਬਦ ਦਾ ਭੀ ਇਸੇ ਅਰਥ ਵਿਚ ਵਧੇਰੇ ਪ੍ਰਯੋਗ ਮਿਲਦਾ ਹੈ। ਵਿਵਾਹ ਤੋਂ ਪਹਿਲਾਂ (ਘੋੜੀ ਦੇ ਵੇਲੇ ਹੀ) ਇਹ ਦਾ ਗਾਇਣ ਹੁੰਦਾ ਹੈ।

(੨੩) ਰਾਇਸ (ਪੰਨਾ ੭੨੫ ਵੇਖੋ ਰਾਇਸ ਗੁਰੂ ਨਾਨਕ)

(੨੪) ਲਾਵਾਂ (ਪੰਨਾ ੭੭੩)

ਰਾਗ ਸੂਹੀ ਵਿਚ ਚੌਥੇ ਗੁਰੂ ਰਾਮ ਦਾਸ ਨੇ ਉਨ੍ਹਾਂ ਚਾਰ ਸ਼ਬਦਾਂ ਦਾ ਸੰਗਰਹਿ ਜਿਨ੍ਹਾਂ ਵਿਚ ਪ੍ਰਵਿਰਤੀ ਮਾਰਗੀ ਜੀਵ ਦੇ ਸਾਰੇ ਜੀਵਨ ਦਾ ਵਰਣਨ ਮਿਲਦਾ ਹੈ। ਵਿਆਹ ਵੇਲੇ ਉਚਾਰਣ ਕੀਤੀ ਹੋਈ ਇਹ ਬਾਣੀ ਵਿਆਹ ਦਾ ਆਦਰਸ਼ ਦੱਸਦੀ ਹੈ। ਪਤੀ ਦੇ ਪਤਨੀ ਦੇ ਮਿਲਣ ਨੂੰ ਪਰਮਾਤਮਾ ਤੇ ਆਤਮਾ ਦੇ ਉਦਾਹਰਣ ਤੋਂ ਸਪਸ਼ਟ ਕੀਤਾ ਹੈ।

'ਹਰਿ ਪਾਇਆ ਪ੍ਰਭੂ ਅਵਨਾਸ਼ੀ' ਇਨ੍ਹਾਂ ਚਾਰਾਂ ਪਦਾਂ ਦੇ ਉਚਾਰਣ ਨਾਲ ਹੀ, ਹਰੇਕ ਸਿੱਖ ਦੇ ਵਿਆਹ ਵੇਲੇ ਚਾਰ ਫੇਰੇ ਲੈ ਜਾਂਦੇ ਹਨ ਤਾਂ ਹੀ ਪਤੀ ਪਤਨੀ ਦਾ ਵਿਆਹ ਸੰਪੂਰਣ ਸਮਝਿਆ ਜਾਂਦਾ ਹੈ।

**ਪੰਜਵੇਂ ਗੁਰੂ ਅਰਜਨ ਦੇਵ** :–(੨੫) ਪੰਨਾ ੭੭ ਵੇਖੋ ਗੁਰੂ ਨਾਨਕ ਬਾਰੇ ਪਹਿਰੇ (ਗੁਰੂ ਅਰਜਨ)

(੨੬) ਬਾਰਾਂ ਮਾਹਿ (ਪੰਨਾ ੧੧੭) ਵੇਖੋ ਬਾਰਾ ਮਾਹਿ ਗੁਰੂ ਨਾਨਕ



Digitized by Panjab Digital Library | www.panjabdigilib.org

(੨੭) ਦਿਨ ਰੈਨੀ (ਪੰਨਾ ੧੩੬)

ਰਾਗ ਮਾਝ ਵਿਚਲੇ ਇਸ ਸ਼ਬਦ ਵਿਚ ਜ਼ਿੰਦਗੀ ਦੇ ਦੋਵੇਂ ਭਾਗਾਂ ਦਿਨ (ਸੁਖ) ਅਤੇ ਰਾਤ (ਦੁੱਖ) ਵਿਚ ਰਬ ਨੂੰ ਨਾ ਭੁਲਾਉਣ ਦਾ ਸੰਦੇਸ਼ ਦਿੱਤਾ ਹੈ ਕਿਉਂਕਿ 'ਦਿਨੁ ਰੈਣੀ ਜਿ ਪ੍ਰਭੂ ਕਉ ਸੇਵ ਦੇ ਤਿਨ ਕੈ ਸਦ ਬਲਿਹਾਰ'। ਹਮੇਸਾ ਰੱਬ ਦਾ ਨਾਉ ਲੈਣ ਵਾਲਾ ਹੀ ਸੁਭਾਗਸ਼ਾਲੀ ਹੈ।

**੨੮ ਬਾਵਣ ਅਖਰੀ** (ਪੰਨਾ ੨੫੦) ਵੇਖੋ ਪੱਟੀ ਗੁਰੂ ਨਾਨਕ

**੨੯** ਸੁਖਮਨੀ (ਪੰਨਾ ੨੬੨)

ਅਸ਼ਟਪਦੀਆਂ ਸੁਖਾਂ ਦੀਆ ਮਣੀਆਂ ਹੋਣ ਕਰਕੇ ਪੰਜਵੇਂ ਗੁਰੂ ਦੀਆਂ ਰਾਗ ਗਉੜੀ ਵਿਚ ਆਈਆਂ ੨੪ ਅਸ਼ਟਪਦੀਆ ਦੇ ਵਿਚਾਰ ਦਾ ਸਾਰ ਦਿੱਤਾ ਹੋਇਆ ਹੈ। ਇਸ ਬਾਣੀ ਵਿਚ ਸਪੱਸ਼ਟ ਤੌਰ ਤੇ ਬ੍ਰਹਮ ਦੀ ਕਿਰਪਾ ਦੀ ਅਨੁਭੂਤੀ ਤੇ ਉਸ ਦੀ ਵਡਿਆਈ ਨੂੰ ਪ੍ਰਗਟਾਇਆ ਗਇਆ ਹੈ। "ਤਾ ਕਿ ਮਹਿਮਾ ਗਨਿ ਨਾ ਜਾਵੇ"। ਉਸ ਦੀ ਮਹਿਮਾ ਦਾ ਤਾਂ ਕੋਈ ਅੰਤ ਨਹੀਂ ਹੈ।* ਜੀਵ ਦੇ ਵਿਕਾਸ ਵਿਚ ਬ੍ਰਹਮ ਦਾ ਅਪਾਰ ਕਿਰਪਾ ਦਾ ਵੱਡਾ ਥਾਂ ਹੈ। ਇਸ ਲਈ ਉਸ ਨੂੰ ਅਨੁਭਵ ਕਰਨ ਦੀ ਲੋੜ ਹੈ। ਇਹ ਅਨੁਭਵ ਉਸ ਸਤਿਸੰਗਤ ਤੋਂ ਹੀ ਹੋ ਸਕਦਾ ਹੈ। ਜਿਹੜੀ ਸਤਿਸੰਗਤ ਸਤਿਗੁਰੂ ਦਾ ਅਨੁਭਵ ਪ੍ਰਾਪਤ ਕਰ ਚੁੱਕੀ ਹੁੰਦੀ ਹੈ। ਸਿਮਰਣ ਦਾ ਵਿਸੇਸ਼ ਮਹੱਤਵ **ਇਸ** ਬਾਣੀ ਦਾ ਆਰੰਭ ਹੀ ਇਸ ਤੋਂ ਹੁੰਦਾ ਹੈ।

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ†

ਇਸ ਲਈ ਇਸਦਾ ਮਹੱਤਵ ਦਸਦੇ ਹੋਏ ਕਹਿਆ ਹੈ:—

"ਸੁਖਮਣੀ ਸੁਖ ਅੰਮ੍ਰਿਤ ਪ੍ਰਭ ਨਾਮ"
ਭਗਤ ਜਨਾਂ ਕੇ ਮਨ ਬਿਸਰਾਮੁ‡

ਨਾਮ ਰੂਪੀ ਅੰਮ੍ਰਿਤ ਹੀ ਭਗਤ ਜਨਾਂ ਦੇ ਮਨ ਨੂੰ ਸ਼ਾਂਤੀ ਦੇ ਸਕਦਾ ਹੈ ਹਰ ਇਕ ਅਸ਼ਟਪਦੀ ਵਿਚ ੮ ਪਦ ਹਨ। ਇਸ ਤਰ੍ਹਾਂ ਸੁਖਮਣੀ ਦੇ ੨੪੦੦ ਸ਼ਬਦਾਂ ਦਾ ਪਰਾਤਾ ਕਾਲ ਹੀ ਪਾਠ ਕਰਨ ਨਾਲ ਦਿਨ ਰਾਤ ਦੇ

*੨੬੨, ਮ: ੫. ੧.

†੨੬੨. ਮ: ੫. ੧

‡੨੬੨. ਮ: ੫,੧.



Digitized by Panjab Digital Library | www.panjabdigilib.org

੨੪ ਘੰਟੇ ਸ਼ਾਂਤੀ ਅਤੇ ਅਨੰਦ ਪੂਰਵਕ ਬੀਤਦੇ ਹਨ। ਸਿੱਖ ਧਰਮ ਦੀ ਇਹ ਮਹਾਨਤਾ ਇਸ ਬਾਣੀ ਦਾ ਮਹੱਤਵ ਰਖਦੀ ਹੈ।

(੩੦) ਥਿਤੀ ਪੰਨਾ ੨੯੬ (ਵੇਖੋ ਥਿਤੀ ਗੁਰੂ ਨਾਨਕ)

### ੩੧ ਬਿਰਹੜੇ (ਪੰਨਾ ੪੩੧)

ਰਾਗ ਆਸਾ ਵਿਚਲੇ ਇਨ੍ਹਾਂ ਤਿੰਨ ਸ਼ਬਦਾਂ ਵਿਚ ਭਗਵੰਤ ਮਿਲਣ ਦੀ ਤਿੱਖੀ ਚਾਹ ਦੇ ਦਰਸ਼ਨ ਹੁੰਦੇ ਹਨ। ਜਿਹੜੀ ਵਿਯੋਗ ਕਰਕੇ ਹੀ ਦਿਸਦੀ ਹੈ। ਕਿਉਂਕਿ ਜੀਵ ਨੂੰ ਇਸ ਗਲ ਦਾ ਪਤਾ ਲਗ ਗਇਆ ਹੈ ਕਿ'

"ਹਰਿ ਰਸ ਜਿਨੀ ਚਾਖਿਆ, ਪਿਆਰੇ ਤ੍ਰਿਪਤ ਰਹਿ ਆਘਾਏ"‡

**੩੨ ਵਾਰ ਜੈ ਤਸਰੀ** :—(ਪੰਨਾ ੭੦੬) ਇਹ ਪੰਜਵੇਂ ਗੁਰੂ ਦੀ ਰਚਨਾ ਹੈ। ਮਾਇਆ ਤੇ ਸੰਸਾਰ ਦਾ ਮੋਹ ਤਿਆਗ ਕੇ ਵੈਰਾਗ ਦੇ ਭਾਵ ਨੂੰ ਪੈਦਾ ਕਰਕੇ ਇਕ ਮਾਤਰ ਹਰੀ ਨਾਮ ਵਿਚ ਮਨ ਨੂੰ ਲਾਉਣਾ ਚਾਹੀਦਾ ਹੈ। ਇਹੀ ਇਸਦੇ ਉਪਦੇਸ਼ ਦਾ ਸਾਰ ਹੈ। ਇਸ ਬਾਣੀ ਦਾ ਮਹੱਤਵ ਵਿਚਾਰਧਾਰਾ ਦੇ ਨਾਲ ਨਾਲ ਅਭਿਵਿਅੰਜਣਾ ਦੇ ਪੱਖ ਨੂੰ ਹੋਰ ਵਧਾ ਦਿੱਤਾ ਹੈ। ਇਸ ਵਿਚ ਕੇਵਲ ੨੦ ਸ਼ਲੋਕ ਤੇ ੨੦ ਪਉੜੀਆਂ ਹਨ। ਇਕ ਹੀ ਵਿਚਾਰ ਨੂੰ ਸ਼ਲੋਕ ਦੀ ਪਹਲੀ ਪੰਗਤੀ ਵਿਚ ਪੂਰਬੀ ਬੋਲੀ (ਹਿੰਦੀ) ਵਿਚ ਲਿਖਿਆ ਹੈ। ਸ਼ਲੋਕ ਦੀ ਦੂਜੀ ਪੰਗਤੀ ਵਿਚ ਇਸੇ ਵਿਚਾਰ ਨੂੰ ਲਹਿੰਦਾ ਵਿਚ ਪ੍ਰਗਟਾਇਆ ਹੈ। ਤੇ ਪਉੜੀ ਵਿਚ ਇਥੇ ਦੇ ਜਨ ਸਾਧਾਰਣ ਦੀ ਭਾਸ਼ਾ ਆਪਣੀ ਬੋਲੀ ਪੰਜਾਬੀ ਵਿਚ ਗੁਰੂ ਅਰਜਨ ਨੇ ਉਸੇ ਵਿਚਾਰ ਦੀ ਵਿਆਖਿਆ ਕੀਤੀ ਹੈ। ਇਸ ਤੋਂ ਇਹ ਸਪੱਸ਼ਟ ਪਤਾ ਲੱਗਦਾ ਹੈ ਕਿ ਦੂਜੀਆਂ ਭਾਸ਼ਾਵਾਂ ਦਾ ਗਿਆਨ ਹੁੰਦਿਆਂ ਹੋਇਆ ਭੀ ਉਨ੍ਹਾਂ ਨੇ ਇਥੋਂ ਦੇ ਜਣ-ਸਾਧਾਰਣ ਨੂੰ ਭੀ ਆਪਣੇ ਵਿਚਾਰਾਂ ਦੇ ਪ੍ਰਗਟਾਉ ਦਾ ਮਾਧਿਅਮ ਬਣਾਇਆ ਹੈ। ਪਹਿਲਾਂ ਕਦੇ ਕਦੇ ਇਸ ਬਾਣੀ ਦਾ ਮੌਤ ਵੇਲੇ ਪਾਠ ਹੁੰਦਾ ਸੀ ਪਰੰਤੂ ਹੁਣ ਇਹ ਰਿਵਾਜ ਨਹੀਂ ਰਹਿਆ।

੩੩. ਕਾਫੀ ਪੰਨਾ ੭੦੬ (ਵੇਖੋ ਕਾਫੀ ਗੁਰੂ ਨਾਨਕ)

੩੪, ਗੁਣਵੰਤੀ (੭੬੨) ਵੇਖੋ ਸਚੁੱਜੀ ਗੁਰੂ ਨਾਨਕ।

‡੨੬੨. ਮ: ੫.੧.



Digitized by Panjab Digital Library | www.panjabdigilib.org

੩੫. ਰੁਤੀ (ਪ: ੯੨) ਰਾਗ ਰਾਮ ਕਲੀ ਵਿਚ ੧੬ ਸ਼ਲੋਕ ਛੰਤਾ ਵਿਚ ਛੇ ਰੁਤੀਆਂ ਨੂੰ ਹੀ ਜੀਵਨ ਦਾ ਹਿੱਸਾ ਬਣਾ ਕੇ ਭਗਵੰਤ ਮਿਲਣ ਲਈ ਜ਼ਿੰਦਗੀ ਦੀ ਕਿਸੇ ਭੀ ਅਵਸਥਾ ਵਿਚ ਨਾਮ ਸਿਮਰਣ ਤੋਂ ਬਗੈਰ ਨਹੀਂ ਰਹਿਣਾ ਚਾਹੀਦਾ ਹੈ। ਇਹ ਦਰਸਾਇਆ ਹੈ ਕਿਉਂਕਿ ਨਾਂ ਦੇ ਬਗੈਰ ਰਹਿਣਾ ਜ਼ਿੰਦਗੀ ਦੀ ਬੇਕਾਰੀ ਹੈ।

**੩੬ ਅੰਜਲੀਆਂ** ਦੋਹਾਂ ਹਥਾਂ ਦੀ ਚੁਲੀ ੨੧ ੧੦ ੧੯)

ਰਾਗ ਮਾਰੂ ਵਿਚ ਬਿਆਨੇ ਹੋਏ ਦੋ ਚੌਪਦੇ ਤੇ ਦੋ ਅਸ਼ਟ ਪਦੀਆਂ ਵਿਚ ਧਨਵਾਨ ਤੇ ਨਿਰਧਨ ਦੋਨਾਂ ਨੂੰ ਹੀ ਚਿੰਤਾ-ਗ੍ਰਸਤ ਦਸਦੇ ਹੋਏ ਭਗਵਾਨ ਤੋਂ ਹੱਥ ਜੋੜ ਕੇ ਕੇਵਲ ਬੇਨਤੀ ਪੂਰਵਕ ਅੰਮ੍ਰਿਤ ਨਾਮ (ਅੰਮ੍ਰਿਤ ਨਾਮ ਦਾਨੁ) ਦੀ ਪ੍ਰਾਰਥਨਾ ਕੀਤੀ ਗਈ ਹੈ।

੩੭ ਰਹਿਰਾਸ (ਪੰਨਾ ੮)—ਇਸ ਵਿਚ ਸੋਦਰ ਤੇ ਸੋਪੁਰਖਿ ਦੀ ਬਾਣੀ ਸੰਗ੍ਰਹਤ ਹੈ। ਵਿਸ਼ੇਸ਼ ਵਿਵਰਣ ਵੇਖੋ ਤੀਜਾ ਅਧਿਆਏ ਸੋਪੁਰਖ)

**ਕਬੀਰ :—ਬਾਵਨ ਅੱਖਰੀ :—**੩੪੦ ਵੇਖੋ ਪੱਟੀ ਗੁਰੂ ਨਾਨਕ)

**੩੯ :—**ਪੰਨਾ: ੩੪੩ ਵਖੋ ਥਿਤੀ ਗੁਰੂ ਨਾਨਕ)

੪੦ :—ਵਾਰ (ਪ: ੩੪੪) ਰਾਗ ਗਉੜੀ ਵਿਚ ਬਿਆਨੇ ਹੋਏ ਇਨ੍ਹਾਂ ੮ ਸ਼ਬਦਾਂ ਭਿਚ ਸੱਤਾਂ ਵਾਰਾਂ ਦੇ ਨਾਉ ਦੇ ਆਧਾਰ ਤੇ ਹਰ ਇਕ ਦਿਨ ਹੀ ਰੱਬ ਦਾ ਨਾਉ ਲੈਣਾ ਚਾਹੀਦਾ ਹੈ, ਇਹ ਦਸਿਆ ਹੈ। ਕੁਝ ਦਿਨ ਅੰਤਰ ਰਸ ਨੂੰ ਅਨੁਭਵ ਕਰਨਾ ਚਾਹੀਦਾ ਹੈ। ਤੇ ਹਮੇਸ਼ਾ ਹੀ ਉਸਦੇ ਰਸ ਨੂੰ ਪ੍ਰਾਪਤ ਕਰਨ ਲਈ ਭਗਤੀ ਕਰਨ ਪ੍ਰਤਿ ਜੀਵ ਨੂੰ ਪ੍ਰੇਰਿਆ ਗਇਆ ਹੈ।

**੪੧ ਆਰਤੀ :—**੧ ਪੰਨਾ ੧੩੫੦ ਵੇਖੋ ਆਰਤੀ ਗੁਰੂ ਨਾਨਕ।

੪੨ :—ਮਰਦਾਨੇ ਦੇ ਸ਼ਬਦ (ਪੰਨਾ ੫੫੩)*

ਬਿਹਾਗੜੇ ਦੀ ਵਾਰ ਮਹਲਾ ੪ ਦੇ ਵਧੇਰੇ ਸ਼ਬਦਾਂ ਵਿਚ ਮਹਲਾ ੩ ਦੇ ਭੀ ਸ਼ਬਦ ਮਿਲਦੇ ਹਨ ਤੇ ਤਿੰਨ ਸ਼ਬਦ ਭਾਈ ਮਰਦਾਨੇ ਦੇ ਭੀ ਮਿਲਦੇ

---

*ਗੁਰੂ ਨਾਨਕ ਭਾਈ ਮਰਦਾਨੇ ਵਲੋਂ ਲਿਖਦੇ ਹਨ। ਸ਼ਬਦਾਰਥ ਪ: ੫੫੩ ਲੇਕਨ ਸਪਸ਼ਟ ਤੌਰ ਤੇ ਇਹ ਸ਼ਬਦ ਮਰਦਾਨੇ ਦੇ ਉਚਾਰੇ ਹੋਏ ਪ੍ਰਤੀਤ ਹੁੰਦੇ ਹਨ।



Digitized by Panjab Digital Library | www.panjabdigilib.org

ਹਨ। ਸੰਸਾਰਕ ਮਾਇਆ ਵਿਚ ਗ੍ਰਹਸਤ ਪਾਪੀ ਇਕ ਸਰਾਂਬੀ ਹੈ ਤੇ ਨਾਮ ਦੇ ਅੰਮ੍ਰਿਤ ਨੂੰ ਪੀਕੇ ਮਸਤ ਦੂਜਾ ਸ਼ਰਾਬੀ ਹੈ। ਦੋਨਾਂ ਨੂੰ ਹੀ ਸ਼ਰਾਬ ਦੇ ਅੰਲਕਾਰ ਵਿਚ ਗੁੰਦ ਕੇ ਸਾਡੇ ਸਾਹਮਣੇ ਰਖਿਆ ਹੈ। ਗੁਰੂ ਗ੍ਰੰਥ ਵਿਚ ਕੇਵਲ ਇਨ੍ਹਾਂ ਦੇ ਹੀ ਤਿੰਨ ਸ਼ਬਦ ਮਿਲਦੇ ਹਨ। ਇਨ੍ਹਾਂ ਵਿਚ ਹੀ ਇਨ੍ਹਾਂ ਦੀ ਕਲਾ ਉਤਰ ਆਈ ਹੈ।

**੪੩ ਸੁੰਦਰ ਦੇ ਸੱਦ :—**(ਪੰਨਾ ੯੧੩)

ਰੱਬ ਦੀ ਪੁਕਾਰ ਸੁਣ ਕੇ ਤੀਜੇ ਗੁਰੂ ਅਮਰਦਾਸ ਨੇ ਸੁੰਦਰ ਨੂੰ ਜਿਹੜਾ ਉਪਦੇਸ਼ ਦਿੱਤਾ ਉਹੀ ਸੁੰਦਰ ਦੇ ਮੂੰਹੋਂ ਕਹਿਲਾਇਆ ਹੈ। ਜੋ ਕਿ ਰਾਗ ਰਾਮ ਕਲੀ ਦੇ ਸ਼ਬਦਾਂ ਵਿਚ ਮਿਲ ਦਾ ਹੈ।ਅਸਲ ਵਿਚ ਇਹ ਰਚਨਾ ਸੁੰਦਰ ਦੀ ਹੈ ਲੇਕਨ ਭਾਵ ਗੁਰੂ ਦਾ। ਜਿਨ੍ਹਾਂ ਨੇ ਇਸ ਵਿਚ ਇਹ ਦਸਿਆ ਹੈ ਕਿ ਮਰਨ ਮਗਰੋਂ ਕੀ ਕਰਨਾ ਚਾਹੀਦਾ ਹੈ। ਅਤੇ ਸਤਿਗੁਰੂ ਬੋਲਿਆ ਮੈ ਪਿਛੇ ਕੀਰਤਨ ਕਰੀ ਆਦਿ ਨਿਰਬਾਣ ਜਿਨ੍ਹੀ ਸੰਸਾਰ ਨੂੰ ਅਮਰ ਦਸਦਿਆਂ ਹੋਇਆ ਮਾਇਆ ਤੋਂ ਬਚਨਾ ਚਾਹੀਦਾ ਹੈ ਤੇ ਮੌਤ ਨੂੰ ਵੇਖਕੇ ਰੋਣਾ ਨਹੀਂ ਚਾਹੀਦਾ। ਸਗੋਂ ਧੀਰਜ ਪੂਰਵਕ ਕੀਰਤਨ ਨਾਲ ਮਨ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਮੌਤ ਦੇ ਵੇਲੇ ਹੀ ਇਸ ਬਾਣੀ ਦਾ ਪਾਠ ਹੁੰਦਾਂ ਹੈ। ਸੁੰਦਰ ਦੇ ਗੁਰੂ ਗ੍ਰੰਥ ਵਿਚ ਕੇਵਲ ਇਹੋ ਸ਼ਬਦ ਮਿਲਦੇ ਹਨ।

**੪੪. ਸੱਤਾ ਤੇ ਬਲਵੰਡ ਦੀ ਵਾਰ— (ਪੰਨਾ ੯੬੬)** ਗੁਰੂਉਤੇ ਇਤਨਾ ਮਾਣ ਹੁੰਦਾ ਹੈ ਕਿ ਜਦ ਚਾਹੋ ਉਸਦੀ ਸ਼ਰਨ ਵਿਚ ਚਲੇ ਜਾਉ। ਖਿਮਾ ਤੇ ਦਇਆ ਦੇ ਗੁਣਾਂ ਨਾਲ ਭਰਪੂਰ ਉਸਦਾ ਵਿਸ਼ਾਲ ਹਿਰਦੈ ਹਮੇਸ਼ਾ ਹੀ ਹਰ ਇਕ ਨੂੰ ਸ਼ਰਣ ਦੇਣ ਲਈ ਖੁੱਲ੍ਹਾ ਰਹਿੰਦਾ ਹੈ। ਰਾਗ ਰਾਮਕਲੀ ਦੀ ਵਾਰ ਵਿਚਲੇ ਅਠ ਸਬਦਾਂ ਵਿਚ ਦੋਨਾਂ ਰਾਗੀਆਂ ਨੇ ਧਨ ਲੋਭ ਵਿਚ ਆਕੇ ਗੁਰੂ ਪੁਤਰੀ ਦੇ ਵਿਆਹ ਤੇ ਨਾ ਜਾਣ ਦੀ ਜਿਹੜੀ ਗਲਤੀ ਕੀਤੀ ਉਹਦੇ ਲਈ ਗੁਰੂ ਤੋਂ ਖਿਮਾ ਮੰਗਦੇ ਹਨ। ਇਸ ਤਰ੍ਹਾਂ ਆਪਣੇ ਅਪਵਿੱਤਰ ਮਨ ਨੂੰ ਪਵਿਤਰ ਕੀਤਾ ਹੈ।

ਇਸ ਤਰ੍ਹਾਂ ਸੰਖੇਪ ਵਿਚ ਗੁਰੂ ਗ੍ਰੰਥ ਵਿਚ ਸਾਰੀਆਂ ਵਿਸ਼ੇਸ਼ ਬਾਣੀਆਂ ਦਾ ਪਰਿਚਯ ਦਿੱਤਾ ਹੈ। ਹੁਣ ਕੁਝ ਵਿਸ਼ੇਸ਼ ਸ਼ਬਦਾਂ ਦਾ ਭੀ ਪਰਿਚਯ ਕਰਾਉਣਾ ਜ਼ਰੂਰੀ ਹੈ।



Digitized by Panjab Digital Library | www.panjabdigilib.org

**ਵਿਸ਼ੇਸ਼ ਸ਼ਬਦਾਂ ਦਾ ਪਰਿਚਯ :**—ਸ਼ਬਦ ਜਿਥੇ ਭਾਸ਼ਾ ਦੇ ਪ੍ਰਾਣ ਹੁੰਦੇ ਹਨ ਉਥੇ ਭਾਵ ਦੀ ਅਭਿਵਿਅੰਜਣਾ ਦੇ ਭੀ ਚੰਗੇ ਸਾਧਨ ਹਨ। ਜੀਵ ਤਰ੍ਹਾਂ ਹੀ ਹਰੇਕ ਸ਼ਬਦ ਦੀ ਆਪਣੀ ਇਕ ਆਤਮਾ ਹੁੰਦੀ ਹੈ। ਅੰਤਰਾਤਮਾ ਵਿਚ ਹੀ ਉਸਦਾ ਮਹਤਵ ਹੁੰਦਾ ਹੈ। ਜਦ ਤੀਕ ਸਾਨੂੰ ਕਿਸੇ ਸ਼ਬਦ ਦੀ ਆਤਮਾ ਦਾ ਗਿਆਨ ਨਹੀਂ ਹੁੰਦਾ ਨਾ ਹੀ ਅਸੀਂ ਉਸਦੀ ਚੰਗੀ ਵਰਤੋਂ ਹੀ ਕਰ ਸਕਦੇ ਹਾਂ ਤੇ ਨਾ ਹੀ ਉਸ ਦੁਆਰਾ ਕਿਸੇ ਦਾ ਠੀਕ ਗਿਆਨ ਭੀ ਪਾ ਸਕਦੇ ਹਾਂ ਕਿਉਂ ਕਿ ਹਰ ਇਕ ਸ਼ਬਦ ਦਾ ਆਪਣਾ ਭਾਵ ਹੁੰਦਾ ਹੈ ਤੇ ਇਸੇ ਲਈ ਭਾਸ਼ਾ ਵਿਚ ਉਸਦੀ ਆਪਣੀ ਵਿਸ਼ੇਸ਼ ਥਾਂ ਹੁੰਦੀ ਹੈ। ਦੂਜੀ ਗੱਲ ਇਹ ਭੀ ਹੈ ਕਿ ਹੋਰ ਸ਼ਬਦਾਂ ਦੇ ਅਰਥ ਦੀ ਦ੍ਰਿਸ਼ਟੀ ਤੋਂ ਹੋਰ ਸ਼ਬਦ ਭੀ ਮਿਲ ਜਾਂਦੇ ਹਨ। ਲੇਕਨ ਉਸੇ ਭਾਵ ਨੂੰ ਦੱਸਣ ਲਈ ਆਮ ਤੌਰ ਤੇ ਉਹੀ ਸ਼ਬਦ ਨਹੀਂ ਮਿਲਦੇ। ਰਵੀ ਵਿਚ ਸੂਰਜ ਦੀ ਤੇਜ਼ੀ ਤੇ ਸੂਰਜ ਵਿਚ ਰਵੀ ਦੀ ਪਰਾਤਾ ਕਾਲੀਨ ਤਾਲਮਾ ਨਹੀਂ ਮਿਲਦੀ। ਜਿਸ ਤਰ੍ਹਾਂ ਹਰ ਇਕ ਸ਼ਰੀਰ ਵਿਚ ਇੰਦਰੀਆਂ ਦਾ ਆਪਣਾ ਵਿਸ਼ੇਸ਼ ਥਾਂ ਹੈ ਉਸੇ ਤਰ੍ਹਾਂ ਹਰ ਇਕ ਪੁਸਤਕ ਵਿਚ ਕੁਝ ਵਿਸ਼ੇਸ਼ ਸ਼ਬਦਾਂ ਦਾ। ਇਹ ਦ੍ਰਿਸ਼ਟੀਕੋਣ ਲੈ ਕੇ ਗੁਰੂ ਗ੍ਰੰਥ ਵਿਚ ਵਿਸ਼ੇਸ਼ ਅਰਥਾਂ ਵਿਚ ਵਰਤੇ ਗਏ ਕੁਝ ਵਿਸ਼ੇਸ਼ ਸ਼ਬਦਾਂ ਦਾ ਪਰਿਚਯ ਕਰਾਇਆ ਜਾਂਦਾ ਹੈ।

੧. **ਵਾਹਿਗੁਰੂ:**—ਸਿਖ ਧਰਮ ਵਿਚ ਬ੍ਰਹਮ ਦਾ ਸਭ ਤੋਂ ਪਿਆਰਾ ਨਾਮ ਇਹੋ ਹੈ। ਗੁਰੂ ਗ੍ਰੰਥ ਵਿਚ ਗੁਰੂਆਂ ਨੇ ਇਸਦੀ ਵਰਤੋਂ ਕਿਧਰੇ ਨਹੀਂ ਕੀਤੀ। ਭਟਾ ਦੇ ਸਵੱਈਏ ਸਿਰਲੇਖ ਹੇਠ ਮਹਲੇ ਦੇ ਗੁਣ ਗਾਉਣ ਵਿਚ 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' ਵਾਹਿ ਜੀਓ' ਵਰਤਿਆ ਹੈ ਅਤੇ ਸਭ ਤੋਂ ਪਹਲਾਂ ਇਥੇ ਹੀ ਇਸਦੀ ਵਰਤੋਂ ਮਿਲਦੀ ਹੈ। (ਪੰਨਾ ੧੪੪੨)

੨. **ਅਕਾਲ ਪੁਰਖ:** - ਇਹ ਭੀ ਰੱਬ ਦੇ ਨਾਉਂ ਦਾ ਸੂਚਕ ਸਿੱਖ ਧਰਮ ਦਾ ਪਿਆਰਾ ਲਫ਼ਜ਼ ਹੈ। ਇਸ ਵਿਚ ਬ੍ਰਹਮ ਦੇ ਦੋ ਗੁਣਾਂ ਦਾ ਅਕਾਲ, ਸਮੇਂ ਦੀ ਸੀਮਾ ਤੋਂ ਪਰੇ ਤੇ ਪੁਰਖ ਆਪੇ ਹੀ ਸ਼ਭ ਥਾਂ ਤੇ ਹੋਣ ਕਰਕੇ ਸਰਬ ਵਿਆਪਕ ਕਹਿਆ ਗਇਆ ਹੈ। ਲੇਕਨ ਪ੍ਰਿ (ਸੰਪੂਰਣ) ਵਿਚ ਪੁਰਸ਼ ਦੀ ਉਤਪਤੀ ਨੂੰ ਮੰਨਦਿਆਂ ਇਸਦਾ ਸਰਬ ਵਿਆਪਕ ਅਰਥ ਕੀਤਾ ਜਾਂਦਾ ਹੈ। 'ਪਰੰਤੂ ਪੂਰੀ ਸ਼ੇਤੇ ਇਤਿ ਪੁਰਸ਼' : ਜਿਹੜਾ ਪੁਰ (ਸ਼ਰੀਰ) ਵਿਚ



Digitized by Panjab Digital Library | www.panjabdigilib.org

ਸੋਵੇ ਉਹ ਪੁਰਸ਼ ਹੈ। ਉਹ ਹੈ ਦੇਹੀ, ਪ੍ਰਾਣ ਜਾਂ ਉਸਦੀ ਸ਼ਕਤੀ। ਇਸ ਲਈ ਪੁਰਸ਼ ਨੂੰ ਉਹਦੀ ਵਿਆਪਕ ਸ਼ਕਤੀ ਮੰਨ ਲੈਣਾ ਗਲਤ ਨਾ ਹੋਵੇਗਾ। ਵਿਸ਼ੇਸ਼ ਕਰਕੇ ਪ੍ਰਕਰਣ ਦੇ ਅਨੁਕੂਲ 'ਕਰਤਾ ਪੁਰਖ' (ਮੂਲ ਮੰਤਰ) ਤੋਂ ਇਹੀ ਪਤਾ ਲਗਦਾ ਹੈ ਕਿ ਉਹ ਕਰਤਾ ਹੀ ਸ਼ਕਤੀਮਾਨ ਹੈ। ਦੋਨੋਂ ਗੁਣ ਆਪਣੇ ਆਪ ਵਿਚ ਪੂਰਣ ਹੁੰਦੇ ਹੋਏ ਭੀ ਇਕ ਦੂਜੇ ਦੇ ਪੂਰਕ ਹਨ।

### ੩ ਇੱਛਾ (ਰਜ਼ਾ)

ਇੱਛਾ ਕਰਨ ਵਾਲਾ ਬ੍ਰਹਮ ਹੈ*। ਉਸ ਦੀਆਂ ਭੀ ਸਾਰੀਆਂ ਇਛਾਵਾਂ ਨਹੀਂ। ਬਲਕਿ ਕੇਵਲ ਦੋ ਹਨ। ਪਹਲੀ ਜਿਸ ਤੋਂ ਸ੍ਰਿਸ਼ਟੀ ਬਣਦੀ ਹੈ। ਤੇ ਆਖਰੀ ਜਿਸ ਨਾਲ ਉਹ ਉਸੇ ਵਿਚ ਲੋਪ ਹੋ ਜਾਂਦੀ ਹੈ। ਇਸ ਦੇ ਲਈ ਕੋਈ ਕਾਰਣ ਨਹੀਂ ਤੇ ਨਾ ਹੀ ਕੋਈ ਬੰਧਨ ਹੈ।

ਚਾਹ ਹੁੰਦੇ ਹੋਏ ਭੀ ਬ੍ਰਹਮ ਇਸੇ ਲਈ ਪੂਣਣ ਹੈ। ਕਿ ਉਹ ਦੀ ਰੀਝ ਹੁੰਦਿਆ ਹੋਇਆ ਹੀ ਪੂਰਣ ਹੋ ਜਾਂਦੀ ਹੈ. ਉਸ ਵਿਚ ਨਾ ਕੋਈ ਰੁਕਾਵਟ ਹੈ ਤੇ ਨਾ ਹੀ ਉਸਨੂੰ ਉਸ ਲਈ ਕੋਈ ਕੋਸ਼ਿਸ਼ ਕਰਨੀ ਪੈਂਦੀ ਹੈ। "ਜੋ ਤਿਸ ਭਾਵੈ ਸੋ ਥੀਐ ਸਭ ਚਲੈ ਰਜਾਈ"।† ਉਸਦੀ ਮਰਜ਼ੀ ਬਿਨਾ ਕੁਝ ਨਹੀਂ ਹੁੰਦਾ।

**੪ ਕਵਾਉ** :– ਇਹ ਰਜ਼ਾ ਦਾ ਹੀ ਕਵਾਉ ਹੈ ਇਹ ਉਸਦੀ ਕਿਸੇ ਦੇ ਪ੍ਰਤੀ ਭੀ ਭਾਵਨਾਤਮਕ ਪ੍ਰਤਿਕ੍ਰਿਆ (Reaction)ਹੈ। ਚਾਹ ਕਰਕੇ ਇਹ ਆਪੇ ਹੀ ਅੰਦਰੋਂ ਨਿਕਲ ਪੈਂਦੀ ਹੈ। 'ਕੀਤਾ ਪਸਾਉ ਏਕੋ ਕਵਾਉ' (ਜਪੁਜੀ ੧੬) ਸਾਰੇ ਬ੍ਰਹਮੰਡ ਦਾ ਆਧਾਰ ਉਸਦੀ ਇਕ ਰੀਝ ਨਾਲ ਆਪੇ ਹੋ ਜਾਂਦਾ ਹੈ। ਇਸ ਲਈ ਕਿਸੇ ਨੇਮ ਜਾਂ ਕਾਰਣ ਦੀ ਲੋੜ ਨਹੀਂ। ਇਹੋ ਨਿਰਗੁਣ ਬ੍ਰਹਮ ਦੀ ਰੀਝ ਹੈ।

**੫ ਹੁਕਮੁ** :–ਨਿਰਗੁਣ ਤੇ ਸਗੁਣ ਦਾ ਸੰਬੰਧ ਹੁਕਮ ਦੁਆਰਾ ਹੀ

---

*ਗੁਰੂ ਗ੍ਰੰਥ ਦੇ ਬਾਹਰ ਵਰਤੇ ਗਏ ਉਸ ਤੋਂ ਪਹਲਾਂ ਦੇ ਸ਼ਬਦਾਂ ਨੂੰ ਨਹੀਂ ਲਿਆ ਗਇਆ; ਜਿਹੜੇ ਗੁਰੂ ਗ੍ਰੰਥ ਤੇ ਸਿੱਖ ਧਰਮ ਵਿਚ ਆਪਣਾ ਵਿਸ਼ੇਸ਼ ਮਹੱਤਵ ਰਖਦੇ ਹਨ। ਕੇਵਲ ਉਨ੍ਹਾਂ ਹੀ ਸ਼ਬਦਾਂ ਨੂੰ ਲਿਆ ਗਇਆ ਹੈ।

†ਗੁਰਮਤਿ ਨਿਰਣੈ ਪੰਨਾ ੮ (ਭਾਈ ਜੋਧ ਸਿੰਘ)



Digitized by Panjab Digital Library | www.panjabdigilib.org

ਹੁੰਦਾ ਹੈ । ਇਹ ਸਗੁਣ ਬ੍ਰਹਮ ਦੀ ਰੀਝ ਹੈ । ਇਸ ਦੇ ਕਾਰਣ ਭੀ ਹਨ ਨੇਮ ਭੀ ਹਨ । ਪ੍ਰਕਿਰਤੀ ਦੀ ਹੋਂਦ ਉਸੇ ਦੀ ਚਾਹ ਤੋਂ ਹੈ ਪਰੰਤੂ ਇਕ ਵਿਸ਼ੇਸ਼ ਕ੍ਰਮ ਵਿਚ । 'ਰਾਤੀਂ ਰੁਤੀ ਥਿਤਿ ਵਾਰ' ਤੇ ਫਿਰ 'ਪਵਣ ਪਾਨੀ ਅਗਨਿ ਪਾਤਾਲ' ਤੇ ਅਖੀਰ ਵਿਚ 'ਤਿਸ ਵਿਚ ਧਰਤਿ ਥਾਪਿ ਰਖਿ ਧਰਮ ਸਾਲ' । ਸੰਪੂਰਣ ਗੁਰੂ ਗ੍ਰੰਥ ਵਿਚ ਪਵਨ, ਪਾਣੀ, ਅਗਨੀ ਤੇ ਧਰਤੀ ਦੇ ਇਸ ਕ੍ਰਮ ਵਿਚ ਕੋਈ ਉਲਟ ਫੇਰ ਨਹੀਂ ਮਿਲਦਾ । ਇਸ ਤੋਂ ਇਸ ਦੀ ਸੰਸਾਰਕ ਕ੍ਰਿਆਤਮਕਤਾ ਤੇ ਨੇਮ ਦੀ ਜਾਣ ਪਛਾਣ ਹੁੰਦੀ ਹੈ । ਅਸਲ ਵਿਚ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ੂ ਦੇ ਕੰਮਾ ਦੇ ਨਾਲ ਨਾਲ ਹੁਕਮ ਹੀ ਸਾਰੇ ਬ੍ਰਹਮੰਡ ਨੂੰ ਨਿਯੰਤਰਣ ਵਿਚ ਰਖਣ ਵਾਲਾ ਹੈ । ਇਸ ਤਰ੍ਹਾਂ ਨਾਲ ਕ੍ਰਿਆਤਮਕ ਰੂਪ ਤੋਂ ਇਹੋ ਬ੍ਰਹਮੰਡ ਨੂੰ ਜਨਮ ਦੇਣ ਵਾਲਾ, ਪਾਲਣਹਾਰ ਸਦਾਉਣ ਵਾਲਾ, ਆਪਣੇ ਕਾਬੂ ਵਿਚ ਰਖਣ ਵਾਲਾ ਤੇ ਉਸਦਾ ਨਾਸ਼ ਕਰਨ ਵਾਲਾ ਹੈ । ਆਤਮਾ ਪਰਮਾਤਮਾ ਦੇ ਸਾਰੇ ਹੀ ਸੰਬੰਧਾਂ ਦਾ ਮਾਧਿਅਮ ਹੁਕਮ ਹੀ ਹੈ । ਗੁਰੂ ਗ੍ਰੰਥ ਵਿਚ ਸ੍ਰਿਸ਼ਟੀ ਰਚਨਾ ਦੇ ਵਰਣਨ ਵਿਚ ਇਸ ਦੀ ਆਮ ਵਰਤੋਂ ਮਿਲਦੀ ਹੈ । ਇਹ ਸ਼ਬਦ ਭੀ ਫ਼ਾਰਸੀ ਦੀ ਹੀ ਦੇਣ ਹੈ ।

**੬ ਵਿਸਮਾਦ :**– ਬ੍ਰਹਮ ਦਾ ਰੀਝ ਨਾਲ ਆਵਰਸ਼ੁਤ ਜਗਤ ਦਾ ਨੇਮ ਨਿਯੰਤਰਣ ਨੂੰ ਵੇਖਕੇ ਸੀਮਿਤ ਸ਼ਕਤੀ ਵਾਲਾ ਜੀਵ ਹੈਰਾਨ ਹੋ ਜਾਂਦਾ ਹੈ । ਇਸ ਅਸਚਰਜਤਾ ਨੂੰ ਹੀ ਕਈ ਵਿਦਵਾਨਾਂ ਨੇ ਵਿਸਮਾਦ ਕਹਿਆ ਹੈ । ਪਰੰਤੂ ਸਾਡਾ ਵਿਚਾਰ ਹੈ ਕਿ ਇਸਦਾ ਅਰਥ ਹੈ 'ਅਸਚਰਜਤਾ ਤੋਂ ਉਤਪੰਨ ਹੋਈ ਉਹ ਸਥਿਤੀ ਜਿਸ ਵਿਚ ਜੀਵ ਆਪਣੇ ਆਪ ਨੂੰ ਭੁਲਾ ਦੇਵੇ, ਸੰਸਕ੍ਰਿਤ ਸਮਰੀਤ (ਯਾਦ ਕਰਨਾ) ਤੋਂ ਸਿਮਰਿਤ (ਯਾਦ ਕੀਤਾ ਹੋਇਆ) ਵਿਸਮਰਿਤ (ਭੁਲਾਇਆ ਹੋਇਆ) ਤੇ ਉਸੇ ਦਾ ਹੀ ਵਿਗੜਿਆ ਜਾਂ ਵਿਕਸਿਤ ਰੂਪ ਵਿਸਮਾਦ ਹੈ । ਕੇਵਲ ਇਕ ਮਾਤਰ ਪ੍ਰਾਕ੍ਰਿਤੀ ਦੀ ਮਹਾਨਤਾ ਤੋਂ ਅਸਚਰਜਤਾ ਵਿਚ ਡੁਬੇ ਰਹਿਣ ਨਾਲ ਹੀ ਅਧਿਆਤਮਕ ਰਸ ਦੇ ਸਾਰ ਨਹੀਂ ਲੈ ਜਾ ਸਕਦੇ । ਸੰਸਾਰ ਦੇ ਵੱਡੇ ਤੋਂ ਵੱਡੇ ਵਿਗਿਆਨਕ ਭੀ ਇਸ ਬ੍ਰਹਮ ਦੇ ਹੁਕਮ ਨੂੰ ਜਾਂ ਪ੍ਰਕ੍ਰਿਤੀ ਦੇ ਨੇਮ ਤੇ ਮਹਾਨਤਾ ਨੂੰ ਵੇਖ ਕਿ ਨਾ ਜਾਣੇ ਕਿੰਨੀ ਦੇਰ ਹੈਰਾਨੀ ਵਿਚ ਡੁਬੇ ਰਹਿੰਦੇ ਹਨ । ਪਰ ਅਧਿਆਤਮਕ ਰਾਹ ਦੀਆਂ



Digitized by Panjab Digital Library | www.panjabdigilib.org

ਅਗਲੀਆਂ ਪਉੜੀਆਂ ਦਾ ਉਨ੍ਹਾਂ ਨੂੰ ਪਤਾ ਨਹੀਂ ਲਗਦਾ। ਅਸਲ ਵਿਚ ਇਹ ਅਸਚਰਜ ਜਿਗਿਆਸਾ ਨੂੰ ਵਿਸਤ੍ਰਿਤ ਕਰਦਾ ਹੈ ਕਿ ਏਨਾ ਮਹਾਨ ਕੌਣ ਤੇ ਕੀ ਹੈ।

"ਤੂ ਸੁਲਤਾਨ ਕਹਾਂ ਹਉ ਮੀਆਂ ਤੇਰੀ ਕਵਨ ਵਡਾਈ"। ਉਸਦੀ ਵਡਿਆਈ ਵੇਖਕੇ ਜੀਵ ਹੈਰਾਨੀ ਵਿਚ ਪੈ ਜਾਂਦਾ ਹੈ। ਤੇ ਹੌਲੀ ਹੌਲੀ ਉਸਦੀ ਵਡਿਆਈ ਨੂੰ ਹੀ ਵੇਖਦਾ ਹੋਇਆ ਆਪਣੇ ਆਪ ਨੂੰ ਹੀ ਭੁਲਾ ਕੇ ਉਸ ਵਿਚ ਖੋ ਜਾਂਦਾ ਹੈ। ਇਹ ਖੋ ਜਾਣਾ ਹੀ ਵਿਸਮਾਦ ਹੈ ਤੇ ਅਸਚਰਜਤਾ ਇਸਦੀ ਬੁਨਿਆਦ ਹੈ। ਇਸ ਲਈ ਵਿਸਮਾਦ ਇਸ ਅਸਚਰਜਮਈ ਅਵਸਥਾ ਤੋਂ ਉਤਪੰਨ ਮਹਾਨਤਾ ਵਿਚ ਆਪਣੀ ਹਸਤੀ ਨੂੰ ਭੁਲਾ ਕੇ ਉਸ ਵਿਚ ਹੀ ਲੀਨ ਹੋ ਜਾਣਾ ਹੈ। ਇਹ ਹਉਮੈ ਵਿਨਾਸ਼ ਦੇ ਬਾਅਦ ਉਤਪੰਨ ਇਕਾਗਰਤਾ ਵਿਚ ਲੀਨਤਾ ਹੀ ਹੈ। ਇਸ ਤੋਂ ਭੀ ਮਹਤਵ ਪੂਰਣ ਗੱਲ ਇਹ ਹੈ ਕਿ ਵਿਸਮਾਦ ਅਵਸਥਾ ਸਾਧਨ ਦੇ ਬਹੁਤੇ ਨੇੜੇ ਹੁੰਦਿਆਂ ਹੋਇਆਂ ਭੀ ਆਪਣੇ ਆਪ ਵਿਚ ਭੀ ਇਕ ਸਾਧਨ ਹੈ। ਇਸ ਲਈ ਕੇਵਲ ਅਸਚਰਜਤਾ ਵਿਚ ਭਰੇ ਰਹਣਾ ਉਸ ਅਵਸਥਾ ਤੀਕ ਕਿਵੇਂ ਪੁਜ ਸਕਦਾ ਹੈ। ਉਹ ਤਾਂ ਕੇਵਲ ਉਸ ਨੂੰ ਜਾਣਨ ਦੀ ਰੀਝ ਹੀ ਪੈਦਾ ਕਰਦਾ ਹੈ। ਉਸ ਦੇ ਗਿਆਨ ਦੇ ਮਗਰੋਂ 'ਨਾਉਂ' ਦੀ ਲੋੜ ਪੈਂਦੀ ਹੈ। ਨਾਉਂ ਦੇ ਮਗਰੋਂ 'ਜਾਪ' ਭੀ ਤੇ ਫਿਰ ਕਿਧਰੇ ਵਿਸਮਾਦ ਅਵਸਥਾ ਆ ਸਕਦੀ ਹੈ। ਕਿਉਂ ਜੋ ਬ੍ਰਹਮ ਦੇ ਗੁਣਾਂ ਦੀ ਅਨੁਭੂਤੀ ਹੀ ਨਾਉਂ ਹੈ ਤੇ ਲਗਾਤਾਰ ਉਸ ਅਵਸਥਾ ਵਿਚ ਲੀਨਤਾ ਹੀ ਜਾਪੁ। ਇਹ ਜਾਪੁ ਹੀ ਆਪਣੇ ਸਿਖਰ ਤੇ ਪੁਜ ਕੇ ਵਿਸਮਾਦ ਵਿਚ ਬਦਲ ਜਾਂਦਾ ਹੈ। ਕਿਉਂ ਜੋ ਵਿਸਮਾਦ ਹੀ ਤਾਂ ਭਗਵੰਤ ਮਿਲਣ ਦੀ ਆਖਰੀ ਪਉੜੀ ਹੈ. ਇਸ ਲਈ ਵਿਸਮਾਦ ਦਾ ਅਰਥ-ਬ੍ਰਹਮ ਵਿਚ ਆਪਣੇ ਆਪ ਨੂੰ ਭੁਲਾ ਦੇਣਾ ਹੀ ਠੀਕ ਪ੍ਰਤੀਤ ਹੁੰਦਾ ਹੈ। ਵਿਸਮਨ ਵਿਸਮ ਭਏ ਵਿਸਮਾਦ ਹੋਕੇ ਵਿਸਮਾਦ (ਆਪਣੇ ਆਪ ਨੂੰ ਭੁਲ) ਭਏ (ਹੋ ਗਏ) ਇਸ ਲਈ ਭੀ ਇਹੋ ਅਰਥ ਢੁਕਦਾ ਹੈ। ਸਿਖ ਧਰਮ ਦੀ ਬੁਨਿਆਦ ਰੂਪ ਇਹ ਸ਼ਬਦ ਸਥਾਨ ਤੇ ਸਾਧਨ ਦੇ ਸੁਮੇਲ ਦੀ ਥਾਂ ਹੈ। ਸ਼ਾਇਦ ਇਸੇ ਲਈ ਇਸ ਦਾ ਮਹਤਵ ਦੋਣਾ ਦੋਹ ਤੋਂ ਹੀ ਵਧ ਹੈ।

(੭) ਹਉਮੈ :-ਭਗਵੰਤ ਪ੍ਰਾਪਤੀ ਵਿਚ, ਮਾਇਆ ਤੋਂ ਉਤਪੰਨ



Digitized by Panjab Digital Library | www.panjabdigilib.org

ਹੋਇਆ ਹਉਮੈ (ਅਹੰਕਾਰ) ਹੀ ਸਭ ਤੋਂ ਵੱਡੀ ਰੁਕਾਵਟ ਪਾਉਣ ਵਾਲੀ ਸ਼ਕਤੀ ਹੈ। ਗੁਰੂ ਗ੍ਰੰਥ ਵਿਚ ਇਸਦੀ ਕਾਫੀ ਵਰਤੋਂ ਮਿਲਦੀ ਹੈ।

(੮) ਕ੍ਰਿਤ :-ਬਾਰ ਬਾਰ ਕੀਤੇ ਗਏ ਕੰਮਾਂ ਦੇ ਸਿੱਟੇ ਵਜੋਂ ਬਣੀ ਹੋਈ ਮਾਨਸਿਕ ਪ੍ਰਾਕਿਰਤਿਕ ਸੰਸਕਾਰ ਜਿਹੜੇ ਕਿ ਸ੍ਵ-ਸ਼ਕਤੀ ਨਾਲ ਮਨ ਨੂੰ ਬਦਲਨ ਦੀ ਸ਼ਕਤੀ ਰਖਦੇ ਹਨ। ਇਸ ਲਈ ਇਨ੍ਹਾਂ ਦਾ ਵਿਸ਼ੇਸ਼ ਮਹਤਵ ਹੈ।

(੯) ਨਦਿਰ :—ਰੱਬ ਦੀ ਉਹ ਮਿਹਰ ਜਿਹੜੀ ਆਪਣੇ ਆਪ ਹੀ ਹੋ ਜਾਵੇ।

(੧੦) ਭਾਂਡਾ :—ਮਨ—ਬ੍ਰਹਮ ਨੂੰ ਪ੍ਰਾਪਤ ਕਰਨ ਲਈ ਭਾਂਡਾ ਪਵਿਤਰ ਹੋਣਾ ਚਾਹੀਦਾ ਹੈ ਤੇ ਇਸ ਭਾਂਡੇ ਦੀ ਪਵਿਤ੍ਰਤਾ ਹੀ ਸੱਚ ਖੰਡਤਾ ਹੈ।

੧੧. ਸਚਿ ਖੰਡ :—ਜਿਥੇ ਰਬ ਵਸਦਾ ਹੈ।

੧੨. ਮਹਲਾ:—(ਇਹ ਸਰੀਰ) ਕੁਝ ਵਿਦਵਾਨਾਂ ਨੇ ਮਹਲਾ ਦਾ ਅਰਥ ਇਸਤ੍ਰੀ ਕੀਤਾ ਹੈ। ਪਰੰਤੂ ਗਰੂ ਗ੍ਰੰਥ ਵਿਚ ਮਹਲਾ ੧ ਪਹਲਾ ਤੇ ਮਹਲਾ ਤੀਜਾ ਆਦਿ ਮਿਲਦਾ ਹੈ। ਜਿਸ ਤੋਂ ਸਪਸ਼ਟ ਹੈ ਕਿ ਇਹ ਮਹਲਾ ਆਤਮਾ ਨੂੰ ਭਗਵਾਨ ਦੀ ਪਤਨੀ ਦਸਦਿਆਂ ਹੋਇਆਂ ਭੀ ਇਕੋ ਗੁਰੂ ਦੀ ਜੋਤੀ ਭਿੰਨ ਭਿੰਨ ਸਰੀਰਾਂ ਦੀ ਸੂਚਕ ਹੈ।

(੧੩) ਬਾਣੀ :—ਗੁਰੂ ਸ਼ਬਦਾਂ ਵਿਚ ਇਸ ਦੀ ਮਹਾਨਤਾ ਇਸਤੋਂ ਭੀ ਸਪਸ਼ਟ ਹੈ। :—

ਬਾਣੀ ਗੁਰ, ਗੁਰੂ ਹੈ ਬਾਣੀ
ਵਿਚ ਬਾਣੀ ਅੰਮ੍ਰਿਤ ਸਾਰੇ (੧)

ਬੇਸ਼ਕ ਹੋਰ ਭੀ ਕੁਝ ਵਿਸ਼ੇਸ਼ ਸ਼ਬਦ ਹਨ ਪਰੰਤੂ ਉਤੇ ਦਿਤੇ ਸ਼ਬਦ ਤਾਂ ਸਿਖ ਧਰਮ ਰੂਪੀ ਦੇਹ ਨੂੰ ਚਲਾਉਣ ਵਾਲੀਆਂ ਇੰਦਰੀਆਂ ਵਾਂਗ ਹਨ।—ਜਿਨ੍ਹਾਂ ਬਿਨਾਂ ਉਹਦੀ ਗਤੀ ਨਹੀਂ। ਇਸ ਲਈ ਲੋੜ ਅਨੁਸਾਰ ਇਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ।


Digitized by Panjab Digital Library | www.panjabdigilib.org

# ਪੰਜਵਾਂ ਅਧਿਆਇ

## ਵਿਚਾਰ ਧਾਰਾ ਅਤੇ ਗੁਰੂ ਗ੍ਰੰਥ ਦਾ ਸਾਹਿਤਕ ਪਰਿਚਯ

ਗੁਰੂ ਗ੍ਰੰਥ ਸਾਹਿਬ ਅਸਲ ਵਿਚ ਅਧਿਆਤਮਕ ਰਚਨਾ ਹੈ ਕਿਉਂਕਿ ਇਸ ਵਿਚ ਨਿਛਲ ਅਨੁਭੂਤੀ ਦੀ ਸਰਲ ਤੇ ਸਪਸ਼ਟ ਅਭਿਵਿਅੰਜਨਾ ਮਿਲਦੀ ਹੈ। ਸਾਹਿਤਕ ਕ੍ਰਿਤੀ ਦੀ ਦ੍ਰਿਸ਼ਟੀ ਤੋਂ ਭੀ ਇਸ ਵਿਚ ਉਤਮ ਸਾਹਿਤ ਦੇ ਗੁਣ ਮਿਲਦੇ ਹਨ। ਇਸ ਲਈ ਸੰਖੇਪ ਵਿਚ ਇਸਦਾ ਸਾਹਿਤਕ ਪਰਿਚਯ ਭੀ ਜ਼ਰੂਰੀ ਹੈ। ਕਾਵਿ ਅਤੇ ਗਿਆਨ ਦੋਵੇਂ ਤਰ੍ਹਾਂ ਦੇ ਸਾਹਿਤ ਵਿਚ ਇਹਦਾ ਆਪਣਾ ਵਿਸ਼ੇਸ਼ ਥਾਂ ਹੈ। ਕਾਵਿ ਦਾ ਹੀ ਜੇ ਵਿਸ਼ਲੇਸਣਾਤਮਕ ਅਧਿਐਨ ਕੀਤਾ ਜਾਵੇ ਤਾਂ ਗਿਆਨ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਆਪੇ ਹੀ ਉਭਰ ਆਉਂਦੀਆਂ ਹਨ। ਕਾਵਿ ਦੇ ਭੀ ਭਾਵ, ਵਿਚਾਰ ਕਲਪਨਾ ਅਤੇ ਸ਼ੈਲੀ ਚਾਰ ਆਵਸ਼ਕ ਤਤ ਮੰਨੇ ਗਏ ਹਨ। ਗੁਰੂ ਗ੍ਰੰਥ ਅਧਿਆਤਮਕ ਰਚਨਾ ਹੋਣ ਕਰਕੇ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਧਾਨਤਾ ਦੇਕੇ ਚਲਿਆ ਹੈ। ਕਲਪਨਾ ਉਹਦੀ ਸੁੰਦਰਤਾ ਵਧਾਂਦੀ ਹੈ। ਭਾਸ਼ਾ ਤੇ ਸ਼ੈਲੀ ਭਾਵ ਦੇ ਅਨੁਕੂਲ ਉਸਨੂੰ ਠੀਕ ਰੂਪ ਦੇਕੇ ਉਸਦੇ ਕਲਾ ਪਖ ਨੂੰ ਸਫਲ ਬਣਾਨ ਵਿਚ ਸਹਾਇਕ ਹੁੰਦੀਆਂ ਹਨ ਇਸ ਲਈ ਇਨ੍ਹਾਂ ਸਾਰੇ ਦ੍ਰਿਸ਼ਟੀਕੋਣਾਂ ਤੋਂ ਇਸਦਾ ਪਰਿਚਯ ਕਰਾਇਆ ਜਾਂਦਾ ਹੈ।

ਮਨੁਖੀ ਮਨ ਦੇ ਉਦਾਰ ਭਾਵ ਦੀ ਹੀ ਇਹ ਅਭਿਵਿਅੰਜਨਾ ਹੈ। ਇਸ ਲਈ ਵਿਚਾਰ ਦੁਆਰਾ ਉਸਨੂੰ ਲੜੀਬਧ ਕਰਕੇ ਸੰਖੇਪ ਵਿਚ ਉਨਾ ਦਾ ਦਾਰਸ਼ਨਿਕ ਰੂਪ ਸਪਸ਼ਟ ਕਰਨ ਦਾ ਪ੍ਰਯਤਨ ਕੀਤਾ ਜਾਂਦਾ ਹੈ; ਜਿਹੜਾ ਉਸ ਦੇ ਉਦੇਸ਼ ਅਰਥਾਤ ਅਧਿਆਤਮਕ ਪਬ ਨੂੰ ਸਮਝਣ ਵਿਚ ਸਹਾਇਕ ਸਿਧ ਹੋ ਸਕਦਾ ਹੈ। ਇਕ ਉਘੇ ਸਿਖ ਦਾਰਸ਼ਨਿਕ ਦੇ ਸ਼ਬਦਾਂ ਵਿਚ ਇਸ ਕੰਮ ਦੀ ਕਠਿਨਤਾਵਾਂ ਦਾ ਪਰਿਚਯ ਦੇਣਾ ਠੀਕ ਹੀ ਹੋਵੇਗਾ।

Thə frist named (Adi Granth) is the Bible of the sikhs and is not easy for Philosofphical analysis there



Digitized by Panjab Digital Library | www.panjabdigilib.org

for, the task of analysingh the doctrines is by no means easy. The teaching of the Guru, both ieligious and moral, lies so very scattered all over The Granth that a careful research has to be made before the views of Guru can be brought under different Philosophical beads,

ਉਨ੍ਹਾਂ ਦੀਆਂ ਭਿੰਨ ਭਿੰਨ ਸਮੇਂ ਦੀਆ ਅਨੁਭੂਤੀਆਂ ਗੁਰੂ ਗ੍ਰੰਥ ਵਿਚ ਬਿਖਰੀਆਂ ਹੋਈਆਂ ਹਨ। ਕਿਉਂਕਿ ਵਧੇਰੇ ਵਿਚਾਰਾਂ ਦੀ ਪੁਨਰ-ਸੁਰਜੀਤੀ ਵਧੇਰੇ ਥਾਵਾਂ ਤੇ ਮਿਲਦੀ ਹੈ। ਇਸ ਲਈ–

"This analytical search will not yield a system unless a real link is discovered and the material is regularly systemised.‡

ਗੁਰੂ ਗ੍ਰੰਥ ਨੂੰ ਪੜ੍ਹਣ ਵਾਲੇ ਖੋਜੀਆਂ ਦਾ ਕੰਮ ਹੋਰ ਭੀ ਕਠਿਨ ਹੋ ਜਾਂਦਾ ਹੈ; ਜਦਕਿ ਵਿਚਾਰ ਵਿਚ ਵਿਰੋਧ ਮਲੂਮ ਹੁੰਦਾ ਹੈ। ਇਸ ਲਈ ਗੁਰੂ ਗ੍ਰੰਥ ਵਿਚੋਂ ਕੇਵਲ ਇਕੋ ਜਿਹੇ ਭਾਵਾਂ ਨੂੰ ਨਹੀਂ ਸਗੋਂ ਉਨ੍ਹਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਹੀ ਵਿਚਾਰ ਨੂੰ ਕਿਸੇ ਦ੍ਰਿੜ ਵਿਚਾਰਧਾਰਾ ਜਾਂ ਦਰਸ਼ਨ ਦਾ ਮਾਰਗ ਦਿਖਾਣ ਵਿਚ ਸਹਾਇਕ ਸਿਧ ਹੁੰਦਾ ਹੈ। ਵਿਚਾਰਧਾਰਾ ਲਿਖਦੇ ਹੋਏ ਇਨ੍ਹਾਂ ਗਲਾਂ ਦਾਧਿਆਨ ਰਖਣ ਦੀ ਕੋਸ਼ਿਸ਼ ਕੀਤੀ ਗਈ ਹੈ।

## (੧) ਵਾਹਿਗੁਰੂ

"ਤੂੰ ਸੁਲਤਾਨ, ਕਹਾ ਹਉਂ ਮੀਆਂ, ਤੇਰੀ ਕਵਨ ਵਡਾਈ, ਜੋ ਤੂੰ ਸੋ ਕਹਾ ਸਵਾਮੀ, ਮੈਂ ਮੂਰਖ ਕਹਨ ਨਾ ਜਾਈ।"ਗੋਬਿੰਦ ਰੂਪ ਗੁਰੂ ਨੇ ਭੀ ਜਿਹੜੀ ਵਡਿਆਈ ਕਰਨ ਵਿਚ ਆਪਣੇ ਆਪ ਨੂੰ ਮੂਰਖ ਕਿਹਾ ਹੈ ਕਿਉਂਕਿ ਉਸਨੂੰ ਇਸ ਗਲ ਦਾ ਪਤਾ ਸੀ ਕਿ ਆਖਰੀ ਸੁਰ ਨਰ ਮੁਨ ਜਨ ਸੇਵ। ਪਰੰਤੂ ਉਸਦੀ ਵਡਿਆਈ ਦਾ ਕੋਈ ਅੰਤ ਹੀ ਨਹੀਂ ਇਸ ਲਈ ਤਾਂ 'ਆਖ ਨਾ ਸਕੇ ਕੋਈ ਕੇਇ' ਜਦੋਂ ਮੰਸਾਰ ਦਾ ਕੋਈ ਭੀ ਵਿਅਕਤੀ ਉਸਦੀ ਮਹਮਾ

[1]*1,2, 3, Philosophy of sikhism Dr. Sher Singh Page 48, 49,

(2) ‡2, 3, Philosoply of Sikhism.



Digitized by Panjab Digital Library | www.panjabdigilib.org

ਦਾ ਵਰਣਨ ਨਹੀਂ ਕਰ ਸਕਦਾ ਤਾਂ ਗੁਰੂ ਦੀ ਦ੍ਰਿਸ਼ਟੀ "ਗਾਵੇ ਕੋ ਈਸਰ ਬ੍ਰਹਮਾ ਦੇਵੀ' ਇਨ੍ਹਾਂ ਸਭ ਤੇ ਪਈ ਉਹ ਥਕ ਗਏ ਪਰ "ਤਾਕੀ ਮਹਿਮਾ ਗਣੀ ਨਾ ਲਾਵੇ। ਕਿਉਂਕਿ 'ਤਾਕੀਆਂ ਗਲਾਂ ਕਥੀਆਂ ਨਾ ਜਾਈ' ਜਿਸਦੀ ਗਲ ਨਹੀਂ ਕਹੀ ਜਾਂਦੀ ਉਸਦੀ ਮਹਿਮਾ ਦਾ ਵਿਖਿਆਨ ਕਿਸ ਤਰ੍ਹਾਂ ਹੋ ਸਕਦਾ ਹੈ। ਇਸ ਤਰ੍ਹਾਂ ਉਹਦੇ ਵਰਣਨ ਕਰਦੇ ਕਰਦੇ ਜਦ ਸਾਰੇ ਹੀ ਥਕ ਗਏ ਤਾਂ ਗੁਰੂ ਬੋਲੇ 'ਕੋਇ ਨਾ ਜਾਣੇ ਤੁਮਰਾ ਅੰਤ' "ਉਚੇ ਤੇ ਉਚਾ ਭਗਵੰਤ" ਇਸ ਲਈ ਸਾਰੇ ਭਗਤਾਂ ਤੇ ਚਾਰੇ ਗੁਰੂਆਂ ਨੂੰ ਉਸ ਦੀ ਮਹਿਮਾ ਵਿਚ ਥਕਿਆ ਜਾਣ ਪੰਜਵੇਂ ਗੁਰੂ ਬੋਲੇ 'ਤੁਮਰੀ ਉਸਤਤ ਤੁਮਤੇ ਹੋਈ ਨਾਨਕ ਅਵਰ ਨਾ ਜਾਨ ਕੋਈ' ਜਦ ਬ੍ਰਹਮ ਦੀ ਮਹਿਮਾ ਹੀ ਅਨੇਕ ਹੈ, ਤਦ ਉਸਦੇ ਨਿਕਾਸ ਦੇ ਗਿਆਨ ਦੀ ਅਵੱਸ਼ਕਤਾ ਅਨੁਭਵ ਹੋਈ। ਅਨਾਦਿ ਹੁੰਦੇ ਹੋਇਆ ਭੀ ਉਹ ਸੈਭੰਗ ਹੈ (ਮੂਲ-ਮੰਤਰ) ਅਰਥਾਤ ਆਪੇ ਤੋਂ ਪੈਦਾ ਹੋਇਆ ਹੈ। ਪਰ ਕਦੋਂ ਤੇ ਕਿਥੇ ਪੈਦਾ ਹੋਇਆ ਇਸਦਾ ਕਿਸੇ ਨੂੰ ਗਿਆਨ ਨਹੀਂ ਕਿਉਂਕਿ 'ਕਵਣ, ਸੋ ਵੇਲਾ ਵਖਤ ਕਵਣ, ਕਵਣ ਥਿਤ, ਕਵਣ ਵਾਰ। ਕਵਣ ਸੇ ਰੁਤੀ ਮਾਹ ਕਵਣ,ਜਿਤ ਹੋਆ ਆਕਾਰ' ਇਸ ਤਰ੍ਹਾਂ ਪੰਡਿਤ ਅਤੇ ਮੁਲਾਂ ਨੂੰ ਵੇਦ ਤੇ ਪੁਰਾਣ ਨੂੰ ਕਿਸੇ ਨੂੰ ਭੀ ਉਸਦੀ ਉਤਪਤੀ ਦੇ ਵਿਸ਼ਯ ਵਿਚ ਕੁਝ ਪਤਾ ਨਹੀਂ। ਇਸਨੂੰ ਤਾਂ ਕੇਵਲ ਆਪੇ ਜਾਣੈ ਸੋਈ। ਇਸ ਤਰ੍ਹਾਂ ਜਿਸਦੀ ਉਤਪਤੀ ਤੇ ਵਿਕਾਸ ਦੀ ਕਹਾਣੀ ਕੇਵਲ ਉਸੇ ਤਕ ਸੀਮਿਤ ਹੈ, ਉਸਦੇ ਰੰਗ ਭੀ ਹੋਰ ਕੋਈ ਨਹੀਂ ਜਾਣ ਸਕਦਾ। ਕਿਉਂਕਿ ਤੁਮਰੀ ਗਤ ਮਿਤ ਤੁਮ ਹੀ ਜਾਨੀ' ਉਸ ਅਨੰਤ ਦੇ ਅੰਤ ਦਾ ਗਿਆਨ ਭੀ ਹੋਰ ਕਿਸੇ ਨੂੰ ਪ੍ਰਾਪਤ ਨਹੀਂ। 'ਤਾਕਾ ਅੰਤ ਨਾ ਜਾਣੈ ਕੋਈ, ਆਪੇ ਆਪ ਹੀ ਨਾਨਕ ਪ੍ਰਭੁ ਸੋਈਂ। ਬ੍ਰਹਮ ਦਾ ਨਿਵਾਸ-ਸਥਾਨ ਲਭਣ ਲਈ ਪ੍ਰਧਨਤਾ ਵਿਚ ਨਾ ਕੇਵਲ 'ਮਗਲ ਵਾਰਾਂ ਕਿ ਅੰਤਰ ਯਾਮੀ', ਉਹ ਮਲੂਮ ਹੁੰਦਾ ਹੈ, ਸਗੋਂ 'ਘਟ ਘਟ ਵਿਆਪ ਰਹਿਆ ਭਗਵੰਤ। ਉਹ ਤਾਂ ਹਰ ਇਕ ਘਟ ਵਿਚ ਵਿਆਪਿਤ ਹੈ। ਘਟਾਂ ਤਾਂ ਕੀ ਜਲ ਥਲ ਮਹੀਆਲ ਸੋਈਂ, ਇਸ ਤਰ੍ਹਾਂ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਉਹੀ 'ਥਾਂਨ ਥੰਨ ਥਨੰਤਰ ਰਹਿਆ ਸਮਾਈ' ਉਹ ਸੰਪੂਰਨ ਬ੍ਰਹਮ ਵਿਚ ਸਮਾਇਆ ਹੋਇਆ ਹੈ। ਇਹ ਤਾਂ ਉਸਦੀ ਵਿਸ਼ਾਲਤਾ ਦਾ ਪਰਿਚਯ ਮਿਲਦਾ ਹੈ। ਸਰਬ-ਵਿਆਪਕ ਦਾ



Digitized by Panjab Digital Library | www.panjabdigilib.org

ਸੂਖਮ ਨਿਰੀਖਣ ਕੀਤਿਆਂ ਪਤਾ ਲਗਾਣਾ ਕਿ ਉਹ ਸਭ ਦੇ ਅੰਦਰ ਹੋ ਕੇ ਭੀ ਸਭ ਤੇ ਬਾਹਰਾ ਹੈ। ਪਰੰਤੂ ਹੈ 'ਰਾਮ ਦੋਖ ਤੇ ਨਿਆਰੇ'। ਸ਼ਾਇਦ ਇਸੇ ਲਈ ਸਭ ਦੇ ਨੇੜੇ ਹੁੰਦੇ ਹੋਇਆ ਭੀ ਸਭ ਤੋਂ ਦੂਰ ਹੈ। ਅਸਲ ਵਿਚ ਜਿਹੜਾ ਉਸਨੂੰ ਅੰਤਰ ਵਿਚ ਪਛਾਣ ਲਵੇ, ਉਸ ਤੋਂ ਦੂਰ ਨਹੀਂ। ਨਾ ਪਛਾਣਨ ਵਾਲਿਆਂ ਨੂੰ ਕਿਧਰੇ ਭੀ ਦਿਸ ਨਹੀਂ ਸਕਦਾ, ਇਸ ਲਈ ਗੁਰੂ ਨੂੰ ਤਾਂ 'ਜਹਾਂ ਦੇਖਾਂ ਤਹਾਂ ਤਹਾਂ ਸੋਈ' ਆਪਣੇ ਅੰਤਰ ਵਿਚ ਹਰ ਇਕ ਥਾਂ ਤੇ ਉਸਨੂੰ ਦੇਖਿਆ ਹੈ। ਇਤਨਾ ਹੀ ਨਹੀਂ, ਆਪਣੇ ਅੰਤਰ ਵਿਚ ਦੇਖਦਿਆਂ ਤਾਂ ਉਨ੍ਹਾਂ ਨੂੰ ਭਰਮ ਹੋ ਗਇਆ। 'ਜਬਿ ਮੈਂ ਆਪ ਹੀ ਮਨਿ ਆਪਣੇ ਰਹਿ' ਇਹੀ ਭਰਮ ਕਬੀਰ ਨੂੰ ਹੋਇਆ ਸੀ ਕਿ ਉਹ ਮਨ ਵਿਚ ਬੈਠਾ ਹੈ ਜਾਂ ਮਨ ਉਸ। ਵਿਚ ਆਤਮਾ ਦੀਆਂ ਅਨੁਭੂਤੀਆਂ ਇਕੋ ਜਿਹੀਆਂ ਹੀ ਹੁੰਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੇ ਬ੍ਰਹਮ ਦੇ ਨਿਵਾਸ ਨੂੰ ਜਾਣ ਲਿਆ ਅਤੇ ਬੋਲੇ ਸਚਿ ਖੰਡ ਵਸੈ ਨਿਰੰਕਾਰ (ਜਪੁਜੀ) ਇਹ ਸਚ ਖੰਡ ਕੁਝ ਨਹੀਂ ਮਨ ਦੀ ਪਵਿਤਰ ਅਵਸਥਾ ਵਿਚ ਉਸਦੀ ਅਨੁਭੂਤੀ ਹੈ। ਕਿਨ੍ਹਾ ਨੇੜੇ ਕਿੰਨਾ ਆਪਣਾ ਕਿਨਾ ਸੁੰਦਰ ਹੈ। ਰਬ ਦੇ ਰਹਿਣ ਦਾ ਥਾਂ।

ਉਸਦੇ ਰਹਣ ਦੇ ਥਾਂ ਦਾ ਪਤਾ ਲਗਦਿਆਂ ਹੀ ਉਸਦੇ ਸਰੂਪ ਦਾ ਪਰਿਚਯ ਕਰਾਉਣਾ ਉਚਿਤ ਹੈ। ਪਰੰਤੂ ਪਤਾ ਕਿਵੇਂ ਲਗੇ ਕਿਉਂਕਿ ਉਹ ਤਾਂ "ਥਾਪਿਆ ਨਾ ਜਾਏ, ਕੀਤਾ ਨਾ ਹੋਏ" (ਰਬ ਦੀ ਮੂਰਤੀ ਦਾ ਕਿੰਨਾ ਰੰਗੀਲਾ ਤੇ ਮਧੁਰ ਚਿਤਰ ਹੈ) ਆਪੇ ਆਪ ਨਿਰੰਜਣ ਸੋਇ" (ਜਪੁਜੀ ੫) ਇਸ ਲਈ ਉਸਦੇ ਤਾ ਰੂਪ ਨਾ ਰੇਖਾ ਦਾ ਰੰਗ ਕੁਝ ਨਹੀਂ। ਇਨਾ ਸਥੂਲ ਗੁਣਾਂ ਦੀ ਤਾਂ ਗਲ ਹੀ ਕੀ, ਉਹ ਤਾਂ ਸੰਪੂਰਣ ਸੰਸਾਰ ਦੇ ਆਧਾਰ ਤ੍ਰਿਹਿ ਗੁਣ ਤੇ ਪ੍ਰਭੂ ਭਿੰਨ ਹੈ। ਸਤੋ, ਰਜੋ, ਤਮੋ, ਤਿੰਨਾਂ ਗੁਣਾਂ ਤੋਂ ਨਿਰਲੇਪ ਹੈ। ਤੇ ਹੈ ਭੀ 'ਜੁਗ ਜੁਗ ਏਕੋ ਵੇਸ' (ਜਪੁਜੀ ੮) ਉਹ ਤਾਂ ਸਦਾ ਹੀ ਇਕੋ ਰੂਪ ਧਾਰਣ ਕੀਤੀ ਰਖਦਾ ਹੈ। ਜੇ ਗੁਰੂ ਪਰਿਵਰਤਨਸ਼ੀਲ ਹੋਵੇ ਤੇ ਸ਼ਾਇਦ ਪਤਾ ਲਗ ਜਾਂਦਾ ਪਰ ਰੂਪ ਰੇਖਾ, ਗੁਣ ਰਹਿਤ ਤੇ ਸਦਾ ਇਕੋ ਸੇਧ ਵਿਚ ਰਹਿਣ ਕਰਕੇ ਉਸਦੇ ਸਰੂਪ ਤੇ ਆਕਾਰ ਦਾ ਕੋਈ ਗਿਆਨ ਸੰਭਵ ਨਹੀਂ।

ਵਿਦਵਾਨਾਂ ਦਾ ਕਹਿਣਾ ਹੈ ਕਿ ਜਿਸਦੀ ਪਛਾਣ ਸਰੂਪ ਤੋਂ ਨਾ ਹੋ ਸਕੇ, ਉਸਨੂੰ ਗੁਣਾਂ ਤੋਂ ਪਛਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ



Digitized by Panjab Digital Library | www.panjabdigilib.org

ਆਕਾਰ ਰਹਿਤ ਉਹ ਤਾਂ ਅਜਨਬੀ ਹੈ। ਇਸੇ ਵਿਚਾਰ ਤੋਂ ਪਹਲਾ ਉਸਦੇ ਨੈਤਿਕ ਗੁਣਾਂ ਤੇ ਵਿਚਾਰ ਕਰਨ ਦੀ ਲੋੜ ਹੈ। ਉਹ ਨਾ ਕੇਵਲ ਅਨਾਦਿ ਤੇ ਅਜੂਨੀ ਹੈ ਸਗੋਂ ਉਹ ਤਾਂ ਅਗਮ, ਅਗੋਚਰ, ਅਲਖ, ਅਪਾਰਾ' ਭੀ ਹੈ ਕਿਉਂਕਿ ਜ਼ਾਹਿਰੀ ਰੂਪ ਨਾਲ ਉਸਦਾ ਕੋਈ ਚਿੰਨ੍ਹ ਮਿਲਦਾ ਹੀ ਨਹੀਂ। ਉਹ ਤਾਂ ਅਛਲ, ਅਛੇਦ, ਅਭੇਦ' (ਸੁਖਮਨੀ) ਬਣਕੇ ਸਰਵਤਰ ਸਮਾਇਆ ਹੋਇਆ ਹੈ। ਇਸ ਲਈ ਉਹ ਅਥਾਹ ਹੈ। ਸਾਰੀ ਸ੍ਰਿਸ਼ਟੀ ਦਾ ਇਕੱਲਾ ਹੀ ਕਰਤਾ ਹੋ ਕੇ ਭੀ ਆਪ ਨਿਰਲੇਪ ਤੇ ਨਿਰਗੁਣ ਰਹਿੰਦਾ ਹੈ। (ਆਸਾ ਮ: ੫) ਹੈ। ਇਹੋ ਉਸਦੀ ਵਿਸ਼ੇਸ਼ਤਾ ਹੈ। ਨੇਤਰ, ਸ਼੍ਰਵਣ ਆਦਿ ਤੋਂ ਪਰੇ ਨਾ ਕੇਵਲ ਉਹ ਇੰਦਰੀ ਅਤੀਤ ਹੈ ਸਗੋਂ ਵੇਦ ਆਦਿ ਸਾਰੇ ਧਾਰਮਿਕ ਗ੍ਰੰਥ ਤੋਂ ਭੀ ਅੰਜਾਣ ਬਣਿਆ ਹੋਇਆ ਹੈ। ਸਾਰਿਆਂ ਨੂੰ ਮਾਰਨ ਵਾਲਾ ਯਮ ਭੀ ਉਸਦਾ ਕੁਝ ਨਹੀਂ ਵਿਗਾੜ ਸਕਦਾ, ਕਿਉਂਕਿ ਉਹ ਤਾਂ ਅਕਾਲ ਹੈ। ਅਤੇ ਇਸੇ ਲਈ ਉਸਦੀਆਂ ਸੀਮਾਵਾਂ ਤੋਂ ਪਰੇ ਹੈ। ਹੈ ਕੀ ਆਖਰ, ਉਹ ਹੈ ਇਕ ਉਂਕਾਰ ਅਰਥਾਤ ਏਕੰਕਾਰ, ਨਿਰਾਲਾ। ਕਿਹੋ ਜਿਹਾ ਨਿਰਾਲਾ ਸਤਿ ਇਕ ਮਾਤਰ ਸਚ ਹੈ "ਆਦਿ ਸਚ, ਜੁਗਾਦਿ ਸਚ" (ਜਪੁਜੀ*) ਅਜ ਤੋਂ ਨਹੀਂ ਬਿਅੰਤ ਜੁਗਾਂ ਤੋਂ ਹੀ ਸਚੇ ਰੂਪ ਵਿਚ ਚਲਾ ਆ ਰਿਹਾ ਅਤੇ ਚਲਿਆ ਜਾਵੇਗਾ। ਇਸ ਲਈ ਉਸ ਨੂੰ ਤਿੰਨ ਵਾਰ 'ਸਤਿ ਸਤਿ ਸਤਿ ਪ੍ਰਭੁ ਸੁਆਮੀ' ਕਿਹਾ ਗਿਆ ਹੈ। ਉਹੀ ਸਾਰਿਆਂ ਵਿਚ ਵਿਆਪਿਤ ਹੈ। ਤੇ ਸੰਸਾਰ ਦਾ ਇਕ ਮਾਤਰ ਕਰਤਾ ਭੀ ਉਹੀ ਹੈ, ਕਰਣ ਕਰਾਵਣਹਾਰ ਪ੍ਰਭੂ ਇਕ ਹੈ,ਦੂਸਰ ਨਾਹੀਂ ਕੋਇ। ਓਸੇ ਨੇ ਹੀ ਤਾਂ ਨਾ ਕੇਵਲ ਸਾਰੇ ਬ੍ਰਹਮੰਡ ਨੂੰ ਸਗੋਂ ਸ਼ਿਵ-ਸ਼ਕਤੀ ਆਪੇ ਉਪਾਏ ਕਿ ਉਨ੍ਹਾਂ ਨੂੰ ਆਪੇ ਉਤਪੰਨ ਕਰਕੇ 'ਕਰਤਾ ਹੁਕਮ ਵਰਤਾਏ' ਆਪਣੀ ਆਗਿਆ ਵਿਚ ਹੀ ਰਖਦਾ ਹੈ। ਸਾਰੇ ਬ੍ਰਹਮੰਡ ਦਾ ਨਿਯੰਤਾ ਭੀ ਉਹੀ ਹੈ ਤੇ 'ਬਾਹਰ ਹੁਕਮ ਨਾ ਕੋਇ' ਉਸਦੀ ਆਗਿਆ ਤੋਂ ਬਾਹਰ ਕੁਝ ਨਹੀਂ ਹੋ ਸਕਦਾ ਪਰੰਤੂ 'ਹੁਕਮ ਨਾ ਕਿਹਾ ਜਾਈ' ਤੇ ਨਾ ਹੀ ਉਸਤੋਂ ਕਰਾਇਆ ਜਾ ਸਕਦਾ ਹੈ ਤਾਂ ਸੰਸਾਰ ਵਿਚ ਹੁੰਦਾ ਕੀ ਹੈ। 'ਜੋ ਤਿਸ ਭਾਵੈ ਸੋਈ ਕਰਸੀ' (ਜਪੁ ੨੭)' ਉਹ ਆਪੇ ਕਰੇਗਾ, ਕਹਿਗਾ ਭੀ ਨਹੀਂ 'ਜੋ ਤਿਸ ਭਾਵੇ ਸੋਈ ਹੋਗ' ਤੇ ਜੋ ਉਸਦੀ ਇਛਾ ਹੋਵੇਗੀ ਉਹ

* ੨੭੯ ੪, ਮ: ੭



Digitized by Panjab Digital Library | www.panjabdigilib.org

ਆਪਣੇ ਆਪ ਹੀ ਹੋ ਜਾਵੇਗਾ ਇਸ ਲਈ ਉਸ ਨੂੰ 'ਆਪਤਿ ਭਾਗ' ਕਿਹਾ ਗਇਆ ਹੈ। ਕਿਉਂਕਿ ਉਹੀ ਤਾਂ ਉਤਪਤਿ ਦਾ ਪਹਲੋ ਧਿਆਨ ਕਰਦਾ ਹੈ! (ਆਸਾ ਮ: ੫) ਖਿਣ ਭਰ ਵਿਚ ਉਤਪਤੀ ਅਤੇ ਪਰਲੋ ਕਰਨ ਵਾਲਾ ਹੈ ਇਹੀ ਉਸਦੀ ਕਰਤਾਰੀ ਸ਼ਕਤੀ ਦਾ ਪਰਿਚਯ ਹੈ। ਉਹ ਸਰਬ ਸ਼ਕਤੀਮਾਨ ਨਾ ਕੇਵਲ 'ਪੰਡਿਤ ਉਧਰੇ ਅਤੇ ਪਾਥਰ ਤਰਾਵੈ' ਹੈ ਸਗੋਂ ਉਹ ਤਾਂ 'ਬਿਨ ਸਾਸ ਰਾਖੇ' ਭੀ ਹੈ ਤੇ ਨਾ ਜਾਣੇ ਖਿਨ ਭਰ ਵਿਚ ਰਾਜੇ ਨੂੰ ਰੰਕ ਅਰਥਾਤ ਨਿਰਧਨ ਨੂੰ ਧਨਵਾਨ, ਕੀ ਕੁਝ ਨਹੀਂ ਬਣਾ ਸਕਦਾ। ਇਹੀ ਉਸਦੀ ਸਰਬ ਸ਼ਕਤੀਮਾਨਤਾ ਹੈ। 'ਭੈ ਵਿਚ ਸਭੋ ਆਕਾਰ' ਨਿਰਭਉ ਹਰ ਜੀਉ† ਸੋਈ ਆਕਾਰ ਰਹਿਤ ਹੁੰਦਿਆਂ ਹਇਆਂ, ਉਹ ਆਪੇ ਨਿਰਭੈ ਤੇ ਨਿਰਵੈਰ ਹੈ ਤੇ ਅਕਾਲ ਹੁੰਦੇ ਹੋਇਆਂ ਭੀ ਉਹ ਹੈ ਜ਼ਰੂਰ ਅਤੇ ਹੈ ਸਭ ਆਪੇ ਹੀ ਉਤਪੰਨ ਹੋਇਆ। ਇਸ ਤਰ੍ਹਾਂ ਉਹ ਨਿਰੰਜਨ, ਨਿਰਾਕਾਰ, ਨਿਰਬਾਣ (ਸੁਖਮਨੀ ੨੧) ਹੈ, ਉਸਦੇ ਗੁਣਾਂ ਦੀ ਜਿਨੀ ਪਛਾਣ ਕਰਾਈ ਜਾਵੇ ਉਨੀ ਹੀ ਥੋੜੀ ਹੈ। ਸ਼ਾਇਦ ਇਸੇ ਲਈ ਥਕ ਕਿ ਗੁਰੂ ਬੋਲੇ 'ਬਹੁਤਾ ਕਹੀਏ, ਬਹੁਤਾ ਹੋਇ' ਉਸ ਦਾ ਤਾਂ ਜਿਨਾ ਵਿਖਿਆਨ ਕੀਤਾ ਜਾਏ, ਵਧਦਾ ਹੀ ਜਾਂਦਾ ਹੈ। ਇਸ ਲਈ ਲੌਕਿਕ ਗੁਣਾਂ ਦਾ ਵਿਖਿਆਨ ਕੀਤੇ ਬਗੈਰ ਹੀ ਸ਼ਾਂਤ ਹੋ ਜਾਣਾ ਠੀਕ ਹੈ। ਇਹੀ ਹਨ ਸ਼ਿਸ਼ ਜਗਤ ਦੇ ਗੁਰੂ, ਗੁਰੂ ਗ੍ਰੰਥ ਅਤੇ ਉਸਦੇ ਭੀ ਸਤਿਗੁਰੂ ਨਾਨਕ ਅਤੇ ਉਸਦੇ ਭੀ ਸਤਿਗੁਰੁ ਦੀ ਇਹ ਝਲਕ ਦੀ ਲੋੜ ਵੀ ਨਹੀਂ, ਕੇਵਲ 'ਕੀਤਾ ਪਸਾਉ' ਇਕੋ ਕਵਾਉ (ਜਪੁਜੀ ੧੬) ਉਸਦੀ ਇਕ ਇਛਾ ਹੋਈ ਅਤੇ ਸੰਪੂਰਣ ਸ੍ਰਿਸ਼ਟੀ ਕਰਮ ਆਪੇ ਹੀ ਤੁਰ ਪਿਆ। ਪਰ ਇਸ ਕਰਮ ਨੂੰ ਕੋਈ ਨਹੀਂ ਜਾਣਦਾ। ਇਕ ਉਹੀ 'ਜਾਂ ਕਰਤਾ ਸਿਰਠੀ ਕੋ ਸਾਜੇ, ਆਪੇ ਜਾਣੇ ਸੋਈ' (ਜਪੁਜੀ ੨੧) ਜਾਣਦਾ ਹੈ। ਅਸਲ ਵਿਚ ਸ੍ਰਿਸ਼ਟੀ ਉਸਦਾ ਕ੍ਰੀੜਾ ਸਥਲ ਹੈ। ਉਹੀ ਖੇਲੇ ਸਗਲ ਜਗਤ। ਉਹੀ ਆਪ ਇਸ ਸ੍ਰਿਸ਼ਟੀ ਦਾ ਨਮਿਤ ਤੇ ਉਪਾਦਾਨ ਕਾਰਣ ਭੀ ਹੈ। ਕਿਉਂਕਿ ਉਸ ਨੇ ਹੀ ਤਾਂ ਆਪੈ ਕੀਨੈ ਵਿਸਤਾਰ, ਪਸਾਰ ਆਪੇ ਹੀ ਕੀਤਾ ਹੈ। ਬਾਹਰ ਤੋਂ ਕੁਝ ਨਹੀਂ ਲੀਤਾ, ਸਭ ਕੁਝ ਉਸਦਾ ਉਹੀ ਕਰਨੇ ਹਾਰ ਹੈ। ਇਸ ਲਈ ਉਸ ਤੋਂ ਭਿੰਨ ਸੰਸਾਰ ਵਿਚ ਕੁਝ ਨਹੀਂ ਤੇ ਇਕ ਉਹੀ ਸਰਬ-ਵਿਆਪਕ ਹੈ।

---

† ਮਾਝ ਮ: ੫



Digitized by Panjab Digital Library | www.panjabdigilib.org

ਇਸਦੇ ਨਿਰਮਾਣ ਦਾ ਭੀ ਇਕ ਕ੍ਰਮ ਹੈ । ਉਹ ਭੀ 'ਜਿਵੇਂ ਜਿਵੇਂ ਹੁਕਮ ਤਿਵੇਂ ਤਿਵੇਂ ਕਾਰ' (ਜਪੁਜੀ ੩੭) ਉਸਦੀ ਆਗਿਆ ਦੇ ਅਨੁਕੂਲ ਹੀ ਸ੍ਰਿਸਟੀ ਵਿਕਸਿਤ ਹੁੰਦੀ ਹੈ । ਬਾਜੀਗਰ ਦੀ ਬਾਜੀ ਵਾਂਗ ਉਸਨੇ ਆਪ ਹੀ ਵਿਚਾਰ ਕਿ ਨਾਨਾ ਰੂਪ ਭੇਖ ਦਿਖਲਾਏ‡ । ਇਨ੍ਹਾਂ ਭਿੰਨ ਭਿੰਨ ਰੂਪਾਂ ਨੂੰ ਸਪਸ਼ਟ ਕੀਤਾ ਹੈ । "ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੇ ਨੀਤ ਜਗ ਰਚਨਾ ਤੈਸੀ ਰਚੀ ਕਹੁ ਨਾਨਕ ਸੁਣ ਮੀਤ" ਕਈ ਜਨਮ ਗਜ ਮੀਹ ਕਰੰਗਾ । ਕਈ ਜਨਮ ਪੰਖੀ ਸਰਪ ਹੋਇਉ ਭੇਖ ਦਾ ਵਿਕਾਸ ਇਸ ਤਰ੍ਹਾਂ ਹੋਇਆ । 'ਕਈ ਜਨਮ ਭਏ ਕੀਟ ਪਤੰਗ ਕਈ ਜਨਮ ਹੈਵਰ ਵਰਿਖ ਜੋ ਪਿਓ ।' ਇਨ੍ਹਾਂ ਹੀ ਨਹੀਂ ਸ੍ਰਿਸ਼ਟੀ ਰਚਨਾ ਦੇ ਨਿਯਮਿਤ ਵਿਕਾਸ ਕਰਨ ਵਿਚ ਪਵਨ ਪਾਣੀ, ਅਗਨੀ ਪਾਤਾਲ ਤੇ ਧਰਤੀ ਆਦਿ ਭੀ ਹੋਏ ਹਨ । ਇਸ ਤਰ੍ਹਾਂ ਬ੍ਰਹਮ ਦੀ ਅਨੰਤ ਰਚਨਾ ਵਿਚ ਕਰੋੜਾਂ ਜੋਗੀ ਸੁਨੀ ਗਜਾ, ਪਥੀ ਧਗ।, ਪਥਰ, ਬਿਰਖ, ਪਵਨ ਪਾਣੀ, ਬੈਸੰਤਰ, ਦੇਸ ਮੰਡਵ ਸਸੀਅਰ, ਸੁਰ ਵਿਖਿਅਤਰ, ਦੇਵ ਦਾਨਵ ਇੰਦਰ ਆਦਿ ਸ਼ੰਕਰ ਦੀ ਸ੍ਰਿਸ਼ਟੀ ਵਾਂਗ ਨਾ ਤਾ ਇਹ ਕੇਵਲ ਆਭਾਸ ਹੈ ਅਤੇ ਨਾਂ ਹੀ ਸੂਖਮ ਮਿਥਿਆ । ਸਗੋਂ ਇਹ ਤਾਂ 'ਨਾਨਕੁ ਸੱਚੇ ਕੀ ਸਾਚੀ ਕਾਰ' (੨. ੪. ਤਾ) ਪਰਮੇਸਰ ਦੀ ਕਿਰਤੀ ਸਚ ਹੀ ਹੈ ਕਿਉਂਕਿ ਉਹ ਆਪ ਹੀ ਸਤਿ ਹੈ ਇਸ ਲਈ ਉਸਨੇ ਕੀਆ ਸਭ ਸਚਿ । ਸਭ ਕੁਝ ਸਤਿ ਹੀ ਕੀਤਾ ਹੈ । ਗੁਰੂ ਨੇ ਇਸੇ ਵਿਚਾਰ ਨੂੰ ਹੋਰ ਦ੍ਰਿੜ੍ਹ ਸ਼ਬਦਾ ਵਿਚ ਪ੍ਰਗਟਾਇਆ ਸੈ 'ਸਚੁ ਸਚੁ ਸਚੁ ਸਚੁ ਸਭ ਕੀਨੈਂ । ਇਸ ਲਈ 'ਸੱਚਾ ਆਪ ਸੱਚਾ ਦਰਬਾਰ' 'ਜਪ ਤਪ ਵਾਹਿਗੁਰੂ ਦਾ ਸਾਰਾ ਦਰਬਾਰ (ਬ੍ਰਹਮੰਡ) ਉਸਦੇ ਵਾਂਗ ਹੀ ਸੱਚ ਹੈ । ਇਹ ਸ਼ੰਕਰ ਵਾਂਗ ਨਾਂ ਤਾਂ ਪ੍ਰਤਿਭਾਸਤ ਹੈ ਅਤੇ ਨਾ ਹੀ ਮਿਥਿਆ ।

ਬ੍ਰਹਮ ਤੋਂ ਅਵਰਭੂਤ ਹੋਣ ਕਰਕੇ ਇਸ ਦੇ ਵਿਚ ਸਤ—ਰਜ, ਤਮ ਤਿੰਨੇ ਗੁਣਾਂ ਦਾ ਵਿਕਾਸ ਹੁੰਦਾ ਹੈ । ਇਹ ਤਿੰਨੇ ਗੁਣ ਉਸਦੀ ਸ਼ਕਤੀ ਹਨ । ਇਨ੍ਹਾਂ ਦੇ ਅਨੁਪਾਤ ਵਿਚ ਵਿਸ਼ਮਤਾ ਹੀ ਪ੍ਰਕ੍ਰਿਤੀ ਤੇ ਲਗਾਤਾਰ ਪਰਿਵਰਤਨ ਦਾ ਕਾਰਣ ਹੈ ਇਸ ਲਈ ਪਰਮਾਤਮਾ ਤੇ ਆਤਮਾ ਦੀ ਤਰ੍ਹਾਂ ਪ੍ਰਕਿਰਤੀ ਭੀ

‡ ੧੪੨੭ ਮ: ੯੨੫



Digitized by Panjab Digital Library | www.panjabdigilib.org

ਸਤ ਚਿਤ ਤੇ ਆਨੰਦ ਹੈ । ਇਸ ਵਿਚ ਕਿਸੇ ਦਾ ਭੀ ਲੋਪ ਨਹੀਂ ਸਗੋਂ ਅਧੂਰਾ ਵਿਕਸਿਤ ਹੋਣ ਕਰਕੇ ਅਭਾਵ ਹੋ ਸਕਦਾ ਹੈ । ਇਹ ਅਭਾਵ ਨਹੀਂ ਅਧੂਰੇ ਮਨ ਦਾ ਸੂਚਕ ਹੈ ਕਿਉਂਕਿ ਪ੍ਰਕ੍ਰਿਤੀ ਤਾਂ ਸਦਾ ਵਾਂਗ ਹੀ ਪਰਿਵਰਤਨ-ਸ਼ੀਲ ਰਹੇਗੀ ਹੀ ਏਕ ਵੇਸ਼ ਤਾਂ ਕੁਝ ਉਹੀ ਹੈ । ਸ੍ਰਿਸ਼ਟੀ ਵਿਚ ਜੜ੍ਹ ਕੁਝ ਨਹੀਂ, ਸਭ ਕੁਝ ਚੇਤੰਨ ਹੈ ਤਾਂ ਬਹੁਤ ਕੁਝ ਅਵਿਕਸਿਤ ਰੂਪ ਵਿਚ ਹੈ । ਨਿਰਤਰ ਵ੍ਰਿਕਸਿਤ ਹੋਣ ਦੇ ਨਾਲ ਨਾਲ ਜਿਸ ਵਿਚ ਜਿਨ੍ਹਾਂ ਚੇਤੰਨ ਉਤਰ ਆਉਂਦਾ ਹੈ ਉਨ੍ਹਾਂ ਹੀ ਉਹ ਪੂਰਣਤਾ ਵਲ ਵਧਦਾ ਜਾਂਦਾ ਹੈ ।

ਪਰੰਤੂ ਇਹ ਕਦੀ ਪੂਰਣ ਨਹੀਂ ਹੋ ਸਕਦਾ ਕਿਉਂਕਿ ਤੂੰ ਪੂਰਾ ਹਮ ਉਰੇ ਹੋਲੇ ਤੂ ਗਉਰਾ ਤਰ੍ਹਾਂ ਹਉ ਹੈ ; ਇਕ ਮਾਤਰ ਉਹੀ ਪੂਰਾ ਹੈ ਤਦ ਭੀ ਪ੍ਰਾਣੀਆ ਚੋਂ ਸਭ ਤੋਂ ਸਰਬ ਉਤਮ ਪ੍ਰਾਣੀ ਮਨੁਖ ਬੁਧੀ ਜੀਵੀ ਹੋਣ ਕਰਕੇ ਸਦਾ ਹੀ ਇਸ ਦਿਸ਼ਾ ਵਿਚ ਪ੍ਰਯਤਨ-ਸ਼ੀਲ ਰਹਿਆ ਹੈ ਅਤੇ ਰਹੇਗਾ ਭੀ ਇਹੀ ਉਸਦੀ ਪ੍ਰਾਪਤੀ ਦਾ ਸੂਚਕ ਹੈ ।

ਇਸ ਮੇਲ ਦਾ ਅੰਤ ਕੀ ਹੈ । ਖੇਲੁ ਸਕੋਚੇ ਤਉ ਨਾਨਕ ਏਕੈ ।

ਇਸ ਤਰ੍ਹਾਂ ਜੀਵਾਂ ਲਈ ਜਿਸ ਜਗਤ ਦਾ ਉਸਨੇ ਪਰਸਾਰ ਕੀਤਾ ਸੀ ਉਸਨੂੰ ਉਹ ਆਪੇ ਹੀ ਸੰਕੋਚ ਲੈਂਦਾ ਹੈ । ਅਤੇ ਇਹ ਵਿਸ਼ਾਲ ਬ੍ਰਹਮੰਡ ਜਿਸਤੇ ਉਪਜੇ ਤਿਸ-ਮਾਹਿ ਸਮਾਇ, ਉਸੇ ਵਿਚ ਸਮਾ ਜਾਂਦਾ ਹੈ ਤਾਂ ਇਹ ਸਭ ਕੀ ਸੀ । ਨਾ ਕਿਛ ਜਨਮੇ ਨਾ ਕਿਛ ਮਰੈ ਇਹ ਸ਼ਭ ਤਾਂ ਉਸੇ ਦੀ ਆਪਣੀ ਸ਼ਕਤੀ ਦੁਆਰਾ ਅਵਿਰਤਭਾਵ ਸੀ ਅਤੇ ਸਭ ਕੁਝ ਉਸੇ ਵਿਚ ਖਤਮ ਹੋ ਗਇਆ । ਇਹੋ ਹੈ ਅਨੰਤ ਦੀ ਬਿਅੰਤ ਸਿਰ ਸ਼ਿਕਸ਼ਾ ਤੇ ਬਿਅਤ ਸ੍ਰਿਸ਼ਟੀ ਦਾ ਅਨੰਤ ਲਈ ਅਨੰਤ ਵਿਚ ਮਿਲਣਾ ।

੩. **ਜੀਵਾਤਮਾ**—ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ ਇਕ ਜੀਵ ਭੀ ਉਸ ਅੰਮ੍ਰਿਤ ਜੋਤ ਦਾ ਸਰੂਪ ਹੈ । ਇਹ ਉਸੇ ਦੀ ਉਪਜ ਹੈ ਉਸ ਦਾ ਅੰਸ਼ ਹੈ ਇਸ ਲਈ ਉਸਦੇ ਗੁਣ ਇਸ ਵਿਚ ਥੋੜੇ ਬਹੁਤ ਮਿਲਦੇ ਹਨ । ਇਸੇ ਸੰਬੰਧ ਨੂੰ ਸ਼ਬਦਾਵਲੀ ਵਿਚ ਅਨਿਨ ਚੰਗਾਰੀ ਦੇ ਸੰਬੰਧ ਨਾਲ ਸਪਸ਼ਟ ਕਰਦਿਆਂ ਹੋਇਆਂ ਉਨ੍ਹਾਂ ਨੇ ਲਿਖਿਆ ਹੈ ਜੈਸੇ ਏਕ ਆਗ ਤੇ ਕਨੋਖਾ ਆਗ ਉਠੈ (ਅਕਾਲ ਉਸਤਤ ਦਸਮ ਗ੍ਰੰਥ) ਠੀਕ ਉਸੇ ਤਰ੍ਹਾਂ ਬ੍ਰਹਮੰਡ ਇਹ ਆਤਮਾ ਤੋਂ ਉਤ ਪੋਤ ਹੋਈਹੈ ਤੇ ਸਰੀਰ ਧਾਰੀ ਆਤਮਾ ਹੀ ਜੀਵ ਕਹਾਉਂਦਾ



Digitized by Panjab Digital Library | www.panjabdigilib.org

ਹੈ ਇਸ ਸੰਬੰਧ ਨੂੰ ਹੋਰ ਥਾਂਵਾਂ ਤੇ 'ਤੂ ਮਾਤ ਪਿਤਾ ਹਮ ਬਾਲਿਕ ਤੇਰੇ ਕਹਿਕੇ ਗੁਰੂਆਂ ਨੇ ਸਪਸ਼ਟ ਹੀ ਸਵੀਕਾਰ ਕੀਤਾ ਹੈ ।

ਇਸੇ ਤਰ੍ਹਾਂ ਜੀਵਨੀਆਂ ਅਨੰਤ ਹਨ ਕਿਉਂਕਿ ਵਿਕਾਸ ਤਾਂ ਚਲਦਾ ਹੀ ਰਹਿੰਦਾ ਹੈ ('ਇਕ ਦੂਜੀ ਭਉ ਲਖ ਹੋਇ ਲਖ ਹੋਵੇ ਲਖਵੀਸ'* (ਜਪੁਜੀ ੩੨) ਉਹ ਆਪ ਹੀ ਤਾਂ ਪਸਰਿਉ ਆਪ ਹੀ ਹੋਇ ਅਤਿ ਤਰੰਗਾ ਸਮੁੰਦਰ ਦੀਆਂ ਅਨੰਤ ਤਰੰਗਾਂ ਵਾਂਗ ਉਹ ਆਪ ਹੀ ਅਨੰਤ ਜੀਵ ਦੇ ਰੂਪ ਵਿਚ ਪਰਸਾਰਿਤ ਹੋਇਆ ਹੈ ਤੇ 'ਮਰਣ ਹਾਰੁ ਇਹ ਜੀਉਰਾ ਨਾਹਿ ।† ਇਹ ਜੀਵ ਉਸੇ ਦਾ ਅੰਸ਼ ਹੋਣ ਕਰਕੇ ਮਰਦਾ ਨਹੀਂ । ਦੇਹਿ ਬਦਲ ਸਕਦਾ ਹੈ । ਪਰ ਨਸ਼ਟ ਨਹੀਂ ਹੁੰਦਾ ।‡ ਹਾਂ ਮੌਕਾ ਆਣ ਤੇ ਉਸੇ ਵਿਚ ਲੀਨ ਜ਼ਰੂਰ ਹੋ ਜਾਂਦਾ ਹੈ । ਪੰਜ ਤੱਤਾਂ ਨੂੰ ਮਿਲਾਕੇ ਇਸ ਦੇਹ ਦਾ ਨਿਰਮਾਣ ਹੋਇਆ ਹੈ § ਪੰਜ ਤੱਤ ਮਿਲੀ ਇਹੋ ਤਨ ਕੀਨਾ । ਦੇ ਨਸ਼ਰ ਹੁੰਦਿਆਂ ਹੋਇਆ ਭੀ ਸੁਸਤ ਨਹੀਂ ਸਗੋਂ ਇਹ ਮਾਣ ਵਾਲਾ ਤੇ ਸੁਭਾਗ ਸ਼ਾਲੀ ਹੈ ਕਿਉਂਕਿ ਇਸ ਦੇਹੀ ਕੋ ਸਿਮਰੇ ਦੇਵ ਦੇਵਤਾ ਤੱਕ ਭੀ ਇਸ ਦੁਰਲਭ ਮਾਨਵ ਨੂੰ, ਖਾਣ ਲਈ ਵਾਹਿਗੁਰੂ ਦਾ ਸਿਮਰਣ ਕਰਦੇ ਹਨ । ਇਸ ਲਈ ਜੀਵ ਨੂੰ ਉਸਦਾ ਮਹੱਤਵ ਸਮਝਕੇ ਇਸ ਦਾ ਸ਼ੁਧ ਪ੍ਰਯੋਗ ਕਰਨਾ ਚਾਹੀਦਾ ਹੈ ਕਿਉਂਕਿ ਉਹੀ ਤਾਂ ਸਰਬ ਪ੍ਰਾਣੀਆਂ ਵਿਚੋਂ ਉੱਤਮ ਹੈ । ਜੀਵ ਭੀ ਸੰਪੂਰਣ ਸ੍ਰਿਸ਼ਟੀ ਵਾਂਗ ਉਸੇ ਦੇ ਹੀ ਨਿਯੰਤਰਨ ਵਿਚ ਹੈ । ਕਿਉਂਕਿ ਮਾਰੇ ਰਾਖੇ ਇਕੋ ਆਪ, ਮਨੁਖ ਕੈ ਕਿਛ ਨਾਹੀਂ ਹਾਥ' () ਮਨੁਖ ਦੇ ਤਾ ਕੁਛ ਹੱਥ ਨਹੀਂ ਉਹ ਚਾਹੇ ਮਾਰੇ ਚਾਹੇ ਰਾਖੇ, ਇਸ ਲਈ ਭਲਾਈ ਇਸੇ ਵਿਚ ਹੈ ਕਿ ਜਿਉਂ ਪ੍ਰਭੂ ਰਾਖੇ ਤਿਵੇਂ ਹੀ ਰਹੇ । ਜੀਵ ਆਪੇ ਕੁਝ ਈ ਨਹੀਂ: ਕਰ ਸਕਦਾ । ਉਹੀ 'ਜੋ ਭਾਵ ਸੋ ਕਾਰ ਕਰਾਵੈ[] ਉਸਦੇ ਸਾਹਮਣੇ ਕੁਛ

*੨੨੫ ਮ: ੫. ੮.

†ਰਾਗ ਗਾਉੜੀ ਮ: ੫.

‡ਵਸਾਇ ਜੀਵਣਾ ਵਾਧਾਂ ਵਿਰਾਜਿ ਆਦਿ ਗੀਤਾ ਅਧਿਆਇ

§੧੩੨ ਮ: ੭.

()੨੮੧ ਮ: ੫. ੧.

[]੨੭੭ ਮ: ੫.  :੨੭੭ ਮ: ੫. ੨.  ::੧੧੧੪ ਮ: ੫. ੩੧,



Digitized by Panjab Digital Library | www.panjabdigilib.org

ਭੀ ਕਰਨ ਵਿਚ ਸੁਤੰਤਰ ਨਹੀਂ ਤੇ ਹੋਣਾ ਭੀ ਉਹੀ ਹੈ ਜੋ ਕੁਝ ਉਹ ਕਰਵਾਂਦਾ ਹੈ। ਇਸ ਤਰ੍ਹਾਂ ਜੀਵ ਆਪਣੀ ਪਰਵਰਸ਼ ਦਾ ਅਨੁਭਵ ਕਰਾਕੇ ਹਉਮੈ ਨੂੰ ਗਵਾਕੇ ਨਿਮਰ ਹੋ ਕੇ ਪੂਰਣ ਆਤਮ ਸਮਰਪਣ ਕਰਕੇ ਆਪਣੇ ਰੂਪ ਨੂੰ ਪ੍ਰਹਿਚਾਨਦਾ ਹੋਇਆ ਕਹਿੰਦਾ ਹੈ 'ਸਭ ਗੁਣ ਤੇਰੇ ਮੈਂ ਨਾਹਿ ਕੋਇ। (ਜਪੁ ਜੀ ੪) ਜੀਵ ਦੀ ਤਾਂ ਆਪਣੀ ਕੋਈ ਸਤਾ ਹੀ ਨਹੀਂ ਕਿਉਂਕਿ ਜੀਵ ਤਾਂ ਪੂਰਣ ਬ੍ਰਹਮ ਦਾ ਇਕ ਨਿੱਕਾ ਜਿਹਾ ਅੰਸ਼ ਹੈ। ਇਸ ਤਰ੍ਹਾਂ ਉਸਦੀ ਮਹੱਤਤਾ ਨੂੰ ਸਮਝਣ ਤੋਂ ਮਗਰੋਂ ਹੀ ਜੀਵ ਉਸਦੇ ਨਾਲ ਅਨੇਕਾਂ ਸੰਬੰਧ ਸਥਾਪਿਤ ਕਰਦਾ ਹੈ। ਕਿਧਰੇ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ* ਇਹ ਕਹਿਕੇ ਉਸਦਾ ਬਾਲਕ ਬਣਦਾ ਹੈ ਤੇ ਕਿਧਰੇ 'ਤੂੰ ਠਾਕਰ ਹਮ ਦਾਸ ਤੁਮਾਰੇ' ਕਹਿਕੇ ਆਪਣੀ ਨਮਰਤਾ ਪ੍ਰਗਟਾਂਦਾ ਹੈ। ਕਿਧਰੇ ਤੂੰ ਜਲ ਨਿਸ 'ਹਮ ਮੀਨ ਤੁਮਾਰੇ ਕਹਕੇ ਜਲ ਬਗੈਰ ਤੜਪਦੀ ਮਛਲੀ ਦੀ ਅਵਸਥਾ ਨਾਲ ਆਪਣੀ ਤੁਲਨਾ ਕਰਦਾ ਹੈ ਤੇ ਰੱਬ ਨੂੰ ਛੱਡ ਨਹੀਂ ਸਕਦਾ ਕਿਉਂਕਿ ਜੋ ਤੁਮ ਗ੍ਰਿਹਿ ਵਰਤੋ ਹਮ ਮੋਰਾ। ਮੋਰ ਵਾਂਗ ਉਸਨੂੰ ਉਸਦਾ ਪਿੱਛਾ ਕਰਨਾ ਪੈਂਦਾ ਹੈ। ਇਨਾਂ ਹੀ ਨਹੀਂ ਸੰਸਾਰ ਦੇ ਸਾਰੇ ਸੰਬੰਧਾਂ ਤੇ ਗੂੜ੍ਹਾ ਸਬੰਧ ਪਤੀ ਪਤਨੀ ਦਾ ਹੈ ਤੇ ਆਤਮਾ ਆਪੇ ਹੀ ਭਗਵਾਨ ਦੀ ਪਤਨੀ ਬਣਨ ਲਈ ਆਪਣੇ ਆਪ ਨੂੰ ਸਭ ਤਰੀਕੇ ਨਾਲ ਉਸ ਕੋਲ ਸਮਰਪਣ ਕਰ ਚੁਕੀ ਹੈ। ਇਹੋ ਉਸਦਾ ਆਖ਼ਰੀ ਲੌਕਿਕ ਸੰਬੰਧ ਹੋ ਸਕਦਾ ਹੈ। ਇਸ ਤਰ੍ਹਾਂ ਜੀਵ-ਆਤਮਾ ਦੀ ਸੁਭਾਵਕ ਇੱਛਾ ਹੁੰਦੀ ਹੈ ਕਿ ਉਹ ਆਪਣੇ ਉਦਗਮ ਵਲ ਵਧ ਚਲੇ। ਇਸੇ ਗਿਆਨ ਵਿਚ ਉਸਨੂੰ ਪਤਾ ਚਲਦਾ ਹੈ ਕਿ ਸੋ ਪ੍ਰਭੂ ਦੂਰ ਨਾਹਿ ਪ੍ਰਭੂ ਤੂੰ ਹੈ† ਕੇਵਲ ਆਪਣੇ ਅੰਤਹਕਰਣ ਵਿਚ ਹੀ ਉਸਨੂੰ ਅਨੁਭਵ ਕਰਨ ਦੀ ਜ਼ਰੂਰਤ ਹੈ ਕਿਉਂਕਿ ਆਤਮ ਮਹਿ ਰਾਮ ਰਾਮ ਮਾਹਿ ਆਤਮ। ਪਰ ਇਸ ਸਚਾਈ ਨੂੰ ਪਛਾਨਣ ਵਾਲੇ ਬਹੁਤ ਘਟ ਹਨ‡, ਜੀਵਾਂ ਵਿਚੋਂ ਭੀ ਉਤਮ ਸਤਿਗੁਰੂ ਹੈ ਉਸਦਾ ਪਰਿਚਯ ਗੁਰੂ ਗੋਬਿੰਦ ਰੂਪ ਇਨਾ ਤਾਂ ਕਹਿ ਦੇਣ ਤੋਂ ਹੀ ਸਪਸ਼ਟ ਹੋ ਜਾਂਦਾ ਹੈ। ਅਸਲ ਵਿਚ ਗੁਰੂ ਗ੍ਰੰਥ ਵਿਚਲਾ ਸਤਿਗੁਰੂ ਅਵਤਾਰਾਂ ਤੋਂ

---

*੩੫੪. ਮ: ੧.

†੧੧੫੩. ਮ: ੧.

‡੨੭੨, ਮ: ੫, ੬।



Digitized by Panjab Digital Library | www.panjabdigilib.org

ਭੀ ਵੱਧ ਸ਼ਕਤੀ ਸ਼ਾਲੀ ਹੈ। ਜੀਵ ਨੂੰ ਬ੍ਰਹਮ ਦੀ ਸਰਵੋਤਮ ਦੇਣ ਹੈ। ਇਹ ਇਹ ਪ੍ਰਭ ਹੀ ਨਹੀਂ ਸਗੋਂ ਇਸੇ ਸ਼੍ਰੇਣੀ ਦੇ ਸੰਤ ਤੇ ਬ੍ਰਹਮ ਗਿਆਨੀ ਦਾ ਪਰਿਚਯ ਭੀ ਜ਼ਰੂਰੀ ਹੈ। ਸਤਿਗੁਰੂ ਨਾ ਹੁੰਦਿਆਂ ਹੋਇਆ ਭੀ ਇਹ ਇਸੇ ਦੇ ਹੀ ਭਿੰਨ ਰੂਪ ਮੰਨੇ ਜਾ ਸਕਦੇ ਹਨ ਤੇ ਬ੍ਰਹਮ ਸਾਧ ਰਿਦੈ ਬਸੈ§ ਤੇ ਅੱਗੇ ਵਧਦੇ ਵਧਦੇ 'ਨਾਨਕ ਸਾਧੂ ਪ੍ਰਭੂ ਭੇਦ ਨਾ ਭਾਈ() ਉਹ ਭੀ ਉਸ ਅਕਹਿ ਅਵਸਥਾ ਤੱਕ ਪੁੱਜ ਜਾਂਦਾ ਹੈ। ਅਸਲ ਵਿਚ ਉਪਦੇਸ਼ ਕਰਕੇ ਵਿਅਕਤਿਗਤ ਹੱਦ ਨੂੰ ਦੂਰ ਕਰਦਾ ਹੈ। ਸੰਤ ਆਪੈ ਸਾਧੂ ਹੁੰਦਾ ਹੋਇਆ ਭੀ ਪਰੁਪਕਾਰ ਵਿਚ ਇੰਨਾ ਮਗਨ ਰਹਿੰਦਾ ਹੈ ਕਿ ਉਸਨੂੰ ਆਪਣੇ ਕੰਮਾਂ ਤੇ ਆਪਣੀ ਹੋਂਦ ਦਾ ਭੀ ਪਤਾ ਨਹੀਂ ਰਹਿੰਦਾ। ਇਸੇ ਲਈ 'ਸੰਤਾਂ ਦੇ ਕਾਰਜ ਆਪ ਖਲੋਆ, ਕਾਜੁ ਕਰਾਵਣ ਆਇਆ' ਬ੍ਰਹਮਾ ਆਪੇ ਹੀ ਉਨ੍ਹਾਂ ਦੇ ਕੰਮ ਕਰਾਣ ਨੂੰ ਆ ਜਾਂਦਾ ਹੈ। ਇਨ੍ਹਾਂ ਤੋਂ ਅੱਗੇ ਬ੍ਰਹਮ ਗਿਆਨੀ ਦੀ ਤਾਂ ਗੱਲ ਹੀ ਕੀ ਉਹ 'ਬਬਨ ਤੇ ਮਕੁਤਾ' ਹੋ ਕੇ ਬੈਸੇ ਪ੍ਰਭੂ ਸੰਗ ਤੇ ਹੌਲੀ ਹੌਲੀ ਆਪ ਹੀ ਪਰਮੇਸੂਰ ਨਾਂ ਕੇਵਲ ਆਪੇ ਬਹਮ ਬਣ ਜਾਂਦਾ ਹੈ। ਸਗੋਂ ਉਸੇ ਵਿਕਾਸ ਰੂਪ ਵਿਚ ਸ੍ਰਿਸ਼ਟੀ ਕਰਤਾ ਤੇ ਮੁਕਤੀ ਦਾਤਾ ਬਣਦਾ ਹੋਇਆ ਪੂਰਣ ਪੁਰਖ ਵਿਧਾਤਾ[] ਬਣ ਜਾਂਦਾ ਹੈ।

ਹੁਣ ਕਿਸੇ ਨੂੰ ਉਸਦੀ ਮਹਾਨਤਾ ਵਿਚ ਸੰਦੇਹ ਨਹੀਂ ਰਹਿ ਜਾਂਦਾ ਇਸ ਲਈ ਆਪਿ ਨਿਰੰਕਾਰ ਕਹਿ ਕੇ ਮਨੁੱਖ ਮਾਤਰ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਹਰ ਇਕ ਮਨੁੱਖ ਦੇ ਜੀਵਨ ਦਾ ਸਾਧਨ ਅਤੇ ਸਾਧ ਦੋਨੋਂ ਹੀ ਬ੍ਰਹਮ ਗਿਆਨੀ ਦੀ ਸਥਿਤੀ ਵਿਚ ਮਿਲ ਸਕਦੇ ਹਨ। ਉਸਦੀ ਪਹਿਚਾਣ ਇਨ੍ਹਾਂ ਸ਼ਬਦਾਂ ਵਿਚ ਸਪਸ਼ਟ ਕੀਤੀ ਗਈ ਹੈ। ਬ੍ਰਹਮ ਮਾਹਿ ਜਨ ਜਨ ਮਾਹਿ ਪਾਰ ਬ੍ਰਹਮ। *ਇਸ ਤਰ੍ਹਾਂ ਮਾਸ ਅੰਸ਼ੀ ਅਲੱਗ ਨਹੀਂ ਰਹਿੰਦੇ'। ਸੂਰਜ ਕਿਰਣ ਮਿਲੀ ਜਲ ਕਾ ਜਲ ਹੁਆ ਰਾਮ'। †ਆਪਣੀਆਂ ਕਿਰਣਾਂ ਨੂੰ ਇਕੱਠਾ ਕਰਨ

§੨੭੨. ਮ: ੫. ੮.

()੨੭੨. ਪ: ੫. ੮.

[]੨੭੩, ਮ: ੫ ੮.

*੨੯੭ ਮ: ੫. ੩.

†੯੪੬ ਮ: ੫.੪.



Digitized by Panjab Digital Library | www.panjabdigilib.org

ਵਾਲੇ ਸੂਰਜ ਦੀ ਬਹੁ ਭਾਂਤ ਆਤਮਾ ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ। ਤੇ ਪਾਣੀ ਪਾਣੀ ਵਿਚ ਮਿਲਕੇ ਜਿਵੇਂ ਇਕ ਹੋ ਜਾਂਦਾ ਹੈ ਉਸੇ ਤਰ੍ਹਾਂ ਜੀਵ ਤੇ ਬ੍ਰਹਮ ਇਕ ਹੋ ਜਾਂਦੇ ਹਨ। ਇਸੇ ਗਲ ਨੂੰ ਹੋਰ ਸਪਸ਼ਟ ਕਰਨ ਲਈ ਕਿਹਾ ਹੈ ਕੈਸੇ ਕੁੰਭ ਉਦਕ ਤਰਿ ਆਵਿਓ ਤਬ ਉਹੋ ਤਿੰਨ ਦਿਸ਼ਟੀ ਕਹੁ ਨਾਨਕ ਕੁੰਭ ਚਲਿ ਅਹਿ ਤਾਂਹਿਉਂ ਅੰਬ ਅੰਬ ਮਿਲੈ ਦਸਮ ਗਰੰਥ ਵਿਚ ਗੁਰੂ ਗੋਬਿੰਦ ਸਿੰਘ ਨੇ ਭੀ ਇਸੇ ਭਾਵ ਨੂੰ ਹੋਰ ਸ਼ਬਦਾਂ ਵਿਚ ਪ੍ਰਗਟਾਇਆ ਹੈ। ਜੈਸੇ ਇਕ ਆਮ ਤੇ ਕਕੇ ਆਗ ਉਠੈ ਨਿਆਰੇ ਨਿਆਰੇ ਹੋਇਕੇ ਫਿਰ ਆਗ ਮੇਂ ਮਿਲ ਆਇਗੈ। (ਅਕਾਲ ਉਸਤਤ ਦਸਮ ਗਰੰਥ) ਇਸ ਤਰ੍ਹਾਂ ਜੋਤਿ ਜੋਤਿ ਰਲੀ ਸੰਪੂਰਣ ਥੀਆ ਰਾਮ। §ਇਸੇ ਤਰ੍ਹਾਂ ਜੋਤੀ ਦਾ ਅੰਸ਼ ਜੋਤੀ ਵਿਚ ਸਦਾ ਲਈ ਵਿਲੀਨ ਹੋ ਜਾਂਦਾ ਹੈ। ਇਕ ਸਿਖ ਵਿਦਵਾਨ ਦਾ ਮਤ ਹੈ ਕਿ ਗੁਰੂ ਗ੍ਰੰਥ ਵਿਚ ਆਤਮਾ ਤੇ ਪਰਮਾਤਮਾ ਦਾ ਪੂਰਣ ਏਕਾ ਨਹੀਂ ਹੁੰਦਾ ਪਰੰਤੂ ਬ੍ਰਹਮ ‡ਦਾ ਸਾਧ ਜੀਵ ਦੀ ਅੰਤਮ ਸੀੜ੍ਹੀ ਨਹੀਂ। ਅੰਤਮ ਸੀੜ੍ਹੀ ਤਾਂ ਬ੍ਰਹਮ ਵਿਚ ਮਿਲਕੇ ਆਪਣੀ ਸੱਤਾ ਖੋ ਦੇਣੀ ਹੀ ਹੈ ਕਿਉਂ ਕਿ ਗੁਰੂ ਨੇ ਭੀ ਸਪਸ਼ਟ ਹੀ ਕਿਹਾ 'ਜਿਸ ਤੇ ਉਪਜੇ ਨਾਨਕਾ ਸੋਈ ਇਹ ਹੋਇਆ ੮. ਇਸ ਤਰ੍ਹਾਂ ਜੀਵ ਤੇ ਬ੍ਰਹਮ ਦਾ ਆਖਰੀ ਸੰਬੰਧ ਪੂਰਣ ਏਕਾ ਹੀ ਹੈ ਇਹੀ ਹੈ ਜੀਵ ਦੇ ਆਦਿਰ ਭਾਵ ਤੇ ਮਹਾਂ ਜੋਤਿ ਵਿਚ ਤਿਰੋ ਭਾਵ ਦੀ ਕਹਾਣੀ।

**ਸਾਧਯ:**—'ਪ੍ਰਭ ਕੇ ਸਿਮਰਨਿ ਵਿਨਸੈ ਦੂਜਾ' *ਇਸ ਦਵੈਤ ਦਾ ਵਿਨਾਸ ਹੀ ਗੁਰੂ ਗ੍ਰੰਥ ਦਾ ਸਾਧਯ ਹੈ ਤੇ ਇਸਦਾ ਪਰਿਮਾਣ ਹੈ 'ਗੁਰੂ ਪ੍ਰਸਾਦਿ ਨਾਨਕ ਇਕ ਜਾਤਾ' †ਉਮ ਬ੍ਰਹਮ ਨਾਲ ਮਿਲਕੇ ਪੂਰਣ ਏਕਤਾ। ਬਹੁ-ਭਰਮਣ ਸ਼ੀਲ ਗੁਰੂ ਨਾਨਕ ਨੇ ਜਗਤ ਨੂੰ ਵੇਖਿਆ ਸੀ। ਦਾਰਸ਼ਨਿਕ ਵਾਦ-ਵਿਵਾਦ ਤੋਂ ਦੂਰ ਰਹਿ ਕੇ ਭੀ ਉਸਤੋਂ ਪਰਿਚਤ ਸਨ। ਇਸ ਲਈ ਉਨ੍ਹਾਂ ਨੇ ਸ਼ੰਕਰ ਦੇ, ਅਹੰਮ ਧਰਮ ਦਾ ਪਰਚਾਰ ਨਾ ਕਰਕੇ ਸਮੇਂ ਸਥਾਨ ਤੇ

§ਫਿਲਾਸਫੀ ਆਫ ਸਿਖਿਜ਼ਮ ਡਾ: ਸ਼ੇਰ ਸਿੰਘ ਪੰਨਾ ੨੦੨

‡੮੪੬ ਮ: ੫.੪,

* ੨੬੨ ਮ: ੫.੩.

† ੨੮੯ ਮ: ੫.੨੯



Digitized by Panjab Digital Library | www.panjabdigilib.org

ਪ੍ਰਸਥਿਤੀਆਂ ਦੀ ਪੁਕਾਰ ਨੂੰ ਸੁਣ ਉਸਦਾ ਠੀਕ ਹੀ ਉਤਰ ਦੇਣ ਦਾ ਪ੍ਰਯਤਨ ਕੀਤਾ । ਇਸ ਲਈ ਜ਼ਰੂਰੀ ਸੀ ਕਿ ਅਧਿਆਤਮਕ ਮੰਦਰ ਦੇ ਓਚਤਮ ਸਿਖਰ ਤਕ ਲੈ ਜਾਣ ਲਈ ਜਨਤਾ ਨੂੰ ਉਸਦੀ ਹਰ ਇਕ ਪਉੜੀ ਤੋਂ ਜਾਣੂ ਕਰਵਾਇਆ ਜਾਵੇ ਤਾਂ ਕਿ ਜਨ-ਸਾਧਾਰਣ ਉਨ੍ਹਾਂ ਹੀ ਪੌੜੀਆਂ ਨੂੰ ਆਪਣਾ ਮੰਤਵ ਸਮਝਕੇ ਅਗੇ ਵਧਦਾ ਚਲੇ ਤੇ ਹਰ ਇਕ ਮੰਤਵ ਤੇ ਪਹੁੰਚਣ ਤੇ ਮਗਰੋਂ ਉਸਨੂੰ ਪਤਾ ਲੱਗੇ ਕਿ ਅਸਲੀ ਮੰਤਵ ਤਾਂ ਅਜੇ ਹੋਰ ਅੱਗੇ ਹੈ। ਇਸ ਤਰ੍ਹਾਂ ਉਹ ਨਵੇਂ ਉਤਸ਼ਾਹ ਤੇ ਫੁਰਤੀ ਨਾਲ ਲਗਾਤਾਰ ਅੱਗੇ ਵਧਣ ਵਿਚ ਪ੍ਰਯਤਨ ਸ਼ੀਲ ਹੋਵੇ ਜਦੋਂ ਤੀਕ ਕਿ ਸਾਰੇ ਮੰਤਵਾਂ ਦੇ ਭੀ ਮੰਤਵ ਪੂਰਣ ਇਕ ਅਵਸਥਾ ਤਕ ਪਹੁੰਚਕੇ ਉਸ ਬ੍ਰਹਮ ਵਿਚ ਹੀ ਆਪਣੀ ਸੱਤਾ ਨੂੰ ਲੀਨ ਨਾ ਕਰ ਦੇਣ। ਇਹ ਗ੍ਰੰਥ ਦੇ ਮਨੋਵਿਗਿਆਨਕ ਵਿਕਾਸ ਕ੍ਰਮ ਦਾ ਸੂਚਕ ਹੈ ।

ਸੰਸਾਰਕ ਸੰਬੰਧਾਂ ਦੀ ਅਸਥਿਰਤਾ ਦਿਖਾ ਕੇ ਮੋਹ ਮਾਇਆ ਦੇ ਜੰਜਾਲ਼ ਵਿਚ ਫਸਾਉਣ ਵਾਲੀ ਸੱਪਣੀ ਮਾਇਆ ਤੋਂ ਰੱਖਿਆ ਹੀ ਉਸ਼ ਦਾ ਪਹਲਾ ਮਤਵ ਹੈ। ਦੁਖ ਦਰਦ ਤੇ ਪੀੜ ਦੇ ਸੰਸਾਰ ਤੋਂ ਜਨ-ਸਾਧਾਰਣ ਨੂੰ ਧਰਮ ਵੱਲ ਖਿਚਣ ਦਾ ਕਿਨਾਂ ਸਰਲ ਤੇ ਆਦਰਸ਼ਕ ਪ੍ਰਯਤਨ ਹੈ। ਫਿਰ ਕਸ਼ਟ ਵਿਚ ਨਸ਼ਟ ਹੋਣ ਵਾਲੇ ਸਰੀਰ ਦਾ ਪਰਿਚਯ ਦੇ ਕੇ ਸਰਬ ਨਾਸ਼ੀ ਸਥਾਨਕ ਜਮ ਤੋਂ ਰਕਸਾ ਕਿਸ ਮਨੁੱਖ ਨੂੰ ਆਪਣੇ ਵਲ ਨਹੀਂ ਖਿੱਚ ਲੈਂਦੀ। ਇਸੇ ਲਈ ਸਤਿਗੁਰੂ ਦੀ ਸ਼ਰਣ ਵਿਚ ਜਾਣ ਦਾ ਸੰਦੇਸ਼ ਦਿੱਤਾ ਹੈ ਕਿਉਂਕਿ ਉਹ ਹੀ ਕਾਲ ਪਰ ਹਰੈ ।‡ਜਮ ਤੋਂ ਰੱਖਿਆ ਤਾਂ ਹੋ ਗਈ ਪਰੰਤੂ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਭੀ ਅਵਸ਼ਕ ਹੈ। ਇਸ ਲਈ 'ਤਰੈ ਸੰਸਾਰ' ਤੇ ਨਾਮ ਜਪਤ ਨਿਸਤਰੈ §ਭਵ ਸਾਗਰ ਤੋਂ ਪਾਰ ਹੋਣਾ ਜ਼ਰੂਰੀ ਹੀ ਹੈ। ਜਿਥੇ ਪਹੁੰਚ ਕਿ ਮੋਖ ਦੁਆਰਾ ( ਜਪ ) () ਦੇ ਦਰਸ਼ਨ ਹੁੰਦੇ ਹਨ। ਇਸ ਲਈ ਇਹ ਵੱਡਾ ਮੰਤਵ ਪ੍ਰਤੀਤ ਹੁੰਦਾ ਹੈ । ਪਰੰਤੂ ਇਕ ਵਾਰੀ ਮੋਖ ਪਾਕੇ ਕਿਸ ਦੀ ਸੰਸਾਰ ਵਿਚ ਫੇਰ ਆਉਣ ਦੀ ਇੱਛਾ ਰਹਿੰਦੀ ਹੈ। ਇਸ ਲਈ ਆਵਾਗਵਣ

---

‡੨੬੨ ਮ: ੫. ੧.

§੨੬੯ ਮ: ੫. ੧,

()੨੬੪ ਮ: ੫. ੨,



Digitized by Panjab Digital Library | www.panjabdigilib.org

ਦੇ ਚੱਕਰ ਤੋਂ ਛੁੱਟੀ ਪਾਉਣਾ० ਉਸਦਾ ਉਦੇਸ਼ ਹੋ ਜਾਂਦਾ ਹੈ। ਇਹੋ ਹੀ ਉਹ ਵਿਸ਼ਰਾਮ ਸਤਲ ਹੈ ਜਿਸ ਨੂੰ ਪਾਕੇ 'ਅਮਰ ਭਏ ਅਮਰ ਪਦ ਪਾਇਆ। ?ਪਰੰਤੂ ਇਸ ਅਮਰਿਤਾ ਨੂੰ ਠੁਕਰਾਂਦੇ ਹੀ ਦੇਵਤਾ ਭੀ ਮਨੁੱਖੀ ਜੀਵਨ ਦੇ ਹੁੰਦੇ ਹਨ ਤਾਂ ਇਸ ਪਦ ਤੋਂ ਭੀ ਪ੍ਰਗਤੀ ਕਿਵੇਂ ਰੁਕ ਸਕਦੀ ਹੈ। ਇਸ ਲਈ ਪਰਮ ਗਤੀ ਪਾਈਐ'* ਕਿਹਾ ਹੈ। ਪਰੰਤੂ ਇਹ ਪਰਮ ਗਤੀ ਤਾਂ ਪਰਮ ਪਦ ਵਿਚ ਹੀ ਬਦਲ ਜਾਂਦੀ ਹੈ।† ਇਹ ਪਰਮ ਪਦ ਹੀ ਬ੍ਰਹਮ ਦਾ ਸਾਰੰਸ਼ ਹੈ। ਸ਼ਾਇਦ ਇਸੇ ਲਈ ਕੁਝ ਸੁਲਝੇ ਹੋਏ ਵਿਦਵਾਨਾਂ ਨੇ ਇਸ ਸਥਿਤੀ ਨੂੰ ਅੰਤਮ ਸਥਿਤੀ ਸਮਝਕੇ ਮਾਨਵ ਦੁਆਰਾ ਪ੍ਰਾਪਤ ਕਰਨ ਜੋਗ ਉੱਚੀ ਤੋਂ ਓੱਚੀ ਗਤੀ ਦਸਿਆ ਹ।‡ ਇਸੇ ਤਰ੍ਹਾਂ ਪਰਮ ਪਦਮਾਨੇ ਭੀ ਜ਼ਰੂਰੀ ਹੈ। ਕਿ ਸਦਾ ਬਸਈ ਪਾਰ ਬ੍ਰਹਮ ਕੇ ਸੰਗ§ ਉਸਦਾ ਨਿਰੰਤਰ ਸਾਧੇਯ ਪਾਸੇ ਰਹਿਣ ਵਾਲਾ) ਕਰਨ ਵਾਲਾ ਹੀ ਤਾਂ 'ਸੋ ਜਨ ਸਚ ਸਿਆਤਾ'() ਹੈ। ਸਾਹ ਵਿਚ ਸਮਾ ਸਕਦਾ ਹੈ। ਉਸ ਵਿਚ ਇਹ ਸਮਾਉਣਾ ਹੀ ਤਾਂ ਬ੍ਰਹਮ ਅਨੁਭੂਤੀ ਹੈ ਤੇ ਲਗਾਤਾਰ ਇਹ ਬ੍ਰਹਮ ਅਨੁਭੂਤੀ ਹੀ ਪ੍ਰੀਤਮ ਹੈ। 'ਜਿਉ ਜਲ ਮਹਿ ਜਲ ਆਇ ਖਟਾਨਾ ਤਿਉਂ ਜੋਤਿ ਸੰਗ ਜੋਤਿ ਸਮਾਨਾ'[] ਤੇ ਇਸ ਤਰ੍ਹਾਂ 'ਮਿਟ ਗਏ ਗਵਨ ਪਾਏ ਬਿਸਰਾਮ':: ਇਸ ਅਨੰਤ ਬਿਸਰਾਮ ਵਿਚ ਹੀ ਦੂਜਾ ਮਿਟ ਜਾਂਦਾ ਹੈ। ਤੇ 'ਏਕੁ ਜਨਤਾ ਹੋਕੇ ਉਹ ਜੀਵ ਭੀ ਏਕ ਵੇਸ ਬਣ ਜਾਂਦਾ ਹੈ। ਇਹੋ ਹੀ ਹੈ ਗੁਰੂ ਗ੍ਰੰਥ ਦੇ ਸਾਧ ਦਾ ਭੀ ਬਧ ਤੇ ਅਧਿਆਤਮ-ਮੰਦਰ ਦਾ ਉਚੇ ਤੋਂ

० ੨੬੨ ਮ: ੨

?੨੬੩ ਮ: ੫ ੨੨

*੨੬੪ ਮ: ੨

†੨੬੨ ਮ: ੫. ੪.

‡ਸ਼ਬਦਾਰਥ ਪੰ: ੨੬੪

§੨੮੮ ਮ: ੫. ੮

()੨੮੨ ਮ: ੫. ੮

[]ਪੰਨਾ ੨੭੮ ਮ: ੫. ੧੧

::੨੭੮ ਮ: ੫. ੮



Digitized by Panjab Digital Library | www.panjabdigilib.org

ਉਚਾ ਸਿਖਰ। ਰਾਜ ਨ ਚਾਹੁ ਮੁਕਟ ਨ ਚਾਹੁ ਪ੍ਰੀਤ ਚਰਣ ਕਮਲਾ ਰੇ', ਸ਼ਾਇਦ ਇਸੇ ਲਈ ਇਸ ਪ੍ਰਕਿਰਿਆ ਦੇ ਸਾਧਨ ਭਗਤੀ ਦਾ ਇਨਾ ਮਹਤਵ ਹੈ ਨਹੀਂ ਕਿਉਂਕਿ ਉਹ ਸਾਧਨ ਹੁੰਦਿਆਂ ਹੋਇਆਂ ਭੀ ਸਾਧਕ ਬਣ ਜਾਂਦੇ ਹਨ।

ਜੀਵ ਬ੍ਰਹਮ ਤੋਂ ਬ੍ਰਹਮਤਾ ਭੀ ਨਹੀਂ ਚਾਹੁੰਦਾ। ਉਹ ਤਾਂ ਉਸ ਤੋਂ ਕੇਵਲ ਨਾਉਂ ਚਾਹੁੰਦਾ ਹੈ। 'ਅੰਮ੍ਰਿਤ ਨਾਮ ਦਾਨੁ' ਕਿਉਂਕਿ ਨਾਂ ਤਾਂ ਆਪਣੇ ਆਪ ਵਿਚ ਹੀ ਬ੍ਰਹਮ ਵਾਂਗ ਸਭ ਦੇ ਸਕਦਾ ਹੈ ਤੇ ਇਕ ਮਾਤਰ ਸੱਚੇ ਬ੍ਰਹਮ ਵਾਂਗ ਹੀ ਬਣ ਜਾਂਦਾ ਹੈ। 'ਸੱਚਾ ਸ਼ਾਹਿਬ ਸਾਚੁ ਨਾਇ' (ਜਾਪ ੪) ਇਸ ਤਰ੍ਹਾਂ ਸਾਧਨ ਦਾ ਮਹਤਵ ਸਾਧਨਾ ਤੋਂ ਭੀ ਵਧ ਹੈ ਕਿਉਂਕਿ ਉਹੀ ਹੀ ਇਕ ਨਿਸ਼ਕਾਮ ਇੱਛਾ ਤੇ ਨਿਸ਼ਕਾਮ ਕਰਮ ਹੈ। ਉਸਦਾ ਸਾਧਨ ਆਵਸ਼ ਹੀ ਚਿਰ ਸਥਾਈ ਤੇ ਮਹਾਨ ਹੈ ਕਿਉਂਕਿ ਚਿਰ ਸਥਾਈ ਨਿਰਗੁਣ ਬ੍ਰਹਮ ਨੂੰ ਭੀ ਇਹ ਨਾਉਂ ਹੀ ਸਗੁਣ ਤੇ ਸਾਕਾਰ ਬਣਾ ਦਿੰਦਾ ਹੈ। ਉਸ ਨੂੰ ਆਪਣੇ ਭਗਤ ਦੀ ਰਖਿਆ ਲਈ ਦੌੜੇ ਆਉਣਾ ਪੈਂਦਾ ਹੈ। 'ਸੰਤਾਂ ਦੇ ਕਾਰਜ ਆਪ ਖਲੋਆ ਕਾਜ ਕਰਾਵਨ ਆਇਆ, ਤੇ ਇਸੇ ਲਈ, 'ਨਿਰਗੁਣ ਬ੍ਰਹਮ ਗੁਣੇ ਬਧ ਹੋਈ' ਇੰਨਾਂ ਹੀ ਨਹੀਂ ਗੁਰੂ ਗਰੰਥ ਵਿਚ ਵਾਹਿਗੁਰੂ ਨੇ ਸਚੇ ਭਗਤ ਦੀ ਮਹਾਨਤਾ ਇਨ੍ਹਾਂ ਸ਼ਬਦਾਂ ਵਿਚ ਸਵੀਕਾਰ ਕੀਤੀ ਹੈ 'ਮੇਰੀ ਬਾਂਧੀ ਭਗਤ ਛਡਾਵੈ ਬੰਧੀ ਭਗਤ ਨਾ ਛੂਟੈ' ਇਕ ਸਮੇਂ ਮੋਨੋ ਗਹ ਬਧਿ ਤੋ ਖਿਨਮੋ ਪੈ ਜਬਾਬ ਨਾ ਹੋਇ। ਇਸ ਤਰ੍ਹਾਂ ਸਰਬ ਕਰਤਾ, ਸਰਬ ਨਿਯੰਤਾ ਬ੍ਰਹਮ ਹੀ ਤਾਂ ਭਗਤ ਦੀ ਭਗਤੀ ਦੇ ਵਸ ਵਿਚ ਆ ਜਾਂਦਾ ਹੈ ਤੇ ਉਹ ਉਸ ਦੇ ਬੰਧਨ ਤੋਂ ਛੁਟਣ ਦਾ ਕੋਈ ਰਾਹ ਨਹੀਂ ਲਭਦਾ ਇਸ ਲਈ ਉਹ ਆਪੇ ਹੀ ਕਰਮ ਮੰਤਵ ਜਾਂ ਉਸ ਦੀ ਅਟੁਟ ਤੇ ਅਨੰਤ ਭਗਤੀ। ਅਸਲ ਵਿਚ ਇਹ ਅਭਿਵਿਅੰਜਣਾ ਦਾ ਹੀ ਨਹੀਂ ਸਗੋਂ ਅਨੁਭੂਤੀ ਦਾ ਵਿਸ਼ੈ ਹੈ। ਇਸੇ ਲਈ ਇਸ ਦਾ ਨਿਰਣੈ ਅਧਿਆਤਮਕ ਪੱਖ ਦਾ ਸਾਧਕ ਹੀ ਕਰ ਸਕਦਾ ਹੈ ਅਸੀਂ ਤਾਂ ਕੇਵਲ ਜਾਣ ਪਹਿਚਾਣ ਹੀ ਕਰਾ ਸਕਦੇ ਹਾਂ।

**ਅਵਰੋਧਕ ਸ਼ਕਤੀਆਂ:**—"ਮਨ ਤੂੰ ਜੋਤਿ ਸਰੂਪ ਹੈਂ—ਅਪਣਾ ਮੂਲ ਪਛਾਣ*" ਆਪਣਾ ਪਰਿਚਯ ਪ੍ਰਾਪਤ ਕਰਨ ਮਗਰੋਂ ਜੀਵ ਆਪਣੇ ਉਦੇਸ਼

੪੪੧. ਸ, ੩, ੫



Digitized by Panjab Digital Library | www.panjabdigilib.org

ਤੋਂ ਭੀ ਜਾਣੂ ਹੋ ਜਾਂਦਾ ਹੈ। ਸੁਭਾਵਕ ਰੂਪ ਤੋਂ ਹੀ ਸਮੁੰਦਰ ਵਲ ਵਧਣ ਵਾਲੀ ਹਰ ਇਕ ਪਹਾੜੀ ਨਦੀ ਦੇ ਰਾਹ ਵਿਚ ਰੁਕਾਵਟਾਂ ਪਾਉਣ ਵਾਲੀਆਂ ਚਟਾਨਾਂ ਤੇ ਉਨ੍ਹਾਂ ਤੋਂ ਵੱਧ ਕੇ ਪਹਾੜੀਆਂ ਦਾ ਮਹਤਵ ਨਹੀਂ ਭੁਲਾਇਆ ਜਾ ਸਕਦਾ। ਇਨ੍ਹਾਂ ਰੁਕਾਵਟਾਂ ਪਾਉਣ ਵਾਲੀਆਂ ਸ਼ਕਤੀਆਂ ਨਾਲ ਹੀ ਟੱਕਰ ਲੈ ਕੇ ਲੋੜ ਅਨੁਸਾਰ ਸਹਾਇਕ ਸ਼ਕਤੀਆਂ ਦਾ ਸਹਾਰਾ ਲੈ ਕੇ ਅਨੰਤ ਸਾਗਰ ਦੀ ਵਿਸ਼ਾਲਤਾ ਵਿਚ ਆਪਣੇ ਅਜਤਿਤਵ ਨੂੰ ਭੀ ਲੀਨ ਕਰਨ ਵਿਚ ਉਸਦੀ ਸਫਲਤਾ ਦਾ ਰਹੱਸ ਛਿਪਿਆ ਹੈ।

ਬਾਹਰੀ ਅਡੰਬਰ ਜੀਵ ਦੇ ਰਾਹ ਦੀਆਂ ਚਟਾਨਾਂ ਹਨ ਜਪ, ਤਪ, ਮਾਲਾ ਪੂਜਾ ਤੀਰਥ ਬਹੁਤ ਉਪਾਓ ਸਨਾਨ ਤੇ ਨਾ ਜਾਣੇ ਕੀ ਕੀ। ਤਤ ਕਾਲੀਨ ਸਮਾਜ ਨੂੰ ਠੀਕ ਤਰੀਕੇ ਨਾਲ ਵਿਕਸਿਤ ਹੋਣ ਵਿਚ ਬਾਧਕਾਂ ਸਿੱਧ ਹੋਈਆਂ। ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦਾ ਵਰਣਨ ਤਾ ਹਰ ਇਕ ਥਾਂ ਹੀ ਮਿਲਦਾ ਹੈ। ਅਸਲ ਵਿਚ ਇਨ੍ਹਾਂ ਕਪਟਾਂ ਤੇ ਪਾਖੰਡਾਂ ਦਾ ਕਾਰਣ ਹੈ, ਛਿਨ ਭੰਗਰ ਰਹਿਣੀ ਮਾਇਆ। ਜਿਹੜੀ ਦਿਨ ਦਿਹਾੜੇ ਮਨੁੱਖ ਨੂੰ ਦਸਕੇ ਭੀ ਲੁੱਟ ਲੈਂਦੀ ਹੈ। ਉਹ ਦੋ ਪ੍ਰਮੁਖ ਲਛਣ ਹਨ ਕੰਚਨ ਤੇ ਕਾਮਿਨੀ, ਮੋਹ ਤੇ ਮਮਤਾ, 'ਮੱਤਿ ਬਿਆਪਿ ਬਿਆਪਿਆ* ਮਾਇਆ ਜਾਲਿ', ਇਸ ਕਾਰਣ ਹੀ ਜੀਵ ਵਿਚ ਇਹ ਡਰ ਭਾਵ ਪੈਦਾ ਹੁੰਦੇ ਹਨ। ਵੈਰ ਵਿਰੋਧ, ਕਾਮ, ਕ੍ਰੋਧ ਮੋਹ, ਝੂਠ, ਵਿਕਾਰ ਮਹਾਂ ਲੋਭ ਧਰੋਹ† ਇਸ ਤਰ੍ਹਾਂ ਮਨੁਖੀ ਜੀਵਨ ਦੇ ਸਭ ਦੁਰਗੁਣਾ ਨੂੰ ਪੈਦਾ ਕਰਨ ਵਾਲੀ ਮਾਇਆ ਜਿਥੇ ਅਪਣੀ ਸ਼ਕਤੀਆਂ ਦੇ ਫੈਲਾਉ ਨੂੰ ਰੋਕਦੀ ਹੀ ਨਹੀਂ ਉਥੇ ਇਨ੍ਹਾਂ ਦੁਆਰਾ ਮਨੁੱਖ ਦੇ ਹਉਮੈ ਨੂੰ ਜਗਾ ਦਿੰਦੀ ਹੈ। ਇਹ ਹਉਮੈ ਹੀ ਵਡੀ ਪਹਾੜੀ ਦਾ ਰੂਪ ਧਾਰਕੇ ਮਨੁੱਖ ਦੇ ਅਧਿਆਤਮਕ ਮਾਰਗ ਨੂੰ ਰੋਕ ਲੈਂਦੀ ਹੈ ਕਿਉਂਕਿ ਮਨੁਖ ਤਾਂ ਹਉਂ ਵਿਚ ਹੀ ਆਇਆ ਹਉਂ ਵਿਚ ਹੀ ਗਇਆ। ਹਉਂ ਵਿਚ ਹੀ ਜੰਮਿਆ ਹਉ ਵਿਚ ਹੀ ਮੋਆ‡ ਤੇ ਉਸਦਾ ਚੌਮੁਖੀ ਵਿਕਾਸ ਜੀਵਨ ਭਰ ਹੁੰਦਾ ਰਹਿੰਦਾ ਹੈ। ਅਤੇ ਇਸਦਾ ਆਧਾਰ ਭੂਮੀ ਢੂੰਡੀ ਜਾਵੇ ਤਾਂ ਉਹ ਹੈ ਗੁਰਮੁਖ ਮਨ ਕਿਉਂਕਿ ਮੰਨੇ ਕੀ ਗਤ ਕਹੀ

*(੨੬੬. ਮ. ੫, ੪.

†(੨੬੭ ਸ, ੫. ੯)

‡(੪੬੬. ਸ. ੨-੭)



Digitized by Panjab Digital Library | www.panjabdigilib.org

ਨਾ ਜਾਏ§ (ਜਾਪ ੧੨) ਅਸਲ ਵਿਚ ਇਹ ਚੰਚਲ ਤੇ ਵਿਕਾਰੀ ਮਨ ਹੀ ਸਭ ਤੋਂ ਵੱਡੀ ਰੁਕਾਵਟ ਹੈ। ਗੁਰੂ ਜੀ ਨੇ ਇਸ ਗਲ ਨੂੰ ਪਛਾਣ ਲਇਆ ਸੀ ਅਤੇ ਇਸੇ ਲਈ ਉਨ੍ਹਾਂ ਨੇ ਜੀਵ ਨੂੰ ਨਾਮ ਤੋਂ ਸੰਬੋਧਨ ਕਰਕੇ ਆਉ ਮਨ ਨੂੰ ਹੀ ਕਹਿਆ ਹੈ। 'ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ' ਕਿਉਂਕਿ ਰੁਕਾਵਟ ਪਾਉਣ ਵਾਲੀਆਂ ਸ਼ਕਤੀਆਂ ਦੀ ਜੜ ਹੈ। ਗੁਰਮੁਖ ਮਨ ਸ਼ਾਇਦ ਇਸੇ ਲਈ ਸਹਾਇਕ ਸ਼ਕਤੀਆਂ ਦਾ ਪਕਿਆ ਫੁਲ ਹੈ। ਸੂਛ ਮਨ ਜਿਸ ਦੀ ਪੁਸ਼ਟੀ ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ 'ਮਨਿ ਜੀਤੈ ਜਗ ਜੀਤ'() ਵਿਰੋਧੀ ਸ਼ਕਤੀਆਂ ਨੂੰ ਪਾਰ ਕਰਨ ਦਾ ਸਾਧਨ ਮਿਲ ਗਇਆ ਹੈ ਜਿਹੜਾ ਪਹਾੜੀਆਂ ਚੋਂ ਨਿਕਲ ਕੇ ਮੈਦਾਨੀ ਦਰਿਆ ਬਣ ਗਇਆ ਹੈ। ਸਹਾਇਕ ਸ਼ਕਤੀਆਂ ਵਿਚੋਂ ਸਭ ਤੋਂ ਵੱਡੀ ਸ਼ਕਤੀ ਹੈ 'ਨਦਰੀ' (ਵਾਹਿਗੁਰੂ ਦੀ ਕਿਰਪਾ) 'ਜੇ ਤਿਸ ਨਦਰੀ ਨਾ ਆਵਹਿ ਤਾਂ ਵਾਤ ਨਾ ਪੁਛੈ ਕੇ' ਕਿਉਂਕਿ ਸਾਰੇ ਸੰਸਾਰਕ ਪ੍ਰਯਤਨ ਕਰਨ ਤੋਂ ਮਗਰੋਂ ਭੀ ਉਸ ਦੀ ਕਿਰਪਾ ਦੇ ਬਿਨਾ ਕੁਝ ਨਹੀਂ ਹੋ ਸਕਦਾ। ਤੇ ਉਸ ਦੀ ਕਿਰਪਾ ਦਾ ਸਹਾਰਾ ਹੀ ਲੌਕਿਕ ਫਲ ਹੈ ਸਤਿਗੁਰੂ। ਪਰ ਸਤਿਗੁਰੂ ਹੈ ਕੌਣ, ਸਾਹਿ ਪੁਰਖ ਜਿਨਿ ਜਾਣਿਆ ਸਤ ਗੁਰ ਤਿਸ ਕ ਨਾਉਂ। *ਪਰੰਤੂ ਇਸ ਅਡੰਬਰ ਭਰੇ ਯੁਗ ਵਿਚ ਇਹ ਕਿਵੇਂ ਪਤਾ ਲੱਗਾ ਕਿ ਸਤਿ ਪੁਰਖ ਜਿਸ ਨੇ ਪਹਿਚਾਣਿਆ ਹੈ ਤਾਂ ਗੁਰੂ ਬੋਲੇ, 'ਜਿਸ ਮਿਲੀਏ ਮਨ ਹੋਇ ਅਨੰਦ ਸੋ ਸਤਿਗੁਰੂ ਕਹੀਏ।'ਸੰਖੇਪ ਵਿਚ ਸਤਿਗੁਰੂ ਦੇ ਦੋ ਕੰਮ ਹਨ ਇਕ ਜੀਵ ਦੀ ਮਾਇਆ ਤੋਂ ਰਖਿਆ ਕਰਨਾ ਤੇ ਦੂਜਾ ਉਸ ਅਧਿਆਤਮਕ ਪੱਥ ਦਾ ਰਾਹ ਦਿਖਾਕੇ ਉਸ ਨੂੰ ਲਗਾਤਾਰ ਉਸ ਤੇ ਚਲਾਈ ਚਲਨਾਂ ਤੇ ਇਸ ਤਰ੍ਹਾਂ ਅਖੀਰ ਵਿਚ ਵਿਛੜਿਆਂ ਮੇਲੇ ਪ੍ਰਭੂ, 'ਬਿਛੜੇ ਹੋਏ ਪ੍ਰਭੂ ਨਾਲ ਮਿਲਾਕੇ ਦੂਜਾ ਵਿਨਸੈ। ਇਕ ਜਾਤੀ ਬਣਾ ਦੇਣਾ ਹੈ। ਇਸ ਲਈ ਲੌਕਿਕ ਖੇਤਰ ਵਿਚ ਗੁਰੂ ਭੀ ਪੂਰਣ ਤੇ ਅਮੁਲ ਹੈ। ਇਨ੍ਹਾਂ ਦੋਹਾਂ ਸ਼ਬਦਾਂ ਵਿਚ ਹੀ ਉਸ ਦਾ ਮਹਾਤਮ ਛੁਪਿਆ ਹੈ।

---

§(ਜਪੁ. ੧੨)

()੬. ਸ. ੨,੨੮

*੨੮੬ ਮ ੫,੧



Digitized by Panjab Digital Library | www.panjabdigilib.org

ਪ੍ਰਾਪਤੀ ਦਾ ਸਾਧਨ ਭੀ ਨਾਮ ਹੈ ਕਿਉਂਕਿ ਉਸ ਸੱਚੇ ਨਾਮ ਬਿਨਾਂ, 'ਬਿਨ ਨਾਵੈਂ ਨਾਹੀਂ ਕੋ ਥਾਉਂ' ਕੋਈ ਸਹਾਰਾ ਭੀ ਤਾਂ ਨਹੀਂ। ਉਹ ਨਾਉਂ ਨਾ ਕੇਵਲ ਸਰਬ ਰੋਗ ਦਾ ਦਾਰੂ ਹੈ, ਸਗੋਂ ਪਾਪ ਪਰਿਹਰੈ ਤੇ ਉਧਰੇ ਜਨ ਕੋਈ ਤੇ ਨਿਸਤਰੈ। ਇਨ੍ਹਾਂ ਸਾਰਿਆਂ ਕਾਰਣਾਂ ਕਰਕੇ ਨਾਉਂ ਦਾ ਮਹਤਵ ਇਤਨਾ ਵਧ ਗਇਆ ਹੈ ਕਿ ਉਸਦੇ ਉਪਰ ਉੱਚਾ ਨਾਉਂ ਕਹਿਆ ਗਇਆ ਹੈ। ਨਾਉਂ ਰਬ ਦੇ ਗੁਣਾਂ ਦਾ ਧਿਆਨ ਹੀ ਹੈ। ਲਗਾਤਾਰ ਉਸ ਧਿਆਨ ਵਿਚ ਲੀਨ ਰਹਿਣਾ ਹੀ ਨਾਮ ਹੈ। ਇਹੋ ਹੀ ਸਿਖ ਧਰਮ ਦਾ ਨਾਮ ਮਾਰਗ ਹੈ ਜਿਹੜਾ ਕਿ ਭਗਤੀ ਦਾ ਪ੍ਰਧਾਨ ਤੇ ਵਿਸ਼ੇਸ਼ ਅੰਗ ਹੈ। ਕੀਰਤਨ ਭੀ ਨਾਂ ਵਿਚ ਸਹਾਈ ਹੁੰਦਾ ਹੈ। ਜਿਹੜਾ ਸੰਸਾਰ ਉਤਪੰਨ ਵਿਸਮ ਨੂੰ ਵਿਸਮਾਦ ਵਿਚ ਬਦਲਨ ਵਿਚ ਸਹਾਇਕ ਹੁੰਦਾ ਹੈ। ਇਹ ਵਿਸਮਾਦ ਹੀ ਆਤਮ ਵਿਸਮਰਿਤੀ ਹੈ (ਆਪ ਭੁਲਣਾ ਹੈ) ਤੇ ਇਸ ਦਾ ਸਾਧਨ ਹੈ। ਦੂਜਾ ਬਿਨਸੈ ਸਾਧਯ ਦਾ ਭੀ ਸਾਧਨ ਮੰਤਵਾਂ ਦਾ ਭੀ ਮੰਤਵ ਇਸ ਲਈ ਇਸ ਦਾ ਮਹੱਤਵ ਨਹੀਂ ਭੁਲਾਇਆ ਜਾ ਸਕਦਾ। ਇਹ ਸਭ ਅੰਤਰ ਮਨ ਦੀਆਂ ਦੁਰਲਭ ਥਾਵਾਂ ਹਨ। ਇਸ ਲਈ ਇਨ੍ਹਾਂ ਦਾ ਪ੍ਰਮੁਖ ਥਾਉਂ ਇਹੀ ਹੈ। ਮਨ ਨੂੰ ਚੰਗੇ ਕੰਮਾਂ ਤੇ ਸਤ ਸੰਸਕਾਰਾਂ ਨਾਲ ਚੰਗੇ ਪਾਸੇ ਹੀ ਲਾਉਣ ਦੀ ਲੋੜ ਹੈ। ਇਸ ਲਈ ਜਨ-ਸਾਧਾਰਣ ਨੂੰ ਇਸ ਰਾਹ ਦਾ ਰਾਹੀ ਬਣਾਉਣ ਲਈ ਉਚਿਤ ਪਰਿਸਥਿਤੀਆਂ ਦੀ ਭੀ ਲੋੜ ਹੈ। ਜਿਸ ਲਈ ਨਾ ਕੇਵਲ ਰਾਜਨੀਤਕ ਸ਼ਾਂਤੀ ਤੇ ਸਾਮਾਜਿਕ ਸਮਰਿਧੀ ਸਗੋਂ ਧਾਰਮਿਕ ਵਾਤਾਵਰਣ ਭੀ ਜ਼ਰੂਰੀ ਹੈ। ਸਾਮਾਜਿਕ ਦ੍ਰਿਸ਼ਟੀ ਤੋਂ ਸਤਿਸੰਗ ਤੇ ਵਿਅਕਤੀਗਤ ਦ੍ਰਿਸ਼ਟੀ ਤੋਂ ਸਾਧੂ ਸੰਤ ਤੇ ਬ੍ਰਹਮ ਗਿਆਨੀਆਂ ਦਾ ਪਰਿਚਯ ਜ਼ਰੂਰੀ ਹੈ ਉਨ੍ਹਾਂ ਦਾ ਮਹਤਵ ਪਿਛੇ ਦਸਿਆ ਜਾ ਚੁਕਿਆ ਹੈ।

ਸਮਾਜ ਦਾ ਅੰਗ ਹੁੰਦਿਆਂ ਹੋਇਆਂ ਭੀ ਵਿਅਕਤੀ ਦੀ ਸੁਤੰਤਰ ਸਤਾ ਹੈ। ਇਸ ਲਈ ਕੁਝ ਵਿਅਕਤੀਗਤ ਸਾਧਨ ਭੀ ਜੀਵ ਦੇ ਸਹਾਇਕ ਸਿਧ ਹੋ ਸਕਦੇ ਹਨ। ਸਤਿ ਕਰਮਾਂ ਦੇ ਬਿਨਾਂ ਭਗਤੀ, ਜਾਂ ਗੁਰੂ ਭੀ ਨਹੀਂ ਮਿਲਦਾ, "ਬਿਨ ਗੁਣ ਕੀਤੇ ਭਗਤ ਨਾ ਹੋਏ* ਸਤ ਕਰਮਾਂ ਦੇ ਬਿਨਾ ਗੁਣ ਭੀ ਨਹੀਂ ਕਮਾਏ ਜਾ ਸਕਦੇ। ਇਸ ਦ੍ਰਿਸ਼ਟੀ ਤੋਂ ਕਰਮ ਦਾ ਮਹਤਵ ਭੀ ਨਹੀਂ

*੬ ਮ: ੧, ੨੧



Digitized by Panjab Digital Library | www.panjabdigilib.org

ਭੁਲਾਇਆ ਜਾ ਸਕਦਾ ਹੈ ਕਿਉਂਕਿ 'ਕਰਨੀ ਆਪੋ ਆਪਣੀ, ਕੇ ਨੇੜੇ ਕੇ ਦੂਰ'† ਆਪਣੇ ਹੀ ਕੰਮਾਂ ਦਾ ਫਲ ਮਿਲਦਾ ਹੈ 'ਜੋ ਕਮਾਵਣ ਸੋਇ ਭੋਗ' । ਇਸ ਲਈ ਜੀਵ ਨੂੰ ਮੰਤਵ ਵਲ ਲੈ ਜਾਣ ਵਿਚ ਸਤ ਕਰਮਾਂ ਦਾ ਵਿਸ਼ੇਸ਼ ਸਹਿਯੋਗ ਹੈ। ਸਤ ਅਤੇ ਅਸਤ ਕੀ ਹੈ ? ਇਹਦੇ ਠੀਕ ਗਿਆਨ ਦਾ ਮਹਤਵ ਸ਼ਾਇਦ ਇਸਤੋਂ ਭੀ ਵਧ ਹੈ। ਉਸਦਾ ਖਿਆਲ ਹੁੰਦਿਆਂ ਹੀ ਸਤ ਕਰਮ ਵਲ ਪ੍ਰੇਰਿਆ ਜਾਂਦਾ ਹੈ। ਇਸ ਲਈ ਵੇਦਾਂ ਨੂੰ ਨਹੀਂ ਸਗੋਂ ਉਨ੍ਹਾਂ ਨੂੰ ਠੀਕ ਤਰ੍ਹਾਂ ਨਾਲ ਨਾ ਜਾਨਣ ਵਾਲਿਆਂ ਨੂੰ ਹੀ ਦੋਸ਼ੀ ਠਹਿਰਾਇਆ ਹੈ । ਅਸਲ ਵਿਚ ਬਾਣੀ ਜਾਂ ਗੁਰੂ ਦਾ ਸ਼ਬਦ ਹੀ ਠੀਕ ਗਿਆਨ ਲਭ ਸਕਦਾ ਹੈ। ਇਸ ਤਰ੍ਹਾਂ ਠੀਕ ਗਿਆਨ ਅਤੇ ਸਤ ਕਰਮ ਦਾ ਸਹਾਰਾ ਲੈ ਕੇ ਪ੍ਰਾਪਤ ਕੀਤਾ ਨਾਮ (ਭਗਤੀ) ਹੀ ਮਨੁਖ ਨੂੰ ਉਹਦੇ ਮੰਤਵ ਵਲ ਲੈ ਜਾ ਕੇ ਜੀਵਨ ਨੂੰ ਸਫਲ ਬਣਾਂਦਾ ਹੈ। ਇਸ ਤਰ੍ਹਾਂ ਵਿਅਕਤਿਗਤ ਜੀਵਨ ਵਿਚ ਸੰਜਮ ਸੰਤੋਖ ਤੇ ਸਤ ਦਾ ਸਹਾਰਾ ਲੈ ਕੇ ਸਦਾਚਾਰ ਪੂਰਣ ਗ੍ਰਹਸਤ ਜੀਵਨ ਹੀ ਉਸ ਦਿਸ਼ਾ ਵਿਚ ਅਗੇ ਵਧਣ ਲਈ ਸਹਾਇਕ ਸਿਧ ਹੁੰਦਾ ਹੈ। ਜਿਥੇ ਸ਼ਬਦ ਦੇ ਸ੍ਰਵਣ ਸਿਮਰਨ ਤੇ ਧਿਆਨ ਦਾ ਮਹਤਵ ਦਸਿਆ ਹੈ ਉਥੇ ਭਗਵਾਨ ਵਿਚ ਵਿਸ਼ਵਾਸ਼ ਭਗਵਾਨ ਤੋਂ ਭੈ ਅਤੇ ਭਗਤ ਜਨਾ ਦੀ ਸੇਵਾ ਦਾ ਭੀ ਮਹਤਵ ਭੁਲਾਇਆ ਨਹੀਂ ਗਿਆ। ਇਸ ਤਰ੍ਹਾਂ ਜਿਵੇਂ ਸਾਧਯ ਦਾ ਸਾਧਯ, ਚਰਮ ਸਾਧਯ ਆਪਣਾ ਅਸਤਤਿਵ ਵਿਲੀਨ ਕਰਕੇ ਪੂਰਣ ਇਕ ਹੈ, ਉਸੇ ਤਰ੍ਹਾਂ ਨਿਰਲੇਪ ਜੀਵਨ ਵਿਚ ਪਵਿਤਰ ਅਤੇ ਅਨਿੰਨ ਮਨ ਨਾਲ ਇਕੋ ਸਚੇ ਬ੍ਰਹਮ ਦੀ ਭਗਤੀ ਵਿਚ ਲੀਨ ਰਹਿਣਾ ਹੀ ਸਰਵੋਤਮ ਸਾਧਨ ਹੈ। ਇਸੇ ਲਈ ਕਿਹਾ ਹੈ 'ਮਨਿ ਜੀਤੈ, ਜਗ ਜੀਤ" ਇਹ ਹੀ ਹੈ ਸਾਧ ਤੇ ਸਾਧਨ ਦੇ ਮਿਲਾਣ ਦੀ ਥਾਂ।

ਮਨੁਖੀ ਧਰਮ ਦਾ ਗ੍ਰੰਥ ਹੋਣ ਕਰਕੇ ਇਸ ਵਿਚ ਬਾਹਰੀ ਅਡੰਬਰ ਤੇ ਭੇਖ ਦਾ ਵਿਰੋਧ ਕਰਣ ਵਾਲੇ ਗੁਰੂ ਅਤੇ ਸੰਤਾਂ ਨੇ ਕਿਸੇ ਵਿਸ਼ੇਸ਼ ਭੇਖ ਦੀ ਆਗਿਆ ਨਹੀਂ ਦਿਤੀ। ਉਨ੍ਹਾਂ ਨੇ ਸਰਲਤਾ ਤੇ ਸਪਸ਼ਟਤਾ ਦਾ ਮੰਤਵ ਸਥਾਪਿਤ ਕਰਦਿਆਂ ਹੋਇਆਂ, ਕੇਵਲ ਨਿਰਲੇਪ ਰਹਿਣ ਲਈ ਸੰਦੇਸ਼ ਦਿਤਾ ਹੈ। ਭੇਖ ਤਾਂ ਕੋਈ ਭੀ ਹੋ ਸਕਦਾ ਹੈ, ਪਰ ਉਸਦਾ ਕੋਈ ਵਿਸ਼ੇਸ਼

---

†੪ ਮ: ੧, ੧,



Digitized by Panjab Digital Library | www.panjabdigilib.org

ਮਹੱਤਵ ਨਹੀਂ।

ਗੁਰੂਆਂ ਨੇ ਗੁਰੂ ਗ੍ਰੰਥ ਵਿਚ ਕਿਤੇ ਭੀ ਮਾਸ, ਮਛਲੀ ਆਦਿ ਖਾਣ ਦੀ ਆਗਿਆ ਨਹੀਂ ਦਿਤੀ ਤੇ ਨਾ ਹੀ ਸਪਸ਼ਟ ਸ਼ਬਦਾ ਵਿਚ ਵਿਰੋਧ ਕੀਤਾ ਹੈ। ਸੰਤ ਕਬੀਰ ਨੇ ਅਵਸ਼ ਹੀ ਕਰਮ ਉਤਪੰਨ ਕਰਨ ਵਾਲੇ ਹੋਣ ਕਰਕੇ, ਮਛਲੀ, ਸ਼ਰਾਬ ਆਦਿ ਦਾ ਵਿਰੋਧ ਕੀਤਾ ਹੈ।* ਸ਼ਾਇਦ ਕਾਮਿਣੀ ਪ੍ਰਤਿ ਉਪੇਖਿਆ ਭੀ ਇਸੇ ਦਾ ਪਰਿਣਾਮ ਹੈ। ਅਸਲ ਵਿਚ ਉਨ੍ਹਾਂ ਦਾ ਵਿਰੋਧ ਵਿਚਾਰਾਂ ਨਾਲ ਸੀ ਤੇ ਉਨ੍ਹਾਂ ਦਾ ਧਿਆਨ ਨਿਰਲੇਪ ਰਹਿਣ ਵਲ ਹੀ ਵਧੇਰੇ ਸੀ, ਇਸ ਲਈ ਸਿਧਾਂਤਕ ਰੂਪ ਵਿਚ ਵਿਚਾਰਾਂ ਦਾ ਹੀ ਵਿਰੋਧ ਕੀਤਾ ਹੈ। ਅਤੇ ਉਨ੍ਹਾਂ ਵਿਚਾਰਾਂ ਨੂੰ ਪੈਦਾ ਕਰਨ ਵਾਲੇ ਸਾਰੇ ਹੀ ਸਾਧਨਾ ਦਾ ਆਪੇ ਹੀ ਵਿਰੋਧ ਸਮਝ ਲੈਣਾ ਚਾਹੀਦਾ ਹੈ।† ਜਦ ਵਿਅਕਤੀ "ਪਦਮ ਪਤ੍ਰ ਮਧਮਰਸ" (ਪਾਣੀ ਵਿਚ ਕੰਮਲ ਦੇ ਪਤੇ ਵਾਂਗ ਨਿਰਲੇਪ) ਹੋ ਕੇ ਇਨ੍ਹਾਂ ਤੋਂ ਉਤੇ ਉਠ ਜਾਂਦਾ ਹੈ ਤਾਂ ਉਸ ਵੇਲੇ ਉਸ ਤੇ ਇਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਰਹਿ ਜਾਂਦਾ। ਫਿਰ ਇਨ੍ਹਾਂ ਚੀਜ਼ਾਂ ਨੂੰ ਅਪਨਾਉਣ ਜਾਂ ਤਿਆਗਣ ਦਾ ਉਸ ਲਈ ਕੋਈ ਪ੍ਰਸ਼ਨ ਹੀ ਨਹੀਂ ਰਹਿ ਜਾਂਦਾ।

ਇਸ ਲਈ ਮਾਨਵ-ਧਰਮ, ਧਰਮ ਨੂੰ ਸਰਵ-ਵਿਆਪਕ ਤੇ ਸਰਵ-ਕਾਲੀਨ ਸਤ ਮੰਨਿਆ ਜਾਂਦਾ ਹੈ। ਆਪਣੀਆਂ ਪਰਿਸਥਿਤੀਆਂ ਅਨੁਕੂਲ ਕਿਸੇ ਮਤ ਜਾਂ ਸੰਪਰਦਾਇ ਦੇ ਤੰਗ ਘੇਰੇ ਵਿਚ ਬੰਦ ਕਰਨਾ ਉਸਦੇ ਮਹਤਵ ਨੂੰ ਵਧਾਉਣਾ ਨਹੀਂ ਸਗੋਂ ਘਟਾਉਣਾ ਹੀ ਹੈ। ਇਨ੍ਹਾਂ ਸਾਰੀਆਂ ਗਲਾਂ ਤੋਂ ਸਪਸ਼ਟ ਹੈ ਕਿ ਗੁਰੁ ਗ੍ਰੰਥ ਵਿਚਲੀ ਵਿਚਾਰ-ਧਾਰਾ ਦੀ ਮਹਤਤਾ ਮਾਨਵ ਧਰਮ ਦੀ ਸਥਾਪਨਾ ਵਿਚ ਹੀ ਹੈ ਅਤੇ ਇਹੋ ਹੀ ਉਸਦੀ ਵਿਚਾਰ-ਧਾਰਾ ਦਾ ਸੰਖੇਪ ਪਰਿਚੈ ਹੈ।

ਗੁਰੂ ਗ੍ਰੰਥ ਵਿਚ ਭਾਵ ਚਿਤਰਾਂ ਅਤੇ ਸ਼ਬਦ-ਚਿਤਰਾਂ ਦੁਆਰਾ ਵਧੇਰੀਆਂ ਚੰਗੀਆਂ ਕਲਪਨਾਵਾਂ ਦੇ ਚਿਤਰ ਖਿਚੇ ਗਏ ਹਨ। ਆਤਮਾ ਦੀ ਪਰਮਾਤਮਾ ਲਈ ਤੜਪ ਦੇ ਚਿਤਰਾਂ ਵਿਚ ਪਰੰਪਰਾਗਤ ਪ੍ਰਤੀਕਾਂ ਦਾ ਹੀ ਸਹਾਰਾ ਨਹੀਂ ਲਿਆ ਗਇਆ ਹੈ, ਸਗੋਂ ਉਨ੍ਹਾਂ ਦੀਆਂ ਮੌਲਿਕ

---

*ਸ਼ਲੋਕ ਕਬੀਰ, ੨੩੩।

†੬੧੦ ਮ: ਤਿੰਨ।



Digitized by Panjab Digital Library | www.panjabdigilib.org

ਕਲਪਨਾਵਾਂ ਭੀ ਵਿਸ਼ੇਸ਼ ਉਲੇਖ ਯੋਗ ਹਨ। ਮੀਨ (ਮਛਲੀ) ਚਾਤਰਿਕ ਆਦਿ ਦੀ ਤੜਪ ਤਾਂ ਹਰ ਇਕ ਥਾਂ ਨਵੇਂ ਰੂਪ ਵਿਚ ਮਿਲਦੀ ਹੈ। ਉਨ੍ਹਾਂ ਦੀ ਮੌਲਿਕ ਕਲਪਨਾ ਦੇਖਣੀ ਹੋਵੇ ਤਾਂ ਰਾਗ ਗੌੜੀ ਦੇ ਉਹੋ ਸ਼ਬਦ ਪੜ੍ਹਣ ਵਾਲੇ ਹਨ ਜਿਥੇ ਸਤਯ ਵਿਚਾਰ ਨੂੰ ਮਾਂ, ਸੰਤੋਖ ਨੂੰ ਪਿਤਾ ਅਤੇ ਸਚ ਨੂੰ ਭਰਾ ਦਸਿਆ ਹੈ। ਇਸ ਲਈ ਸਤ ਗੁਣਾਂ ਨੂੰ ਭਰਾ ਤੇ ਭੈਣਾਂ ਵਾਂਗ ਪਿਆਰ ਕਰਨਾ ਚਾਹੀਦਾ ਹੈ, ਇਹ ਭੀ ਸੰਦੇਸ਼ ਦਿਤਾ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਮੌਲਿਕ ਕਲਪਨਾਵਾਂ ਆਮ ਤੌਰ ਤੇ ਲੌਕਿਕਤਾ ਦੁਆਰਾ ਪਰਾਲੌਕਿਕ ਜਗਤ ਦਾ ਸੰਬੰਧ ਸਪਸ਼ਟ ਕਰਦੀਆਂ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚਲੀ ਕਲਪਨਾ ਦੀ ਸੁੰਦਰਤਾ, ਉਪਮਾ ਅਤੇ ਰੂਪਕ ਮਾਧਿਅਮ ਨਾਲ ਮਹਾਨ ਕਲਪਨਾਵਾਂ ਭੀ ਆਪੇ ਹੀ ਉਘੜ ਆਈਆਂ ਹਨ। 'ਗਗਨ ਮੈਂ ਥਾਲ, ਰਵਿ ਚੰਦ, ਦੀਪਕ ਬਣੈ, ਤਾਰਿਕਾ ਮੰਡਲ ਜਨਕ ਮੋਤੀ। ਧੂਪ ਮਲਿਆਨਲੋ, ਪਵਨ ਚਵਰੋ ਕਰੈ, ਸਗਲ ਬਣ ਆਈ ਫੂਲੰਤ ਜੋਤੀ।"* ਇਨ੍ਹਾਂ ਦੋ ਪੰਗਤੀਆਂ ਵਿਚ ਪ੍ਰਕ੍ਰਿਤੀ ਦੀ ਹਰ ਇਕ ਨੁਕਰ ਪੂਜਣ ਵਾਲੀ ਕਵੀ ਦੀ ਦ੍ਰਿਸ਼ਟੀ, ਉਸਦੀ ਵਿਸ਼ਾਲ ਕਲਪਨਾ ਸ਼ਕਤੀ ਦਾ ਪਰਿਚਯ ਕਰਾਂਦੀ ਹੈ। ਰੁਤਾਂ, ਬਾਰਾਂ ਮਾਹਿ, ਥਿਤੀ ਦਿਨ ਰੈਣ ਆਪਦੀ ਬਾਣੀ ਵਿਚ ਜੀਵਨ ਦੇ ਲੰਬੇ ਪਹਿਰਾਂ ਨੂੰ ਛਡਕੇ, ਉਨ੍ਹਾਂ ਆਪਣੀ ਵਿਸ਼ਾਲ ਕਲਪਨਾ ਸ਼ਕਤੀ ਦੀ ਸੂਚਨਾ ਦਿਤੀ ਹੈ। ਦੂਜੇ ਪਾਸੇ ਜੇ ਉਨ੍ਹਾਂ ਦੀ ਸੂਖਮ, ਵਿਸ਼ਲੇਸ਼ਣਾਤਮਕ ਕਲਪਨਾ ਦ੍ਰਿਸ਼ਟੀ ਦਾ ਪਰਿਚਯ ਪਾਉਣਾ ਹੋਵੇ ਤਾਂ'ਜਤੁ ਪਹਾਰਾ ਧੀਰਜੁ ਸੁਨਿਆਰ, ਆਹਰਨ ਮਤਿ, ਵੇਦ ਹਥਿਆਰ। ਭਉ ਖਲਾ ਅਗਨ ਤਪ ਤਾਉ, ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲ। ਤਿਥੇ ਘੜੀਐ ਸ਼ਬਦ ਸਚੀ ਟਕਸ਼ਾਲ।"† ਸਚੀ ਟਕਸਾਲ ਵਿਚ ਸ਼ਬਦ ਕਿਵੇਂ ਘੜੇ ਜਾਂਦੇ ਹਨ, ਇਸ ਤੋਂ ਠੀਕ ਤੇ ਸੂਖਮ ਉਪਮਾਵਾਂ ਹੋਰ ਕਿਥੇ ਮਿਲ ਸਕਅੀਆਂ ਹਨ। ਗੁਰੂ ਗ੍ਰੰਥ ਵਿਚ ਇਕ ਨਹੀਂ ਇਸ ਤਰ੍ਹਾਂ ਦੇ ਹਜ਼ਾਰਾਂ ਉਦਾਹਰਣ ਇਧਰ ਉਧਰ ਖਿਲਰੇ ਪਏ ਹਨ। ਗ੍ਰੰਥ ਵਿਚ ਪ੍ਰਯੁਕਤ ਕਲਪਨਾਵਾਂ ਦਾ ਖੇਤਰ ਇਨ੍ਹਾ ਵਿਸ਼ਾਲ ਹੈ ਕਿ ਪ੍ਰਕ੍ਰਿਤੀ ਦੇ ਵਿਹੜੇ

---

*੧੩ ਮ: ੧. ੩,

†੪ ਮ: ੧. ੩੮.



Digitized by Panjab Digital Library | www.panjabdigilib.org

ਦਾ ਕੋਈ ਅੰਗ ਉਸ ਤੋਂ ਅਛੂਤਾ ਨਹੀਂ ਰਹਿ ਗਿਆ। ਵਾਹਿਗੁਰੂ ਦੀ ਆਰਤੀ ਜੀਵ ਕੀਤੇ ਕਰੇ, ਉਹ ਤਾਂ ਸੰਪੂਰਣ ਬ੍ਰਹਮੰਡ ਹੀ ਕਰ ਰਹਿਆ ਹੈ। "ਗਗਨ ਮੈਂ ਥਾਲ' ਰਵਿ ਚੰਦ ਦੀਪਕ ਬਣੇ, ਤਾਰਕਾ ਮੰਡਲ ਜਨਕ ਮੋਤੀ। ਧੂਪ ਮਲਿਆਨ ਲੈ, ਪਵਣ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ" ਥਾਲ ਗਗਨ ਵਿਚ ਰਵਿ ਚੰਦ, ਦੀਪਕ ਹੀ ਤਾ ਚਮਕ ਰਹਿ ਹਨ। ਕਿਤਨੀ ਵਿਸ਼ਾਲ ਕਲਪਨਾ ਹੈ। ਪ੍ਰਕਿਰਤੀ ਦੇ ਖੇਤਰ ਵਿਚ ਮਾਨਵ ਮਨ ਦੇ ਹਰ ਇਕ ਭਾਵ ਦੇ ਵਿਸ਼ਲੇਸ਼ਣ ਵਿਚ ਮਨੋਵਿਗਿਆਨਕਤਾ ਦੇ ਨਾਲ ਨਾਲ ਇਨ੍ਹਾਂ ਦੀ ਸੂਖਮ ਕਲਪਨਾ ਸ਼ਕਤੀ ਦਾ ਭੀ ਪਰਿਚੈ ਮਿਲਦਾ ਹੈ। ਉਨ੍ਹਾਂ ਨੇ ਤਾਂ ਭਵਤਾਰਕ ਸਬਦ ਨੂੰ ਉਸ "ਸਚੀ ਟਕਸਾਲ" ਵਿਚ ਘੜਿਆ ਹੈ ਜਿਥੇ "ਜਤ ਪਹਾਰਾ" ਅਤੇ "ਧੀਰਜ ਸੁਨਿਆਰ ਹੈ।" ਅਹਿਰਨ ਮਤ, ਵੇਦ ਹਥਿਆਰ ਬਣੇ ਹਨ। ਇਨਾ ਹੀ ਨਹੀ, ਉਥੇ ਭਾਂਡਾ ਭਉ ਹੈ। ਉਸ ਵਿਚ ਹੀ ਅੰਮ੍ਰਿਤ ਤਿਤ ਢਾਲ ਹੈ। ਇਸ ਨਾਲ ਗੁਰੂ ਨਾਨਕ ਸੂਖਮ ਅਖ ਅਤੇ ਉਨ੍ਹਾਂ ਦੀ ਸੂਖਮ ਕਲਪਨਾ ਸ਼ਕਤੀ ਦਾ ਪਰਿਚੈ ਮਿਲਦਾ ਹੈ। ਇਨ੍ਹਾ ਹੀ ਵਿਸ਼ਾਲ ਅਤੇ ਸੂਖਮ ਕਲਪਨਾਵਾਂ ਨਾਲ ਗ੍ਰੰਥ ਭਰਿਆ ਪਿਆ ਹੈ। ਅਸਲ ਵਿਚ ਗੁਰੂ ਗ੍ਰੰਥ ਦੀਆਂ ਕਲਪਨਾਵਾਂ ਦੀ ਸੁੰਦਰਤਾ ਦੇ ਆਧਾਰ ਜਿਥੇ ਉਪਮਾ ਅਤੇ ਰੂਪਕ ਬਣੇ ਹਨ, ਉਥੇ ਇਨਾ ਦਾ ਵਧੇਰੇ ਵਰਣਨ ਮਿਲ ਸਕਦਾ ਹੈ। ਕਿਧਰੇ ਇਧਰ ਉਧਰ ਮੂੰਹ ਮਾਰਨ ਵਾਲੇ ਨੂੰ ਚੰਚਲ ਮਨ ਦਸਿਆ ਹੈ ਤੇ ਕਿਧਰੇ ਪਵਿਤਰ ਮਨ ਨੂੰ ਭੀ ਬੇਅੰਤ ਦੇ ਵਰਣਨ ਵਿਚ ਅਨੰਤ ਸੂਖਮ ਕਲਪਨਾਵਾਂ ਦਾ ਸਹਾਰਾ ਲਿਆ ਗਿਆ ਹੈ।

ਗੁਰੂ ਗ੍ਰੰਥ ਦੀ ਭਾਸ਼ਾ ਤੇ ਸ਼ੈਲੀ ਦਾ ਪਰਿਚਯ ਕਰਾਉਣਾ ਅਹਿਸਾਨ ਨਹੀਂ। ਵਰਗੀਕ੍ਰਿਤ ਤੇ ਵਿਸ਼ੇਸ਼ ਬਾਣੀਆਂ ਦਾ ਪਰਿਚੈ ਤੇ ਲੇਖਕਾਂ ਦੇ ਪਰਿਚੈ ਵਿਚ ਇਹ ਅਲਗ ਦਿਖਾਉਣ ਦਾ ਪ੍ਰਯਾਸ ਕੀਤਾ ਗਇਆ ਹੈ। ਕੁਝ ਵਿਦਵਾਨ ਤਾ ਗੁਰੂ ਗ੍ਰੰਥ ਦੀ ਭਾਸ਼ਾ ਵਿਚ ਦੂਜੀਆਂ ਭਾਸ਼ਾਵਾਂ ਦਾ ਵਧੇਰੇ ਮਿਲਾਪ ਵੇਖਕੇ ਇਨ੍ਹਾਂ ਨੂੰ ਕੋਈ ਨਾਮ ਹੀ ਨਹੀਂ ਦੇ ਸਕੇ* ਹਿੰਦੀ ਦੇ ਕੁਝ ਵਿਦਵਾਨਾ ਨੇ ਇਸਨੂੰ ਬ੍ਰਜ ਭਾਸ਼ਾ ਕਹਿਕੇ ਹਿੰਦੀ ਦਸਣ ਦਾ ਪ੍ਰਯਤਨ ਕੀਤਾ ਹੈ।† ਕਈ

*ਡਾ: ਟਰੰਪ।

†ਆਚਾਰੀਆ ਰਾਮ ਚੰਦਰ ਸ਼ੁਕਲ, ਡਾ ਪੀਤਾਂਬਰ ਦਤ ਬੜਥੱਵਾਲ।



Digitized by Panjab Digital Library | www.panjabdigilib.org

ਵਿਦਵਾਨਾ ਤੇ ਖਾਸ ਕਰਕੇ ਪੰਜਾਬੀ ਵਿਦਵਾਨਾ ਨੇ ਇਸਨੂੰ ਸ਼ੁਧ ਪੰਜਾਬੀ ਦਾ ਨਾਉਂ ਦਿਤਾ ਹੈ ਅਤੇ ਗੁਰੂ ਗ੍ਰੰਥ ਨੂੰ ਪੰਜਾਬੀ ਸਾਹਿਤ ਦਾ ਭਰਿਆ ਖਜ਼ਾਨਾ ਦਸਿਆ ਹੈ।‡ ਤਿੰਨੇ ਵਿਚਾਰਾਂ ਵਿਚ ਕਿਸੇ ਵਿਚਾਰ ਨੂੰ ਭੀ ਅਸ਼ੁਧ ਨਹੀਂ ਕਿਹਾ ਜਾ ਸਕਦਾ, ਕੇਵਲ ਦ੍ਰਿਸ਼ਟੀ ਦਾ ਭੇਦ ਹੈ। ਡਾ: ਟਰੰਪ ਦਾ ਇਨ੍ਹਾਂ ਭਸ਼ਾਵਾਂ ਦਾ ਅਧਿਐਨ ਨਹੀਂ ਸੀ ਇਸ ਲਈ ਉਹ ਕੋਈ ਨਾਂ ਨਹੀਂ ਦੇ ਸਕੇ। ਹਿੰਦੀ ਦੇ ਵਿਦਵਾਨਾ ਨੇ ਪੰਜਾਬੀ ਭਾਸ਼ਾ ਦੇ ਆਧਾਰ ਪ੍ਰਤਿ ਸਿਧਾਂਤਕ ਵਿਸ਼ੇਸ਼ਤਾਵਾਂ ਦਾ ਧਿਆਨ ਨਾ ਰੱਖਣ ਕਰਕੇ ਵਧੇਰੀ ਥਾਂ ਤੇ ਬ੍ਰਿਜ ਭਾਸ਼ਾ ਦੇ ਲਛੱਣ ਦੇਖਕੇ ਇਸਨੂੰ ਬ੍ਰਿਜ ਭਾਸ਼ਾ ਕਿਹਾ ਹੈ। ਅਤੇ ਬਾਕੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਬੀ ਦੀ ਬਹੁਲਤਾ ਨੂੰ ਵੇਖਕੇ, ਪੰਜਾਬੀ ਲੇਖਕਾਂ ਨੇ ਇਸਨੂੰ ਸ਼ੁਧ ਪੰਜਾਬੀ ਕਿਹਾ ਹੈ। ਗੁਰੂ ਗ੍ਰੰਥ ਦੀ ਭਾਸ਼ਾ ਦਾ ਸਿਧਾਂਤਕ ਵਿਸ਼ਲੇਸ਼ਣ ਹੀ ਇਸ ਵਿਸ਼ੈ ਤੇ ਠੀਕ ਪ੍ਰਕਾਸ਼ ਪਾ ਸਕੇਗਾ। ਆਪਣੀ ਅਨੁਭੂਤੀ ਨੂੰ ਅਭਿਵਿਅੰਜਣਾ ਦੇਣ ਵੇਲੇ ਲੇਖਕਾਂ ਦਾ ਧਿਆਨ ਸੀ ਕਿ :—

੧. ਭਾਸ਼ਾ ਜਨ-ਸਾਧਾਰਣ ਦੀ ਸਮਝ ਵਿਚ ਔਣੀ ਚਾਹੀਦੀ ਹੈ।

੨. ਨਾ ਕੇਵਲ ਪੰਜਾਬ, ਸਗੋਂ ਸਾਰੇ ਭਾਰਤ ਦੀ ਜਨਤਾ ਉਸਨੂੰ ਆਸਾਨੀ ਨਾਲ ਸਮਝ ਸਕੇ।

੩. ਭਾਰਤੀ ਸੰਸਕ੍ਰਿਤੀ ਦੇ ਚਿਤਰ ਉਪਸਥਿਤ ਕਰਨ ਲਈ ਉਸ ਵਿਚ ਸਮਰਥਾ ਹੋਵੇ।

੪ ਪ੍ਰਾਚੀਨ ਭਾਰਤੀ ਕਾਵਿ ਪਰੰਪਰਾ ਤੋਂ ਦੂਰ ਨਾ ਹੋਵੇ ਇਸ ਲਈ ਉਸ ਵਿਚ ਪ੍ਰਸਿਧ ਮਾਨਿਆਤਾਵਾਂ 'ਤੇ ਅਲੰਕਾਰਾਂ ਦਾ ਵਧੇਰੇ ਪ੍ਰਯੋਗ ਹੋਵੇ।

੫. ਇੰਨਾਂ ਹੁੰਦਿਆਂ ਹੋਇਆਂ ਭੀ ਪੰਜਾਬ ਦੇ ਮੁਹਾਂਵਰੇ, ਲੋਕ ਕਵੀਆਂ ਅਤੇ ਬੋਲੀਆਂ ਦੀ ਇਹ ਸ਼ਿਕਾਰ ਨਾ ਹੋਵੇ, ਇਸ ਲਈ ਥੋੜੀ ਬਹੁਤ, ਲੋੜ ਅਨੁਸਾਰ ਪਰਿਵਰਤਨ ਨਾਲ ਉਨ੍ਹਾਂ ਦੀ ਥਾਂ ਬਣੀ ਹੋਈ ਹੈ।

੬. ਪ੍ਰਤਿਭਾਵਾਨ ਇਨ੍ਹਾਂ ਸਾਰਿਆਂ ਗੱਲਾਂ ਦਾ ਧਿਆਨ ਰੱਖਦਾ ਹੋਇਆ, ਮੌਲਿਕ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਲਈ ਇਨ੍ਹਾਂ ਸਾਰਿਆਂ ਨੂੰ ਅਪਣਾਉਂਦਿਆਂ ਹੋਇਆਂ ਭੀ ਉਨ੍ਹਾਂ ਦੀ ਮੌਲਿਕਤਾ ਦੀ

‡ਡਾ: ਮੋਹਨ ਸਿੰਘ, ਪੂਰਣ ਆਦਿ।



Digitized by Panjab Digital Library | www.panjabdigilib.org

. ਅਮਿਟ ਛਾਪ ਨੇ ਗੁਰੂ ਗ੍ਰੰਥ ਦੀ ਭਾਖਾ ਨੂੰ ਉਨ੍ਹਾਂ ਦੀ ਆਪਣੀ ਹੀ ਭਾਸ਼ਾ ਬਣਾ ਦਿੱਤਾ ਹੈ। ਇਸ ਲਈ ਇਸ ਤੋਂ ਪਹਿਲਾਂ ਕਿ ਗੁਰੂ ਗ੍ਰੰਥ ਦੀ ਭਾਸ਼ਾ ਦਾ ਨਿਰਣੈ ਕੀਤਾ ਜਾਵੇ, ਇਨ੍ਹਾਂ ਸਿਧਾਂਤਾਂ ਨੂੰ ਭੀ ਧਿਆਨ ਵਿਚ ਰੱਖਣ ਦੀ ਲੋੜ ਹੈ। ਗੁਰੂ ਗ੍ਰੰਥ ਵਿਚ ਤਤਕਾਲੀਨ ਪ੍ਰਾਕ੍ਰਿਤ ਤੇ ਅਪਭ੍ਰੰਸ਼, ਬ੍ਰਿਜ ਭਾਸ਼ਾ, ਖੜੀ ਬੋਲੀ ਤੇ ਲਹਿੰਦੀ ਆਦਿ ਸਾਰੀਆਂ ਹੀ ਭਾਸ਼ਾਵਾਂ ਦੇ ਕਿਧਰੇ ਕਿਧਰੇ ਦਰਪਨ ਹੁੰਦੇ ਹਨ ਪਰ ਉਸਦਾ ਸੂਖਮ ਵਿਸ਼ਲੇਸ਼ਣ ਕਰਨ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਸਿਧਾਂਤਾਂ ਦੇ ਉਪਰੰਤ ਹਿੰਦੀ ਅਤੇ ਪੰਜਾਬੀ ਭਾਖਾ ਦੇ ਮੌਲਿਕ ਭੇਦਾਂ ਤੇ ਭੀ ਇਕ ਦ੍ਰਿਸ਼ਟੀ ਪਾ ਲਈ ਜਾਵੇ। ਸੰਖੇਪ ਵਿਚ :—

(੧) ਪੰਜਾਬੀ ਇਸਤ੍ਰੀ ਲਿੰਗ ਬਹੁਵਚਨ ਦੇ ਨਾਲ ਸਹਾਇਕ ਕ੍ਰਿਆ ਭੀ ਉਸਦੇ ਅਨੁਕੂਲ ਬਦਲ ਜਾਂਦੀ ਹੈ ਪਰੰਤੂ ਹਿੰਦੀ ਵਿਚ ਨਹੀਂ।

| ਹਿੰਦੀ | ਪੰਜਾਬੀ |
|---|---|
| ੧—ਵ੍ਹਹ ਜਾਤੀ ਹੈ | ੧—ਉਹ ਜਾਂਦੀ ਹੈ। |
| ੨—ਵਹ ਜਾਤੀ ਹੈਂ | ੨—ਉਹ ਜਾਂਦੀਆਂ ਹਨ। |

(੨) ਭੂਤ ਕਾਲ ਵਿਚ ਹਿੰਦੀ ਦੇ ਥਾਂ ਤੇ ਪੰਜਾਬੀ ਵਿਚ ਸੀ ਦਾ ਪ੍ਰਯੋਗ ਹੁੰਦਾ ਹੈ—

| ਹਿੰਦੀ | ਪੰਜਾਬੀ |
|---|---|
| ੧—ਵਹ ਗਿਆ ਥਾ। | ੨—ਉਹ ਗਿਆ ਸੀ। |

(੩) ਹਿੰਦੀ ਦੇ ਤਾ. ਤੇ ਦਾ ਦੇ ਥਾਂ ਤੇ ਕਰਮਵਾਰ ਦਾ, ਦੇ, ਵ, ਪ, ਦਾ ਆਮ ਤੌਰ ਤੇ ਪ੍ਰਯੋਗ ਮਿਲਦਾ ਹੈ। ਉਦਾਹਰਣ ਵਜੋਂ ਇਸ ਨੂੰ ਵੇਖੋ।

੪. ਵਿਭਗਤੀਆਂ ਦੇ ਪ੍ਰਯੋਗ ਵਿਚ ਹਿੰਦੀ ਦੀਆਂ—ਕੋ, ਸੇ, ਕਾ, ਕੇ ਕੀ, ਮੇਂ, ਤੇ ਪਰ ਦੀ ਥਾਂ ਤੇ ਪੰਜਾਬੀ ਵਿਚ ਕਰਮਵਾਰ— ਨੂੰ, ਤੋਂ, ਦਾ, ਦੇ, ਦੀ, ਵਿਚ ਅਤੇ ਤੇ ਦਾ ਪ੍ਰਯੋਗ ਮਿਲਦਾ ਹੈ।

ਇਨ੍ਹਾਂ ਥੋੜੇ ਜਿਹੇ ਪ੍ਰਮੁਖ ਭੇਦਾਂ ਦੇ ਆਧਾਰ ਤੇ ਗੁਰੂ ਗ੍ਰੰਥ ਦੀ ਭਾਸ਼ਾ ਦੀ ਭਾਸ਼ਾ ਕਿਤੇ ਕਿਤੇ ਬ੍ਰਜਭਾਸ਼ਾ ਹੋਣਦੇ ਨਾਲ ਹੀ ਕਿਤੇ ਕਿਤੇ ਪੰਜਾਬੀ ਭੀ ਹੈ।

ਇਸ ਦੀ ਸ਼ਬਦਾਵਲੀ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦਾ



Digitized by Panjab Digital Library | www.panjabdigilib.org

ਪ੍ਰਯੋਗ ਭੀ ਮਿਲਦਾ ਹੈ ਪਰੰਤੂ ਤਦਭਵ ਸ਼ਬਦ ਤਾਂ ਭਾਸ਼ਾ ਦੇ ਪ੍ਰਾਣ ਹੀ ਹਨ। ਜਿਥੇ ਮੁਲਾਵਾਂ ਨੂੰ ਸੰਬੋਧਨ ਕੀਤਾ ਹੈ ਉਥੇ ਫ਼ਾਰਸੀ ਦੇ ਸ਼ਬਦ ਮਿਲਦੇ ਹਨ। ਨਾ ਕੇਵਲ ਸ਼ਬਦਾ ਵਲੀ ਹੀ ਭਾਸ਼ਾ ਦੇ ਅਨੁਕੂਲ ਬਦਲਦੀ ਹੈ ਸਗੋਂ ਛੰਦਾਂ ਦੇ ਪ੍ਰਯੋਗ ਵਿਚ ਭੀ ਇਸ ਗਲ ਦਾ ਖਿਆਲ ਰੱਖਿਆ ਗਇਆ ਹੈ। ਮਸਲਮਾਨਾਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਦੇ ਹੀ ਪਿਆਰੇ ਰਾਗ ਦਾ ਸਹਾਰਾ ਲਇਆ ਹੈ। *ਆਮ ਤੌਰ ਤੇ ਪਦ ਭਗਤੀ ਪੂਰਣ ਹਨ। ਅਸ਼ਟ ਪਦੀਆਂ ਨਾਮਕ ਤੇ ਦਾਰਸ਼ਨਿਕ ਤੇ ਛੰਦ ਭਗਵੰਤ ਮਿਲਣ ਦੀ ਅਹਲਾਦ (ਆਂਤਰਿਕ ਖੁਸ਼ੀ) ਅਥਵਾ ਵਿਯੋਗ ਦਾ ਦੁਖ ਪ੍ਰਗਟਾਉਂਦੇ ਹਨ। ਉਨ੍ਹਾਂ ਹੀ ਭਾਵਾਂ ਦੇ ਅਨੁਕੂਲ਼ ਭਾਸ਼ਾ ਕ੍ਰਮ ਸਰਲ ਤੇ ਮਧੁਰ ਹੈ। ਸਟਲ ਅਤੇ ਸਪਸ਼ਟ ਅਤੇ ਭਾਵਾਂ ਨੂੰ ਜਗਾਉਣ ਵਾਲੀ ਹੈ। ਜੋਗੀਆਂ ਦੇ ਵਰਨਣ ਵਿਚ ਯੋਗਿਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ ਤੇ ਦੇਸੀ ਗੀਤਾਂ ਵਿਚ ਪ੍ਰਾਂਤ ਦੇ ਸਰਸ ਸ਼ਬਦਾਂ ਦੀ ਬਹੁਲਤਾ ਹੈ। ਗੁਰੂ ਗ੍ਰੰਥ ਵਿਚ ਰਾਗ ਦਾ ਵਿਸ਼ੇਸ਼ ਮਹਤਵ ਹੈ ਇਸ ਲਈ ਆਮ ਤੌਰ ਤੇ ਸਾਰੀ ਹੀ ਰਚਨਾ ਸੰਗੀਤ ਭਰੀ ਮਿਲਦੀ ਹੈ।†

ਅਲੰਕਾਰਾਂ ਵਿਚ ਅਨੁਪ੍ਰਾਸ, ਉਪਮਾਂ ਤੇ ਰੂਪਕ ਦੇ ਉਦਾਹਰਣ ਲੱਭਣ ਦੀ ਲੋੜ ਹੀ ਨਹੀਂ। ਸਮੁਚੇ ਗੁਰੂ ਗ੍ਰੰਥ ਦੇ ਹਰ ਇਕ ਸ਼ਬਦ ਵਿਚ ਸਾਧਾਰਣ ਤੌਰ ਤੇ ਇਨ੍ਹਾਂ ਦੇ ਦਰਸ਼ਨ ਹੋ ਜਾਂਦੇ ਹਨ ਪਰੰਪਰਾ ਤੋਂ ਪ੍ਰਸਿਧ ਉਪਮਾਵਾਂ ਦੇ ਉਪਰੰਤ, ਇਸ ਖੇਤਰ ਵਿਚ ਇਨ੍ਹਾਂ ਦੀ ਮੌਲਿਕ ਪ੍ਰਤਿਭਾ ਦਾ ਭੀ ਦਰਸ਼ਨ ਕਰਾ ਦਿੱਤਾ ਗਇਆ ਹੈ।‡

ਗੁਰੂ ਗਰੰਥ ਵਿਚ ਮੁਹਾਵਰੇ ਤੇ ਲੋਕੋਕਤੀਆਂ ਨੂੰ ਉਚੇਚੇ ਯਤਨ ਨਾਲ ਨਹੀਂ ਭਰਿਆ ਗਇਆ। ਪਰੰਤੂ ਆਪਣੇ ਆਪ ਹੀ ਇਨੇ ਸਿਧਾਂਤਕ ਵਾਕਾਂ ਦਾ ਪ੍ਰਯੋਗ ਹੋ ਗਇਆ ਹੈ ਕਿ ਉਹਨਾਂ ਨੂੰ ਪਿਛੋਂ ਦਾ ਰੂਪ ਆਉਣ ਵਾਲੇ ਪੰਜਾਬੀ ਸਾਹਿਤ ਤੇ ਭਾਸ਼ਾ ਵਿਚ ਆਪੇ ਹੀ ਨਾਂ ਕੇਵਲ ਲੋਕੋਕਕਤੀਆਂ ਦੇ ਰੂਪ ਬਲਕਿ ਮੁਹਾਵਰਿਆਂ ਦਾ ਰੂਪ ਭੀ ਮਿਲ ਗਇਆ ਹੈ ਸਗੋਂ ਵਧੇਰ ਸ਼ਕਤੀਆਂ ਭੀ ਮਿਲਦੀਆਂ ਹਨ।

---

*ਵਿਸਤ੍ਰਿਤ ਵਿਵਰਣ ਵਰਗੀਕ੍ਰਿਤ ਬਾਣੀ ਵਿਚ ਵੇਖੋ।

†ਵਿਸਤ੍ਰਿਤ ਵਿਵਰਣ 'ਰਾਗ ਦਾ ਮਹਤਵ' ਵਿਚ ਵੇਖੋ।

‡ਵੇਖੋ ਵਰਗੀਕ੍ਰਿਤ ਬਾਣੀ ਅਰਥਾਤ 'ਵਿਸ਼ਿਸ਼ਟਬਾਣੀ'



Digitized by Panjab Digital Library | www.panjabdigilib.org

(੧) ਲੇਖੇ ਆਵਹਿ ਭਾਗ (ਜਪੁ ੨੪)
(੨) ਨਿਵੇਂ ਸੋ ਗਉਰਾ ਹੋਇ—(ਵਾਰ ਆਸਾ)
(੩) ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ (ਵਾਰ)
(੪) ਫਲ ਤੇ ਵੇਹੋ ਪਾਇਏ ਜੇਵੇਹੀ ਕਾਰ ਕਮਾਈਏ (ਵਾਰ ਆਸਾ)
(੫) ਮਨ ਜੀਤੈ ਜਗੁ ਜੀਤੁ (ਜਪੁ ੨੮)

ਇਨ੍ਹਾਂ ਦਾ ਅਰਥ ਸਪਸ਼ਟ ਹੋਣ ਕਰਕੇ ਵਿਆਖਿਆ ਦੀ ਲੋੜ ਨਹੀਂ। ਇਨ੍ਹਾਂ ਦੀ ਵਧੇਰੀ ਵਿਆਖਿਆਤਮਕ ਸ਼ੈਲੀ ਨੂੰ ਵਿਆਸ ਸ਼ੈਲੀ ਦਾ ਨਾਂ ਦੇਣਾ ਗਲਤ ਨਹੀਂ ਹੋਵੇਗਾ। ਵਿਸ਼ੇਸ਼ ਬਾਣੀਆਂ ਜਪੁਜੀ, ਸੁਖਮਣੀ ਤੇ ਸ਼ਲੋਕ ਵਿਚ ਅਵਸ਼ ਗਾਗਰ ਵਿਚ ਸਾਗਰ ਪਧਤੀ ਦਾ ਆਸਰਾ ਲਇਆ ਗਇਆ ਹੈ। ਜਿਸਨੂੰ ਸਮਾਸ ਸ਼ੈਲੀ ਭੀ ਆਖ ਸਕਦੇ ਹਾਂ। ਪਰੰਤੂ ਇਹੋ ਜਿਹੀ ਬਾਣੀ ਘਟ ਥਾਵਾਂ ਤੇ ਮਿਲਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ ਛੰਦਾਂ ਦਾ ਪ੍ਰਯੋਗ ਮਿਲਦਾ ਹੈ।

**ਸਾਧਾਰਣ:**—ਦੁਪਦੇ, ਤਿਪਦੇ, ਚੌਪਦੇ, ਪੰਜ ਪਦੇ, ਛੇ ਪਦੇ, ਅਸ਼ਟ ਪਦੀਆਂ; ਛੰਤ, ਸਲੋਕ। ਕਿਧਰੇ ਕਿਧਰੇ ਹੇਠ ਲਿਖੀਆਂ ਬਾਣੀਆਂ ਭੀ ਮਿਲਦੀਆਂ ਹਨ। ਪੜਤਾਲ, ਕਾਫ਼ੀਆਂ, ਅਨਜਲੀਆਂ, ਰੁਤੀ ਦਿਨ ਰੈਣੀ ਵਣਜਾਰਾਂ, ਪਹਿਰੀ, ਪੰਜ, ਕਰਹਲ ਦੋ, ਬਿਹਾੜੇ ਤਿੰਨ ਘੋੜੀਆ ਦੋ, ਅਲਾਹੁਣੀਆਂ ਨੌ, ਸੁਚਜੀ ਇਕ, ਕੁਚਜੀ। ਦੋ। ਗੁਣਵੰਤੀ। ਆਰਤੀ, ੫ ਸੋਲ੍ਹਹੇ ੬੨ ਪਉੜੀਆਂ, ਵਾਰ, ਪੱਟੀ; ਬਾਰਾਂ ਮਾਂਹਿ, ਆਨੰਦ, ਦਖਣੀ ਓਅੰਕਾਰ, ਸਿੱਧ ਗੋਸ਼ਟ, ਬਾਵਨ ਅਖਰੀ, ਸੁਖਮਨੀ, ਥਿੰਨਤੀ।

ਇਨ੍ਹਾਂ ਬਾਣੀਆ ਵਿਚ ਸਲੋਕ, ਪਉੜੀਆਂ ਅਤੇ ਅਸ਼ਟਪਦੀਆਂ ਦਾ ਕਰਮ ਸੁਤੰਤਰ ਹੈ। ਗੁਰੂ ਗ੍ਰੰਥ ਵਿਚ ਉਤਮ ਭਾਸ਼ਾ 'ਜੈਤਸਰੀ ਦੀ ਵਾਰ' ਵਿਚ ਮਿਲਦੀ ਹੈ। ਉਤਮ ਰਾਜਨੀਤਕ ਵਰਣਨ ਭਰੀ ਕਵਿਤਾ 'ਬਾਬਰ ਵਾਣੀ' ਆਸਾ ਰਾਗ ਦੀਆਂ ਪਉੜੀਆਂ ਵਿਚ ਮਿਲਦੀ ਹੈ। ਪ੍ਰਕ੍ਰਿਤੀ ਵਰਣਨ ਦੀ ਉਤਮ ਕਵਿਤਾ ਰਾਗ ਤੁਖਾਰੀ ਵਿਚ ਗੁਰੂ ਨਾਨਕ ਦਾ ਬਾਰਮਾਹਿ ਹੈ। ਉਤਮ ਸ਼ਬਦ ਹਿਤ ਫਰੀਦ ਦੇ ਸ਼ਬਦਾਂ ਵਿਚ 'ਬੇੜਾ ਬੰਧ ਨਾ ਸਕਿਉ, ਬੰਧਨ ਕੀ ਬੇਲਾ' ਗਾਤੇ ਰਵਿਦਾਸ ਦੀ, 'ਜੋ ਤੁਮ ਗਿਰੀਵਰ ਹੋ ਤੁਮ ਮੈਰਾ' ਹਨ। ਜਿਸ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਛੇਵਾਂ ਅਧਿਆਇ

## ਲੇਖਕਾਂ ਦੀ ਸਾਹਿਤਕ ਜਾਣ ਪਛਾਣ

ਗੁਰੂ ਗ੍ਰੰਥ ਇਕ ਅਧਿਆਤਮਕ ਸੰਗਰਹਿ ਹੈ। ਇਸ ਵਿਚ ਭਿੰਨ ਭਿੰਨ ਪ੍ਰਕਾਰ ਦੇ ਲੇਖਕਾਂ ਦੀਆਂ ਰਚਨਾਵਾਂ ਸੰਗਰਹਿਤ ਹਨ। ਉਨ੍ਹਾਂ ਦੀ ਭੀ ਸੰਖੇਪ ਜਿਹੀ ਜਾਣ ਪਛਾਣ ਕਰਾਉਣੀ ਜ਼ਰੂਰੀ ਹੈ। ਇਸ ਲਈ ਇਤਿਹਾਸਕ ਨਹੀਂ ਪਰ ਸੰਖੇਪ ਵਿਚ ਉਨ੍ਹਾਂ ਦੀ ਸਾਹਿਤਕ ਜਾਣ ਪਛਾਣ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੌਖ ਲਈ ਇਨ੍ਹਾਂ ਨੂੰ ਇਨ੍ਹਾਂ ਚਾਰ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ।

੧. ਗੁਰੂ

੨. ਸੰਤ ਜਾਂ ਭਗਤ।

੩. ਗੁਰੂ ਘਰ ਨਾਲ ਸੰਬੰਧਿਤ ਵਿਅਕਤੀ।

੪. ਭਟ।

ਸਾਰਿਆਂ ਦੀ ਬਾਣੀ ਦੀ ਮਹਤਤਾ ਦੀ ਪਰਖ ਉਨ੍ਹਾਂ ਦੀ ਸਥਿਤੀ ਦੇ ਅਨੁਕੂਲ ਹੀ ਹੋ ਸਕਦੀ ਹੈ। ਗੁਰੂਆਂ ਵਿਚ ਪਹਿਲੇ ਪੰਜ ਗੁਰੂ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ) ਤੇ ਨੌਵੇਂ ਗੁਰੂ ਤੇਗ਼ ਬਹਾਦਰ ਨੂੰ ਥਾਂ ਪ੍ਰਾਪਤ ਹੈ। ਸਿਖਾਂ ਦੇ ਜੀਵਿਤ ਗੁਰੂ ਹੋਣ ਕਰਕੇ ਇਨ੍ਹਾਂ ਦਾ ਸਥਾਨ ਅਤਿਅੰਤ ਉਚਾ ਹੈ। ਅਤੇ ਇਨ੍ਹਾਂ ਦੀ ਬਾਣੀ ਗੁਰੂ ਦੀ ਬਾਣੀ ਹੈ, ਕਿਉਂਕਿ ਦਸੇ ਗੁਰੂ ਇਕ ਜੋਤੀ ਤੋਂ ਜਯੋਤਿਤ ਭਿੰਨ ਸਰੀਰ ਹਨ। ਇਸ ਤੋਂ ਵਧ ਉਨ੍ਹਾਂ ਵਿਚ ਕੋਈ ਭੇਦ ਮੰਨਿਆ ਨਹੀਂ ਜਾਂਦਾ। ਅਤੇ ਗੁਰੂ ਨਾਨਕ ਨੇ "ਜਿਹੋ ਡਿਠਾ, ਮੈਂ ਤਿਹੋ ਕਹਿਆ" ਕਹਿਆ ਹੈ। ਇਸ ਲਈ ਇਹ ਬਾਣੀ ਪਵਿਤਰ ਹੈ।

ਦੂਜੇ ਪੰਦਰਾਂ ਸੰਤਾਂ ਦੀ ਮਹਤਤਾ ਭੀ ਉਤਨੀ ਹੀ ਹੈ, ਕਿਉਂਕਿ ਉਨ੍ਹਾਂ ਦੀ ਬਾਣੀ ਇਕੱਠੀ ਕਰਦੇ ਹੋਏ ਗੁਰੂ ਨਾਨਕ ਨੇ ਆਪਣੀ ਬਾਣੀ ਦੇ ਨਾਲ



Digitized by Panjab Digital Library | www.panjabdigilib.org

ਹੀ ਉਨ੍ਹਾਂ ਨੂੰ ਥਾਂ ਦਿਤੀ ਹੈ। ਵਿਚਾਰਧਾਰਾ ਦੀ ਦ੍ਰਿਸ਼ਟੀ ਨਾਲ ਇਨ੍ਹਾਂ ਨੂੰ ਇਨ੍ਹਾ ਚਾਰ ਵਰਗਾਂ ਵਿਚ ਵੰਡਣਾ ਯੋਗ ਹੋਵੇਗਾ।

੧, ਰਾਮਾਨੰਦ ਅਤੇ ਉਸਦੀ ਸਿਧ ਪਰੰਪਰਾ :—
ਰਾਮਾ ਨੰਦ, ਕਬੀਰ, ਰਵਿਦਾਸ, ਬੇਣੀ, ਧੰਨਾ, ਪੀਪਾ ਤੇ ਸਦਨਾ।

੨. ਮਹਾਂਰਾਸ਼ਟਰੀ ਸੰਤ:—
ਨਾਮਦੇਵ, ਤ੍ਰਿਲੋਚਨ।

੩. ਸਗੁਣ—(ਕ੍ਰਿਸ਼ਨ ਭਗਤੀ ਪਰਖ ਸੰਤ)
ਜੈਦੇਵ, ਸੂਰਦਾਸ, ਪਰਮਾ ਨੰਦ।

੪. ਮੁਸਲਮ ਸੰਤ
ਸ਼ੇਖ ਫਰੀਦ—ਭੀਖਣ।

ਇਸੇ ਕ੍ਰਮ ਵਿਚ ਇਨ੍ਹਾਂ ਦਾ ਬਿਉਰਾ ਦਿੱਤਾ ਹੈ। ਸਦਨੇ ਤੇ ਬੇਣੀ ਨੂੰ ਸੁਵਿਧਾ ਤੇ ਇਨ੍ਹਾਂ ਨਾਲ ਨਿਕਟਤਮ ਸੰਬੰਧ ਹੋਣ ਕਰਕੇ ਹੀ ਇਨ੍ਹਾਂ ਵਰਗਾਂ ਵਿਚ ਰਖ ਲਇਆ ਹੈ। ਇਨ੍ਹਾਂ ਸੰਤਾਂ ਦੇ ਜਨਮ, ਮ੍ਰਿਤ, ਇਤਿਹਾਸਕ ਘਟਨਾਵਾਂ ਅਤੇ ਚਮਤਕਾਰਾਂ ਦੇ ਸੰਬੰਧ ਵਿਚ ਬੇਅੰਤ ਕਹਾਣੀਆਂ ਪ੍ਰਚਲਿਤ ਹਨ। ਸਾਹਿਤਕ ਪਰਿਚਯ ਬਣਾਏ ਰਖਣ ਦੇ ਕਾਰਣ, ਉਨ੍ਹਾਂ ਤੋਂ ਬਚਣਾ ਹੀ ਯੋਗ ਸਮਝਿਆ ਗਇਆ ਹੈ। ਆਮ ਤੌਰ ਤੇ ਸਾਰਿਆਂ ਦਾ ਹੀ ਸਮਾਂ ਇਤਿਹਾਸ ਠੀਕ ਨਹੀਂ ਦਸਦਾ, ਫਿਰ ਭੀ ਲੇਖਕ ਨੂੰ ਜਿਹੜਾ ਥੋੜਾ ਬਹੁਤ ਠੀਕ ਲਗਿਆ, ਉਹ ਦੇ ਦਿੱਤਾ ਗਇਆ ਹੈ। ਖਾਲੀ ਜਾਣ ਪਛਾਣ ਹੋਣ ਦੇ ਕਾਰਣ ਤਰਕ ਨਾਲ ਸਿਧ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਸਵਾਲ ਸੰਬੰਧਿਤ ਹੁੰਦਿਆਂ ਹੋਇਆਂ ਭੀ ਉਹਦੇ ਇਤਿਹਾਸ ਨਾਲ ਵਧੇਰੇ ਸੰਬੰਧਿਤ ਨਹੀਂ, ਇਸ ਲਈ, ਇਸ ਗੁੰਝਲ ਨੂੰ ਸੁਲਝਾਉਣਾ ਔਖਾ ਨਾ ਹੋ ਜਾਵੇ। ਇਹ ਵਿਸ਼ਵਾਸ਼ ਰਖ ਕੇ ਲੋੜ ਅਨੁਸਾਰ ਨਿਰੋਲ ਸਾਹਿਤਕ ਜਾਣ ਪਛਾਣ ਦਿੱਤੀ ਹੈ।

ਤੀਜੇ ਭਾਗ ਵਿਚ ਸੁੰਦਰ, ਮਰਦਾਨਾ ਅਤੇ 'ਸਤੇ ਤੇ ਵਲਵੰਡਾ' ਨੂੰ ਥਾਂ ਮਿਲਦੀ ਹੈ। ਇਹ ਸਾਰੇ ਹੀ ਗੁਰੂਆਂ ਨਾਲ ਸੰਬੰਧਿਤ ਸਨ। ਇਨ੍ਹਾਂ ਦੀਆਂ ਬਾਣੀਆਂ ਦੀ ਜਾਣ ਪਛਾਣ ਵਿਸ਼ੇਸ਼ ਬਾਣੀਆਂ ਵਿਚ ਕਰਾ ਦਿਤੀ ਗਈ ਹੈ। ਇਥੇ ਨਿਰੋਲ ਸੂਚਨਾ ਮਾਤਰ ਹੈ।



Digitized by Panjab Digital Library | www.panjabdigilib.org

ਚੌਥੇ ਵਰਗ ਵਿਚ ਆਉਣ ਵਾਲੇ ਭਟਾਂ ਦੀ ਮਹੱਤਤਾ 'ਗੁਰੂ ਪਦ-ਉਸਤਤੀ' ਗਾਉਣ ਵਿਚ ਹੈ। ਸਿਧਾਂਤਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਕੋਈ ਸੁਤੰਤਰ ਮਹੱਤਤਾ ਨਹੀਂ, ਇਸ ਲਈ ਉਨ੍ਹਾਂ ਦੀ ਜਾਣ ਪਛਾਣ ਭੀ ਸੂਚਨਾ ਰੂਪ ਵਿਚ ਹੀ ਦਿਤੀ ਹੈ। ਇਸ ਕਰਮ ਵਿਚ ਸਾਰੇ ਲਿਖਾਰੀਆ ਦੀ ਜਾਣ ਪਛਾਣ ਕਰਾਈ ਜਾਦੀ ਹੈ।

੧ ਗੁਰੂ ਨਾਨਕ ਦੇਵ (੧੫੨੬ ਤੋਂ ੧੫੯੬) ਜਨਮ ਤੋਂ ਖਤਰੀ, ਯਾਤਰਾ ਤੋਂ ਭਰਮਣ ਸ਼ੀਲ, ਨਵੀਨ ਕਰਮ ਤੋਂ ਗੁਰੂ, ਬਹੁਪਖੀ ਗਿਆਨ ਭੰਡਾਰ ਵਿਚ ਭਾਵਨਾਵਾਂ ਦੇ ਅਮੁਕ ਸਰੋਤ, ਅਧਿਆਤਮਕ ਰਾਹ ਦੇ ਅਡੋਲ ਰਾਹਗੀਰ,ਗੁਰੂ ਨਾਨਕ ਮਹਾਨ ਵਿਅਕਤਿਤਵ ਦੀ ਉਸਾਰੀ ਲਈ ਸੰਸਾਰ ਵਿਚ ਆਏ ਸਨ। ਮੋਦੀ ਖਾਨੇ ਵਿਚ ਬੈਠੇ ਬੈਠੇ ਉਨ੍ਹਾਂ ਦੇ ਅੰਦਰ ਦਾ ਵਾਹਿਗੁਰੂ ਤਿਲਮਿਲਾ ਉਠਿਆ। ਪ੍ਰਤਿਭਾ ਫੁਟ ਨਿਕਲੀ ਅਤੇ ਬਿਨਾ ਕੋਸ਼ਿਸ਼ ਹੀ ਗੁਰੂ ਨਾਨਕ ਦੇ ਪੈਰ ਗੁਰਤਵ ਵਲ ਵਧਨ ਲਗੇ। ਉਨ੍ਹਾਂ ਦੀ ਬਾਣੀ ਵਿਚ ਰਸ ਤੋਂ ਭੀ ਵਧ ਮਹੱਤਤਾ ਰਾਗ ਦੀ ਹੈ, ਪਰ ਵਿਚਾਰਾਂ ਦੀ ਕੀਮਤ ਕਰਕੇ ਨਹੀਂ। "ਜਿਹਾ ਡਿਠੋ, ਮੈਂ ਤਿਹਾ ਕਹਿਆ" ਤੋਂ ਸਪਸ਼ਟ ਹੈ ਕਿ ਉਨ੍ਹਾਂ ਦੀ ਬਾਣੀ ਨਿਰੋਲ ਅਨੁਭੂਤੀ ਪ੍ਰਧਾਨ ਹੈ। ਵਿਚਾਰ, ਕਲਪਨਾ ਅਤੇ ਅਲੰਕਾਰ, ਉਨ੍ਹਾਂ ਦੀ ਬਾਣੀ ਵਿਚ ਵਧੇਰੇ ਮਿਲਦੇ ਹਨ। ਪਰੰਤੂ ਉਨ੍ਹਾਂ ਦੀ ਅਨੁਭੂਤੀ ਦੇ ਪ੍ਰਗਟਾਉ ਦੇ ਕੇਵਲ ਸਹਾਇਕ ਹੋਕੇ ਹੀ ਅਨੁਭੂਤੀ ਦੇ ਬਿਨਾਂ ਉਨ੍ਹਾਂ ਦਾ ਇਕ ਸ਼ਬਦ ਨਹੀਂ ਮਿਲਦਾ। ਵੇਲੇ ਦੀ ਆਵਾਜ਼ ਨੂ ਸੁਣਨ ਦੇ ਕਾਰਣ, ਉਨ੍ਹਾਂ ਦੀ ਬਾਣੀ ਵਿਚ ਕਬੀਰ ਦਾ ਕੌੜਾਪਨ ਤੇ ਸਿਧੀ ਉਪਦੇਸ਼ਾਤਮਕਤਾ ਨਹੀਂ। ਉਸ ਦਾ ਸਰਲ ਤੇ ਧਾਰਮਿਕ ਪ੍ਰਗਟਾਉ, ਖੰਡ ਚੜ੍ਹੀ ਹੋਈ ਕੁਨੀਨ ਦੀ ਗੋਲੀ ਵਾਂਗ ਹੈ। ਜਿਹੜੀ ਬਿਮਾਰ ਨੂੰ ਤਾਂ ਜ਼ਰੂਰ ਠੀਕ ਕਰਦੀ ਹੈ ਪਰ ਉਨ੍ਹਾਂ ਨੂੰ ਕੁੜਤਨ ਮਹਿਸੂਸ ਨਹੀਂ ਹੋਣ ਦਿੰਦੀ। ਉਨ੍ਹਾਂ ਦੇ ਮੁਖ ਵਿਸ਼ੈ ਹਨ, ਬ੍ਰਹਮ, ਪ੍ਰੇਮ ਤੇ ਬ੍ਰਹਮ ਪ੍ਰਾਪਤੀ ਦਾ ਉਪਾਏ, 'ਨਾਉਂ' ਉਹਦੀ ਮਹੱਤਤਾ ਅਤੇ ਲਗਾਤਾਰ ਜਾਪ। ਮਾਇਆ, ਹਉਮੈਂ, ਵਿਸ਼ੇ-ਵਿਕਾਰ, ਬਾਹਰੀ ਅਡੰਬਰ (ਜਪੁ ਤਪੁ ਤਿਲਕ ਮਾਲਾ, ਤੀਰਥ, ਪੂਜਾ, ਸਨਾਨ ਆਦਿ) ਰੁਕਾਵਟ ਪਾਉਣ ਵਾਲੀਆਂ ਸ਼ਕਤੀਆਂ ਦੀ ਨਿਖੇਧੀ ਅਤੇ ਸਤਸੰਗ, ਸਤਿਗੁਰੂ ਤੇ ਅਭਿਆਸ ਨਾਲ ਮਨ ਨੂੰ ਵਸ ਵਿਚ ਕਰਨਾ ਅਤੇ ਉਹਦੀ ਪਵਿਤਰਤਾ ਤੇ



Digitized by Panjab Digital Library | www.panjabdigilib.org

ਵਿਕਾਸ ਸੇਵਾ ਆਦਿ ਸਹਾਇਕ ਸ਼ਕਤੀਆਂ ਦੀ ਮਹੱਤਤਾ ਦਸ ਕੇ ਧਰਮ ਤੋਂ ਨਸਦੀ ਜਨਤਾ ਨੂੰ ਧਰਮ ਵਿਚ ਲਾਉਣ, ਅਸਲ ਵਿਚ ਸਿਧਾਂਤਕ ਸਚਾਈਆਂ ਨੂੰ ਹੀ ਵਿਵਹਾਰਕ ਰੂਪ ਦੇਣ, ਉਨ੍ਹਾਂ ਦੀ ਬਾਣੀ ਦਾ ਉਦੇਸ਼ ਰਿਹਾ ਹੈ। ਉਨ੍ਹਾਂ ਦੀ ਭਾਸ਼ਾ ਯੋਗੀ, ਪੰਡਿਤ, ਮੁਲਾਂ ਦੇ ਅਨੁਸਾਰ ਬਦਲਦੀ ਚਲਦੀ ਹੈ। ਸਦਾ ਹੀ ਭਾਵ ਅਨੁਸਾਰ ਚਲਦੀ ਹੈ। ਇਨ੍ਹਾਂ ਦੀ ਸ਼ੈਲੀ ਸਮਾਸ-ਪਧਤੀ ਨੂੰ ਲੈਕੇ ਚਲੀ ਹੈ। ਜੋ ਗਾਗਰ ਵਿਚ ਸਾਗਰ ਭਰਨ ਦੀ ਸਮਰਥਾ ਰਖਦੀ ਹੈ। ਮੂਲ ਮੰਤਰ ਤੇ ਜਪੁਜੀ ਇਸ ਦੇ ਉਦਾਹਰਣ ਹਨ। ਬ੍ਰਹਮ ਸੂਤਰਾਂ ਨਾਲ ਇਸਦੀ ਤੁਲਨਾ ਕੀਤੀ ਜਾ ਸਕਦੀ ਹੈ।

ਜਨ ਭਾਸ਼ਾ ਵਿਚ ਪ੍ਰਚਲਿਤ ਮੁਹਾਵਰੇ ਅਤੇ ਅਖੌਤਾਂ ਦਾ ਪ੍ਰਯੋਗ ਵੇਖਣਾ ਹੋਵੇ ਤਾਂ ਆਸਾ ਦੀ ਵਾਰ ਪੜ੍ਹੋ। ਉਨਾਂ ਨੇ ਕਿਸੇ ਦਾ ਕੁਝ ਭੀ ਅਪਨਾਉਣ ਵਿਚ ਸੰਕੋਚ ਨਹੀਂ ਵਿਖਾਇਆ। ਹਾਂ ਆਪਣੇ ਵਿਚਾਰਾਂ ਦੇ ਅਨੁਕੂਲ ਸਰਲ ਭਾਸ਼ਾ ਦੇ ਵਿਚ ਢਾਲਕੇ ਸਗੋਂ ਹੋਰ ਲਾਭਦਾਇਕ ਬਣਾ ਲਿਆ ਹੈ। ਇਹ ਉਨ੍ਹਾਂ ਦੀ ਉਦਾਰਤਾ ਦਾ ਸੂਚਕ ਹੈ। ਇਸ ਢੰਗ ਨਾਲ ਉਨ੍ਹਾਂ ਦੀ ਬਾਣੀ ਵਿਚ ਸਭ ਤਰ੍ਹਾਂ ਦੇ ਵਿਚਾਰ ਸਾਰੇ ਹੀ ਭਾਵ ਜੀਵਨ ਦੇ ਸਾਰੇ ਹੀ ਖੇਤਰਾਂ ਤੋਂ ਕਲਪਨਾਵਾਂ, ਸਾਰੀਆਂ ਭਾਸ਼ਾਵਾਂ ਦੇ ਸ਼ਬਦ, ਸਾਰੀਆਂ ਸ਼ੈਲੀਆਂ ਦਾ ਪ੍ਰਯੋਗ ਤੇ ਸਾਰੇ ਹੀ ਸੰਤਾਂ ਦੀਆਂ ਬਾਣੀਆਂ ਮਿਲਦੀਆਂ ਹਨ, ਪਰੰਤੂ ਇਨ੍ਹਾਂ ਸਭ ਦੇ ਉਤੇ ਉਨ੍ਹਾਂ ਦੀ ਅਨੁਭੂਤੀ ਤੇ ਸੰਤ ਵਿਅਕਤਿਤਵ ਦੀ ਅਮਿਟ ਸ਼ਾਪ ਪ੍ਰਤੱਖ ਹੈ। ਇਹੋ ਉਨ੍ਹਾਂ ਦੀ ਵਿਸ਼ੇਸ਼ਤਾ ਹੈ।

੨ ਗੁਰੂ ਅੰਗਦ (੧੫੬੧ ਤੋਂ ੧੬੦੯) ਦੂਜੇ ਗੁਰੂ ਦੇ ਗੁਰੂ ਗ੍ਰੰਥ ਵਿਚ ਕੇਵਲ ੬੨ ਸ਼ਲੋਕ ਹਨ। ਇਨ੍ਹਾਂ ਨੇ ਗੁਰੂ ਨਾਨਕ ਦੁਆਰਾ ਦਸੇ ਹੋਏ ਰਾਹ ਨੂੰ ਹੋਰ ਸਪਸ਼ਟ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਨੇ ਭਗਵੰਤ ਪ੍ਰੇਮ ਦੀ ਮਹੱਤਤਾ ਉਸਦੇ ਲਈ ਤੜਪ ਤੇ ਉਸ ਪਾਸੇ ਲਗਨ ਨਾਲ ਨਿਰੰਤਰ ਰਹਿਣ ਉਤੇ ਜ਼ੋਰ ਦਿਤਾ ਹੈ। ਇਸ ਲਈ ਅਤੁਟ ਪਿਆਰ ਅਤੇ ਸੇਵਾ ਦੀ ਮਹੱਤਤਾ ਭੀ ਦਸੀ ਹੈ। ਇਨ੍ਹਾਂ ਦੀ ਭਾਸ਼ਾ ਅਤਿ ਸਰਲ ਅਤੇ ਸਪਸ਼ਟ ਪੰਜਾਬੀ ਹੈ। ਸ਼ਾਇਦ ਇਸੇ ਕਰਕੇ ਇਨ੍ਹਾਂ ਨੂੰ ਗੁਰਮੁਖੀ ਲਿਪੀ ਦਾ ਜਨਮਦਾਤਾ ਕਹਿੰਦੇ ਹਨ। ਪਰੰਤੂ ਭਾਸ਼ਾ ਦਾ ਉਦਗਾਮ ਅਤੇ ਵਿਕਾਸ ਪਹਿਲਾਂ ਹੀ ਹੋ ਚੁਕਿਆ ਸੀ। ਇਨ੍ਹਾਂ ਨੇ ਉਸਨੂੰ ਸਰਲ ਅਤੇ ਸਪਸ਼ਟ ਰੂਪ ਦੇਕੇ ਉਹਦਾ



Digitized by Panjab Digital Library | www.panjabdigilib.org

ਪ੍ਰਚਾਰ ਜ਼ਰੂਰ ਕੀਤਾ ਹੈ ।

੩ ਗੁਰੂ ਅਮਰ ਦਾਸ (੧੫੨੬ ਤੋਂ ੧੬੩੧) ਤੀਜੇ ਗੁਰੂ ਦਾ ਵਿਸ਼ਾਲ ਅਨੁਭਵ ਬਾਣੀ ਦੀ ਰਚਨਾ ਤੋਂ ਪਹਿਲਾਂ ਉਹਦੇ ਨਾਲ ਸੀ, ਇਸ ਲਈ ਉਨ੍ਹਾਂ ਦੀ ਬਾਣੀ ਦਾ ਪ੍ਰਧਾਨ ਸੁਰ ਨਾ ਕੇਵਲ ਛੂਤ ਛਾਤ, ਜ਼ਾਤ ਪਾਤ ਦੇ ਭੇਦ ਭਾਵ ਨੂੰ ਦੂਰ ਕਰਕੇ ਜਨ-ਸਮਾਜ ਵਿਚ ਏਕਤਾ ਲਿਆਉਣੀ ਸੀ, ਸਗੋਂ ਇਹੋ ਜਿਹਾ ਹੀ ਸੰਦੇਸ਼ ਦੇਣ ਵਾਲੇ ਨੂੰ ਸਰਵੋਤਮ ਦਸਣਾ ਭੀ ਸੀ। ਉਨ੍ਹਾਂ ਨੇ ਹੀ ਸਚੀ ਬਾਣੀ ਦੀ ਮਹੱਤਤਾ ਦਸਕੇ ਗੁਰੂ ਅਰਜਨ ਨੂੰ ਆਦਿ ਗ੍ਰੰਥ ਦੇ ਸੰਗਰਹਿ ਲਈ ਪ੍ਰੇਰਣਾ ਦਿਤੀ, ਇਨ੍ਹਾਂ ਦੀ ਸਪਸ਼ਟਤਾ, ਇਨ੍ਹਾਂ ਦੇ ਚਰਿਤਰ ਦਾ ਸਭ ਤੋਂ ਵਡਾ ਗੁਣ ਸੀ । ਉਹ ਉਸੇ ਤਰ੍ਹਾਂ, ਉਨ੍ਹਾਂ ਦੀ ਬਾਣੀ ਵਿਚ ਉਤਰ ਆਇਆ । ਇਸੇ ਲਈ ਲੋੜ ਅਨੁਸਾਰ ਇਨ੍ਹਾਂ ਨੇ ਫਰੀਦ ਆਦਿ ਦੀ ਬਾਣੀ ਦੀ ਉਚਿਤ ਵਿਆਖਿਆ ਅਤੇ ਆਲੋਚਨਾ ਕੀਤੀ ਹੈ । 'ਆਨੰਦ' ਵਿਚ ਪ੍ਰਸੰਨਤਾ ਤੇ "ਸੂਛ" (ਸੁੰਦਰ ਰਚਿਤ) ਵਿਚ ਇਨ੍ਹਾ ਦਾ ਹੀ ਮੌਤ ਦਾ ਸੰਦੇਸ਼ ਹੈ । ਗੁਰੂ ਨਾਨਕ ਦੀ ਤਰ੍ਹਾਂ ਹੀ ਇਨ੍ਹਾਂ ਦੀ ਭਾਸ਼ਾ ਵਿਚ ਰੂਪਕ, ਉਪਮਾ ਆਦਿ ਅਲੰਕਾਰਾਂ ਦਾ ਕਾਫੀ ਪ੍ਰਯੋਗ ਮਿਲਦਾ ਹੈ । ਆਮ ਤੌਰ ਤੇ ਇਨ੍ਹਾਂ ਦੀ ਭਾਸ਼ਾ ਭੀ ਭਾਵਾਨੁਸਾਰੀ ਹੈ । ਅਖਾਣਾ ਅਤੇ ਮੁਹਾਵਰਿਆਂ ਦੀ ਵਰਤੋਂ ਭੀ ਮਿਲਦੀ ਹੈ ।

੪. ਗੁਰੂ ਰਾਮਦਾਸ (੧੫੯੧ ਤੋਂ ੧੬੩੮) ਚੌਥੇ ਗੁਰੂ ਰਾਮਦਾਸ ਦੀ ਬਾਣੀ ਵਿਚ ਪ੍ਰੇਮ ਦੀ ਪ੍ਰਧਾਨਤਾ ਹੈ । ਇਸ ਵਿਚ ਲੌਕਿਕ ਉਦਾਰਹਣਾਂ ਤੋਂ ਰਬੀ ਪਿਆਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ । ਜਨ-ਸਾਧਾਰਣ ਨੂੰ ਭੀ ਨਮਰਤਾ ਅਤੇ ਪਿਆਰ ਨਾਲ ਸੰਬੋਧਨ ਕੀਤ ਹੈ । ਇਨ੍ਹਾਂ ਦੀਆਂ ਲੰਮੇਰੀਆਂ ਕਵਿਤਾਵਾਂ ਵਿਚ ਆਮ ਤੌਰ ਤੇ ਇਕੋ ਭਾਵ ਛੁਪਿਆ ਰਹਿੰਦਾ ਹੈ । ਪਰੰਤੂ ਉਹਦੀ ਸੁੰਦਰ, ਗਣਿਤ ਅਤੇ ਸਰਸ ਸ਼ਬਦਾਵਲੀ ਅਤੇ ਮਧੁਰ ਸੰਗੀਤ ਆਪ ਮੁਹਾਰੇ ਹੀ ਪਾਠਕ ਨੂੰ ਆਪਣੇ ਨਾਲ ਚਲਣ ਲਈ ਮਜਬੂਰ ਕਰਦੀ ਹੈ । ਉਨ੍ਹਾਂ ਦੇ ਸ਼ਬਦ-ਚਿਤਰ ਤੇ ਮਧਰ ਬੋਲ ਅਤੇ ਕਿਧਰੇ ਕਿਧਰੇ ਪਾਠਕ ਨੂੰ ਉਨ੍ਹਾਂ ਦੇ ਭਾਵ ਤੋਂ ਭੀ ਵਧ ਮੋਹ ਲੈਂਦੇ ਹਨ । ਇਹ ਉਨਾਂ ਦੀ ਭਾਲ ਅਤੇ ਸ਼ੈਲੀ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਹੈ ।

੫. ਗੁਰੂ ਅਰਜਨ ਦੇਵ (੧੬੨੦ ਚੋਂ ੧੬੬੩) ਪੰਜਵੇਂ ਗੁਰੂ



Digitized by Panjab Digital Library | www.panjabdigilib.org

ਅਰਜਨ ਦੀ ਬਾਣੀ ਸਰਵ-ਪੱਖੀ ਹੈ। ਇਨ੍ਹਾਂ ਨੇ ਸਾਰੇ ਵਿਚਾਰਾਂ ਤੇ ਸਾਰੇ ਹੀ ਭਾਵਾਂ ਨੂੰ ਲੈ ਕੇ ਜੀਵਨ ਦੇ ਭਿੰਨ ਭਿੰਨ ਖੇਤਰਾਂ ਤੋਂ ਲਈਆਂ ਕਲਪਨਾਵਾਂ, ਵਿਚ ਪਰੋ ਦਿੱਤਾ ਹੈ। ਇਨ੍ਹਾਂ ਦੀ ਸੂਖਮ ਤੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਜੀਵਨ ਦਾ ਕੋਈ ਕ੍ਰਿਰਿਆ ਵਾਪਾਰ ਨਹੀਂ ਬਚ ਸਕਿਆ। ਸਹਾਨੁਭੂਤੀ ਉਦਾਰਤਾ, ਪਿਆਰ, ਖਿਮਾ ਵਿਸਵਾਸ਼ ਆਦਿ ਇਨ੍ਹਾਂ ਦੇ ਵਿਅਕਤੀਗਤ ਗਣ, ਇਨ੍ਹਾਂ ਦੀ ਕਵਿਤਾ ਵਿਚ ਪਰਤਖ ਝਲਕਾਰੇ ਮਾਰਦੇ ਹਨ। ਗੁਰੂ ਨਾਨਕ ਤਰ੍ਹਾਂ ਇਨ੍ਹਾਂ ਦਾ ਪੁਰਾਣਿਕ ਗਿਆਨ ਭੀ ਵਧੇਰੇ ਹੈ। ਸਾਰੇ ਭਗਤਾਂ ਦੇ ਉਦਾਹਰਣ ਇਨ੍ਹਾਂ ਦੇ ਭਗਤ ਰਖਿਅਕ ਭਗਵਾਨ ਵਿਚ, ਮਿਲਦੇ ਹਨ। ਇਹ ਆਪਣੇ ਕਿਸੇ ਭੀ ਸ਼ਬਦ ਵਿਚ ਵਾਹਿਗੁਰੂ ਦੇ ਪ੍ਰਤਿ ਕ੍ਰਿਤਗੱਤਾ, ਪ੍ਰਕਾਸ਼ ਕਰਨਾ ਨਹੀਂ ਭੁਲੇ। ਇਹੋ ਇਨ੍ਹਾਂ ਦੀ ਬਾਣੀ ਦੀ ਵਿਸ਼ੇਸ਼ਤਾ ਹੈ। ਸੁਖਮਣੀ ਇਨ੍ਹਾਂ ਦੀ ਸਰਵੋਤਮ ਰਚਨਾ ਹੈ। ਭਾਸ਼ਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੇ ਲਹਿੰਦੀ, ਪੰਜਾਬੀ ਤੇ ਹਿੰਦੀ ਤਿੰਨਾਂ ਦੀ ਹੀ ਵਰਤੋਂ ਕੀਤੀ ਹੈ। ਪਰੰਤੂ ਬਹੁਤੀ ਬਾਣੀ ਪੰਜਾਬੀ ਵਿਚ ਹੀ ਹੈ। ਕਿਧਰੇ ਕਿਧਰੇ ਤਾਂ ਨਵੀਨ ਖੜੀ ਬੋਲੀ ਦੇ ਦਰਸ਼ਨ ਭੀ ਹੁੰਦੇ ਹਨ ;ਜਿਵੇਂ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਜੈਤਸਰੀ ਦੀ ਵਾਰ ਵਿਚ ਪਹਿਲੀ ਪੰਕਤੀ ਹਿੰਦੀ ਦੂਜੀ ਵਿਚ ਲਹਿੰਦੀ (ਉਪ ਵਿੱਚ ਭੀ ਉਹੋ ਭਾਵ) ਤੇ ਫੇਰ ਪਉੜੀ ਵਿਚ ਪੰਜਾਬੀ ਵਿਚ ਉਸੇ ਭਾਵ ਦੀ ਵਿਆਖਿਆ, ਤਿੰਨਾਂ ਭਾਸ਼ਾਵਾਂ ਤੇ ਅਧਿਕਾਰ ਦੀ ਸੂਚਕ ਹੈ।

ਅਸਲ ਵਿਚ ਕਲਾ ਦੇ ਨਿਖਰੇ ਹੋਏ ਰੂਪ ਦੇ ਦਰਸ਼ਨ ਸਾਨੂੰ ਉਨ੍ਹਾਂ ਦੀ ਕਵਿਤਾ ਵਿਚ ਬਹੁਤ ਉਭਰੇ ਦਿਸਦੇ ਹਨ। ਇਹੋ ਹੀ ਉਨ੍ਹਾਂ ਦੀ ਬਾਣੀ ਦੀ ਮਹਾਨਤਾ ਹੈ। ਗੁਰੂ ਗ੍ਰੰਥ ਦੇ ਸੰਗ੍ਰਹਕ ਤੇ ਸੰਪਾਦਕ ਦੇ ਰੂਪ ਵਿਚ ਸਾਰੀ ਬਾਣੀ ਨੂੰ ਸ਼ੁਧ ਕਰ, ਕ੍ਰਮ-ਬਧ ਕਰ ਸੰਪਾਦਿਤ ਕਰਨਾ ਉਨ੍ਹਾਂ ਦੀ ਵਿਲੱਖਣ ਪ੍ਰਤਿਭਾ ਦਾ ਸੂਚਕ ਹੈ। ਉਨ੍ਹਾਂ ਦੀ ਇਸੇ ਸਾਹਿਤਕ ਦੇਣ ਨੇ ਉਨ੍ਹਾਂ ਨੂੰ ਅਮਰ ਕਰ ਦਿਤਾ ਹੈ।

੬. ਗੁਰੂ ਤੇਗ ਬਹਾਦਰ:– (ਸੰਮਤ ੧੬੭੮ ਤੋਂ ੧੭੩੨) ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਗੁਰੂ ਗ੍ਰੰਥ ਵਿਚ ਇਨ੍ਹਾਂ ਦੇ ਪੁਤਰ ਗੁਰੂ ਗੋਬਿੰਦ ਸਿੰਘ ਨੇ ਅੰਕਿਤ ਕੀਤੀ। ਉਸ ਵੇਲੇ ਆਦਿ ਗ੍ਰੰਥ ਨੇ ਗੁਰੂ ਗਰੰਥ



Digitized by Panjab Digital Library | www.panjabdigilib.org

ਦਾ ਰੂਪ ਲਇਆ । ਇਨ੍ਹਾਂ ਦੀ ਬਾਣੀ ਦੇ ਪ੍ਰਧਾਨ ਵਿਸ਼ੇ ਪਰਿਵਰਤਨ ਸ਼ੀਲ ਜਗਤ, ਆਕਰਸ਼ਕ ਧਨ ਤੇ ਸੰਸਾਰੀ ਸੁੰਦਰਤਾ ਹੈ । ਇਨ੍ਹਾਂ ਨੇ ਆਮ ਤੌਰ ਤੇ ਛੋਟੀਆਂ ਛੋਟੀਆਂ ਰਚਨਾਵਾਂ ਰਚੀਆਂ ਹਨ । ਇਨ੍ਹਾਂ ਦੇ ਵਿਚਾਰ ਭੀ ਸੀਮਿਤ ਹੀ ਹਨ । ਸਮਸਿਆਵਾਂ ਦਾ ਸਮਾਧਾਨ ਦੱਸਿਆ ਜ਼ਰੂਰ ਹੈ, ਲੇਕਿਨ ਉਨ੍ਹਾਂ ਵਿਚ ਭਿੰਨਤਾ ਨਹੀਂ । ਇਹ ਬਾਣੀ ਆਤਮਾ ਨੂੰ ਸ਼ਾਂਤੀ ਦੇਣ ਵਾਲੀ ਹੈ । ਗਹਿਰੀ ਚੋਟ ਖਾਧੇ ਹੋਏ ਘਾਉ ਭਰਨ ਵਾਲੀ ਹੈ । ਸਾਰੇ ਗੁਰੂਆਂ ਤੋਂ ਬਿਨਾ ਇਨ੍ਹਾਂ ਦੀ ਭਾਸ਼ਾ ਹਿੰਦੀ ਦੇ ਵਧੇਰੇ ਨੇੜੇ ਹੈ । ਅਲੰਕਾਰ ਸਾਧਾਰਣ ਹੁੰਦਿਆਂ ਹੋਇਆਂ ਭੀ ਉਨ੍ਹਾਂ ਦੇ ਪ੍ਰਭਾਵ ਦੀ ਪੂਰਣ ਢੰਗ ਨਾਲ ਵਰਤੋਂ ਕੀਤੀ ਗਈ ਹੈ । ਇਸੇ ਲਈ ਸਿਖਿਆਦਾਇਕ ਹੁੰਦੇ ਹੋਏ ਭੀ ਕੌੜੇ ਤੇ ਪੰਕੇ ਨਹੀਂ । ਸਗੋਂ ਗ੍ਰਹਿਨ ਕਰਨ ਦੇ ਯੋਗ ਹਨ । ਇਨ੍ਹਾਂ ਦੀ ਕਲਾ ਨੇ ਇਨ੍ਹਾਂ ਦੀ ਸਿਖਿਆ ਦੇ ਤਿੱਖੇ ਪਨ ਨੂੰ ਲਕੋਲਿਆ ਹੈ । ਏਹੋ ਇਨ੍ਹਾਂ ਦੀ ਬਾਣੀ ਦੀ ਵਿਸ਼ੇਸ਼ਤਾ ਹੈ ।

(੭) ਰਾਮਾਨੰਦ—( ਸੰਮਤ ੧੩੫੬ ਤੋਂ ੧੪੬੭ ) ਉੱਤਰ ਵਿਚ ਭਗਤੀ ਪਰਚਾਰ ਕਰਨ ਵਾਲੇ ਰਾਘਵਾਨੰਦ ਦੇ ਚੇਲੇ ਸਨ, ਗੁਰੂ ਤੋਂ ਵਿਚਾਰ ਭੇਟ ਹੋਣ ਦੇ ਕਾਰਣ ਭਗਤੀ ਦੇ ਪ੍ਰਚਾਰ ਲਈ ਜਿਥੇ 'ਕਾਲ ਕੂਪ' ਸੰਸਕ੍ਰਿਤ ਨੂੰ ਤਿਆਗ 'ਵਹਿੰਦੇ ਨੀਰ' ਜਨ ਭਾਸ਼ਾ ਦਾ ਆਸਰਾ ਲੈਣਾ ਅਰੰਭ ਕੀਤਾ ਹੈ ਉਥੇ ਨੀਵੇਂ ਵਰਗ ਦੇ ਜੁਲਾਹਾ, ਕਬੀਰ, ਚਮਾਰ ਰਵੀਦਾਸ, ਨਾਈ ਬੇਨ, ਜੱਟ ਧਨਾ, ਆਦਿ ਸ਼ਿਸ਼ ਪਰੰਪਰਾ ਵਿਚ ਥਾਂ ਦਿੱਤੀ । ਸੰਸਕ੍ਰਿਤ ਰਚਨਾਵਾਂ ਤੋਂ ਇਲਾਵਾ ਆਚਾਰੀਆ ਹਜ਼ਾਰੀ ਪ੍ਰਸ਼ਾਦ ਜੀ ਦ੍ਵਿਵੇਦੀ ਨੇ ਰਾਮਾ ਨੰਦ ਕੀ ਹਿੰਦੀ ਰਚਨਾਏਂ, ਮਾਸਕ ਪੁਸਤਕ ਵਿਚ ਛੇ ਹਿੰਦੀ ਦੀਆਂ ਮਿਲਦੀਆਂ ਰਚਨਾਵਾਂ ਸੰਪਾਦਿਤ ਕੀਤੀਆਂ ਹਨ । ਗਰੂ ਗ੍ਰੰਥ ਵਿਚ ਕੇਵਲ ਇਕੋ ਪਦ ਪ੍ਰਾਪਤ ਹੈ । ਜਿਸ ਵਿਚ ਬ੍ਰਹਮ ਨੂੰ ਅਨੁਭਵ ਕਰ ਪੁਕਾਰ ਉਠੇ ਹਨ ।

"ਕਤ ਜਾਈਏ ਰੇ ਬਰ ਲਾਗੋ ਰੰਗ"

ਇਹ ਗੁਰੂ ਸ਼ਬਦ ਦੀ ਹੀ ਕਿਰਪਾ ਦਾ ਫਲ ਹੈ । ਇਸ ਲਈ ਬਾਹਰ ਜਾਕੇ ਪੂਜਾ ਕਰਨ ਦੀ ਲੋੜ ਨਹੀਂ । ਸਪਸ਼ਟ ਸਰਲ ਤੇ ਸਰੱਸ ਬ੍ਰਜ ਭਾਸ਼ਾ ਨੂੰ ਅਪਣਾਇਆ । ਇਨ੍ਹਾਂ ਦੀ ਮਹੱਤਤਾ ਇਨ੍ਹਾਂ ਦੀ ਸ਼ਿਸ਼ ਪਰੰਪਰਾ ਵਿਚੋਂ ਭੀ ਵਿਸ਼ੇਸ਼ ਤਰ ਤੇ ਕਬੀਰ ਤੇ ਰਵੀ ਦਾਸ ਨੇ ਵਧਾ ਦਿੱਤੀ ਹੈ ।

(੮) ਕਬੀਰ—( ਸੰਮਤ ੧੪੫੫ ਤੋਂ ੧੭੭੫ ) ਇਨ੍ਹਾਂ ਦਾ ਸਮਾਂ



Digitized by Panjab Digital Library | www.panjabdigilib.org

ਮੰਨਿਆ ਜਾਂਦਾ ਹੈ 'ਸਰਲ ਆਦਮੀ ਹੀ ਪ੍ਰਚੰਡ ਹੋਤਾ ਹੈ। ਵਿਸ਼ਵਾਸ਼ ਪਰੰਪਰਾ-ਇਵ ਮਨੁਸ਼ਯ ਹੀ ਨਿਰਨਯ ਹੋਤਾ ਹੈ। "ਨਿਸਚਾਵਾਨ ਹੀ ਵਿਨੀਤ ਹੋਤਾ ਹੈ।"

ਕਬੀਰ ਦਾ ਵਿਅਕਤਿਤਵ ਆਚਾਰੀਆ ਜੀ ਦੇ ਇਸ ਕਥਨ ਦੀ ਵਿਆਖਿਆ ਵਿਚ ਭੀ ਛੁਪਿਆ ਹੋਇਆ ਹੈ। ਕਬੀਰ ਕੇਵਲ ਆਪਣੀ ਆਤਮਾ ਦੇ ਹੀ ਪੁਜਾਰੀ ਸਨ। ਸੰਸਾਰ ਵਿਚ ਰਹਿੰਦੇ ਹੋਇਆਂ ਭੀ (ਪਨਮ-ਪੁਤਰ ਸਿਵਾਭਧਾ' ਸਿਰਲੇਖ ਸਰੀਰ ਵਿਚ ਉਨ੍ਹਾਂ ਦੀ ਆਤਮਾ ਰਹਿੰਦੀ ਸੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਵਿਚ ਅਨੁਭੂਤੀ-ਗਤ ਸਚਾਈ ਤੋਂ ਬਿਨਾਂ ਹੋਰ ਕਝ ਨਹੀਂ ਮਿਲਦਾ। ਇਸੇ ਲਈ ਉਹ ਸਰਲ ਸਨ ਕਿ ਉਨ੍ਹਾਂ ਨੂੰ ਕੁਟਲਤਾ ਦਾ ਗਿਆਨ ਸੀ ਪਰੰਤੂ ਉਸ ਵਿਚ ਉਹ ਲਿਖਦੇ ਨਹੀਂ। ਸਗੋਂ ਕੁਟਲ ਵਿਅਕਤੀਆਂ ਦੀ ਕੁਟਲਤਾ ਨੂੰ ਉਨ੍ਹਾਂ ਨੇ ਸਹਿਨ ਭੀ ਨਹੀਂ ਕੀਤਾ। ਹਾਲਾਤ ਨੇ ਆਪ ਮੁਹਾਰੇ ਹੀ ਉਨ੍ਹਾਂ ਦੇ ਤਿੱਖੇ ਰੂਪ ਨੂੰ ਉਭਾਰ ਦਿੱਤਾ। ਇਸ ਢੰਗ ਨਾਲ ਉਹ ਸਰਲ ਸਨ। ਅਨੁਭੂਤੀਗਤ ਸਚਾਈਆਂ ਦੇ ਪ੍ਰਗਟਾ ਵਿਚ ਪ੍ਰਚੰਡ ਸਨ, ਬਾਹਰੀ ਅਡੰਬਰਾ ਦੇ ਵਿਰੋਧੀ ਸਨ।

ਉਨ੍ਹਾਂ ਦੇ ਕੌੜੇ ਕਥਨਾਂ ਦਾ ਭੀ ਵਿਰੋਧ ਕਰਨ ਦੀ ਸ਼ਕਤੀ ਕਿਸੇ ਵਿਚ ਨਹੀਂ ਸੀ। ਕਿਉਂਕਿ ਉਹ ਅੰਤਰ ਆਤਮਾ ਤੋਂ ਨਿਕਲੀਆਂ ਸਚਾਈਆਂ ਸਨ। ਇਸੇ ਪ੍ਰਕਾਰ ਜਿਹੜੇ ਲੋਕਾਂ ਵਿਚ ਉਨ੍ਹਾਂ ਨੇ ਸ਼ਰਧਾ ਜਗਾ ਦਿੱਤੀ ਸੀ। ਉਨ੍ਹਾਂ ਲਈ ਉਹ ਨਿਮਰ ਸਨ।

ਉਨ੍ਹਾਂ ਦੇ ਸ਼ਲੋਕ ਉਨ੍ਹਾਂ ਦੀ ਅਨੁਭੂਤੀ-ਗਤ ਸਚਾਈਆਂ ਦੇ ਸਿੱਟੇ ਸਨ। ਉਨ੍ਹਾਂ ਦੇ ਸ਼ਬਦ ਸਿਧਾਂਤਾਂ ਦੀ ਵਿਆਖਿਆ ਅਤੇ ਸਿੱਧੀ ਲਈ ਸਾਧਨ ਬਣਦੇ ਹਨ। ਉਨ੍ਹਾਂ ਨੇ ਸੱਚੇ ਬ੍ਰਹਮ ਦਾ ਅਨੁਭਵ ਕਰਕੇ ਜੀਵ ਮਾਤਰ ਨੂੰ ਮੋਹਣੀ ਮਾਇਆ ਤੋਂ ਤੇ ਅਰੁਕ ਜਮ ਤੋਂ ਬਚਣ ਦਾ ਸੰਦੇਸ਼ ਦਿਤਾ। ਸੰਸਾਰਕ ਸੁਖਾਂ ਤੇ ਚੰਚਲ ਮਨ ਤੋਂ ਭੀ ਬਚਨ ਦੀ ਲੋੜ ਹੈ। ਇਸ ਕਰਕੇ ਅਧਿਆਤਮਕ ਸੁਖ ਦਾ ਝਲਕਾਰਾ ਵਿਖਾਇਆ ਹੈ। ਸਤਿਗੁਰੂ ਦੀ ਮਹੱਤਤਾ ਦਰਸਾ ਕੇ ਉਸੇ ਦੁਆਰਾ ਬ੍ਰਹਮ ਦੀ ਜਾਣ-ਪਛਾਣ ਕਰਵਾਈ ਹੈ। ਇਸ ਵਿਚਕਾਰ ਅਵਸਰ ਮਿਲਦੇ ਹੀ ਜੋਗੀਆਂ ਬ੍ਰਾਹਮਣ ਪੰਡਤਾਂ ਤੇ ਮੁਲਾਂ ਨੂੰ ਫ਼ਿਟਕਾਰਣ ਵਿਚ ਅਮਲੀ ਨਿਡਰਤਾ ਤੇ ਦ੍ਰਿੜਤਾ ਦਾ ਪਰਿਚਯ ਕਰਵਾਇਆ



Digitized by Panjab Digital Library | www.panjabdigilib.org

ਹੈ। ਜ਼ਾਤ ਧਰਮ, ਤੇ ਕਰਮ ਦੀ ਭਿੰਨਤਾ ਨੂੰ ਦੂਰ ਕਰਕੇ ਮਾਨਵ ਮਾਤਰ ਨੂੰ ਸੰਮਤਾ ਦਾ ਸੰਦੇਸ਼ ਦਿੱਤਾ ਹੈ। ਸੰਨਿਆਸ ਤੇ ਕਰਮਹੀਣਤਾ ਦਾ ਵਿਰੋਧ ਕਰਕੇ ਸ਼ਰਨ ਲਈ ਕਾਂਸ਼ੀ ਤੋਂ ਟੁਰ ਪਏ ਸਨ।

ਕਬੀਰ ਨੇ ਕਦੇ ਭੀ ਭਾਸ਼ਾ ਵੱਲ ਧਿਆਨ ਨਾ ਦਿੱਤਾ। ਠੀਕ ਜਿਸ ਤਰ੍ਹਾਂ ਸੁੰਦਰ ਨਾਰੀ ਨੂੰ ਕਿਸੇ ਭੀ ਭੂਸ਼ਨ ਦੀ ਲੋੜ ਨਹੀਂ ਹੁੰਦੀ। ਤਾਂ ਭੀ ਹਰ ਕਪੜਾ ਉਸ ਨੂੰ ਸ਼ੋਭਦਾ ਹੈ। ਉਸੇ ਤਰ੍ਹਾ ਕਬੀਰ ਨੇ ਬੇਸ਼ਕ ਭਾਸ਼ਾ ਵਲ ਧਿਆਨ ਨਹੀਂ ਦਿੱਤਾ ਤਾਂ ਭੀ ਉਸਦੀ ਅਨੁਭੂਤੀ ਆਪਣੇ ਆਪ ਹੀ ਨਿੱਖਰ ਆਈ ਹੈ। 'ਢਾਈ ਅਕਸ਼ਰ ਪ੍ਰੇਮ ਕਾ ਪੜ੍ਹੇ ਸੋ ਪੰਡਿਤ ਹੋਈ" ਇਸ ਤੋਂ ਵਧ ਦਿਲ ਨੂੰ ਟੁੰਬਣ ਤੇ ਹਲੂਣੇ ਦੇਣ ਵਾਲੀ ਸਰਲ ਪਰ ਡੂੰਘੇਰੀ ਗੱਲ ਕਦੇ ਕਿਸੇ ਹੋਰ ਨੇ ਏਸ ਤੋਂ ਸਰਲ਼ ਢੰਗ ਨਾਲ ਪ੍ਰਗਟਾਈ ਹੈ ? ਇਕ ਨਹੀਂ—ਕਿਹੜੇ ਸ਼ਬਦ ਜਾਂ ਸ਼ਲੋਕ ਵਿਚ ਭਾਸ਼ਾ ਨੇ ਭਾਵ ਨੂੰ ਜਕੜ ਨਹੀਂ ਲਇਆ ਇਹ ਸਾਡੀ ਸਮਝ ਤੋਂ ਬਾਹਿਰ ਹੈ, ਪੰਡਿਤਾਂ ਨੂੰ ਪੁਰਾਤਨ ਗਿਆਨ ਦਾ ਬੋਧ ਕਰਾਇਆ ਹੈ ਤੇ ਜੋਗੀਆਂ ਨੂੰ ਜੋਗ ਦਾ। ਕਬੀਰ ਦੀ ਭਾਖਾ ਦੀ ਹੀ ਤਰ੍ਹਾਂ ਉਨ੍ਹਾਂ ਦੀ ਬਾਣੀ ਭੀ ਕਿਸੇ ਤੰਗ ਘੇਰੇ ਵਿਚ ਸੀਮਿਤ ਨਾ ਹੋਕੇ ਮਨੁੱਖ ਮਾਤਰ ਦੀ ਭਾਖਾ ਸੀ। ਇਸੇ ਵਿਚ ਹੀ ਮਨੁੱਖ ਕਬੀਰ ਦੇ ਮਨੁੱਖ ਦਾ ਧਰਮ ਲਿਖਿਆ ਹੈ।

(੯) ਰਵੀਦਾਸ :—ਸੰਮਤ ੧੪੪੧—੧੫੭੭) ਮੀਰਾ ਤੇ ਚਾਲੀ ਗਲੀ ਦੇ ਗੁਰੂ ਅਤੇ ਰਾਮਾਨਦ ਦੇ ਸ਼ਿਸ਼ ਚਮਾਰ ਰਵੀਦਾਸ ਦੇ ਗੁਰੂ ਗ੍ਰੰਥ ਵਿਚ ਚਾਲੀ ਪਦ ਪ੍ਰਾਪਤ ਹਨ। ਇਨ੍ਹਾਂ ਦਾ ਪ੍ਰਧਾਨ ਵਿਸ਼ੇ ਨੀਚ ਜਾਤੀ ਦੇ ਉਪਹਾਰ ਕਰਨ ਵਾਲੇ ਭਗਵਾਨ ਨੂੰ ਪੁਕਾਰਨਾ ਹੀ ਹੈ। ਕੋਈ ਸ਼ਬਦ ਇਹੋ ਜਿਹਾ ਨਹੀਂ ਮਿਲਦਾ, ਜਿਥੇ ਆਪਣੀ ਜਾਤੀ ਦਾ ਵਰਣਨ ਨਾ ਕੀਤਾ ਹੋਵੇ। ਪਰੰਤੂ ਰੱਬ ਦੇ ਅਟੁੱਟ ਵਿਸ਼ਵਾਸ਼, ਏਕਾਂਤ ਨਿਸਚੈ, ਅਤੇ ਮਹਾਨ ਭਗਤੀ ਨੇ ਇਨ੍ਹਾਂ ਦਾ ਇਹੋ ਜਿਹਾ ਸੁਧਾਰ ਕੀਤਾ ਕਿ ਗੁਰੂ ਭੀ ਇਨ੍ਹਾਂ ਦੀ ਬਾਣੀ ਤੋਂ ਪ੍ਰਭਾਵਿੱਤ ਹੋਏ ਬਿਨਾਂ ਨਾ ਰਹਿ ਸਕੇ। ਧਨਾਸਰੀ ਰਾਗ ਵਿਚ ਇਨ੍ਹਾਂ ਦੀ ਆਰਤੀ ਤੋਂ ਹੀ ਪ੍ਰੇਰਣਾ ਲੈ ਕੇ ਗੁਰੂ ਨਾਨਕ ਨੇ ਆਰਤੀ ਲਿੱਖੀ ਹੈ। ਦੋਹਾਂ ਨੂੰ ਮਿਲਾਉਣ ਤੇ ਸਾਫ਼ ਪਤਾ ਲੱਗ ਜਾਂਦਾ ਹੈ। ਇਨ੍ਹਾਂ ਦੀ ਬਾਣੀ ਵਿਚ ਗਹਿਰੀ ਭਾਵਕਤਾ ਦੇ ਨਾਲ ਗਤੀ ਵਿਚ ਦ੍ਰਿੜਤਾ ਆਉਂਦੀ ਜਾਂਦੀ



Digitized by Panjab Digital Library | www.panjabdigilib.org

ਹੈ । ਇਨ੍ਹਾਂ ਦੀਆਂ ਕੀਮਤਾਂ ਭੀ ਵਖਰੀਆਂ ਮਿਲਦੀਆਂ ਹਨ । ਕਬੀਰ ਸਾਧਨਾ ਤੱਕ ਪੁਜ ਕੇ ਜਨਤਾ ਨੂੰ ਆਪਣੇ ਵੱਲ ਖਿਚ ਦੇ ਰਹੇ ਸਨ । ਪਰੰਤੂ ਰਵੀਦਾਸ ਤਾਂ ਸਦਾ ਹੀ ਆਪਣੇ ਆਪ ਨੂੰ ਸਾਧਨ ਪਥ ਦੇ ਰਾਹੀਂ ਹੀ ਸਮਝਦੇ ਰਹੇ । ਇਸ ਲਈ ਦ੍ਰਿੜਤਾ ਤੇ ਸਥਾਨ ਤੇ ਉਨ੍ਹਾਂ ਨੇ ਨਿਮਰਤਾ ਦਾ ਸਹਾਰਾ ਲਇਆ ਹੈ । ਰਵੀਦਾਸ ਦੀ ਭਾਸ਼ਾ ਸਭ ਤੋਂ ਸਪਸ਼ਟ ਤੇ ਸਰਲ ਖੜੀ ਬੋਲੀ ਹੈ । ਕਿਧਰੇ ਕਿਧਰੇ ਨਵੀਨ ਖੜੀ ਬੋਲੀ ਦਾ ਰੂਪ ਭੀ ਮਿਲਦਾ ਹੈ । ਜਿਹੜਾ ਅਸੀਂ ਗੁਰੂ ਅਰਜਨ ਦੀ ਰਚਨਾ ਵਿਚ ਵੇਖ ਚੁੱਕੇ ਹਾਂ । ਇਸ ਪ੍ਰਕਾਰ ਰਵੀਦਾਸ ਦੀ ਭਾਸ਼ਾ ਭੀ ਉਸਦੇ ਸਰਲ ਸਪਸ਼ਟ ਨਿਰਵਲ, ਤੇ ਪਵਿਤਰ ਜੀਵਨ ਦਾ ਪ੍ਰਗਟਾਵਾ ਕਰਵਾਉਂਦੀ ਹੈ । ਗਾਂਧੀ ਜੀ ਨੇ ਸੰਭਵ ਹੈ, ਇਨ੍ਹਾਂ ਦੀ ਮਹਾਨਤਾ ਦਾ ਹੀ ਆਦਰਸ਼ ਲੈ ਕੇ ਹਰਿਜਨ ਸ਼ਬਦ ਦੀ ਵਰਤੋਂ ਆਰੰਭ ਕੀਤੀ ਹੈ ।

**੧੦ ਸੈਣ** :- ਸੰਮਤ ੧੫੦੦ ਵਿਦਿਆਮਾਨੀ ਇਨ੍ਹਾਂ ਦਾ ਲਗ ਭਗ ਇਹੋ ਸਮਾਂ ਮੰਨਿਆ ਜਾਂਦਾ ਹੈ । ਇਹੋ ਸ਼ਾਇਦ ਰਾਜਾ ਬੀਦਰ ਨਾਈ ਸਨ ਅਤੇ ਰਾਮਾ ਅਨੰਦ ਦੀ ਸ਼ਿਸ਼ ਪਰੰਪਰਾ ਵਿਚ ਭੀ ਇਨ੍ਹਾਂ ਦਾ ਨਾਂ ਮਿਲਦਾ ਹੈ। ਇਨ੍ਹਾਂ ਦੇ ਕੁਝ ਪਦ ਮਰਾਠੀ ਅਤੇ ਹਿੰਦੀ ਦੋਹਾਂ ਵਿਚ ਮਿਲਦੇ ਹਨ । ਗੁਰੂ ਗ੍ਰੰਥ ਵਿਚ ਕੇਵਲ ਇਕੋ ਆਰਤੀ ਮਿਲਦੀ ਹੈ । ਜਿਸ ਵਿਚ ਗੋਬਿੰਦਾ ਦੀ ਆਰਤੀ ਕਰਦੇ ਹੋਇ ਉਹ ਆਨੰਦ ਮਗਨ ਹੋ ਜਾਂਦੇ ਹਨ। ਆਨੰਦ ਭਗਤੀ ਮਾਰਗ ਨੂੰ ਚੰਗੀ ਤਰ੍ਹਾਂ ਜਾਣਦਾ ਹੈ । ਇਸਦਾ ਭੀ ਉਨ੍ਹਾਂ ਨੇ ਵਰਣਨ ਕੀਤਾ ਹੈ । ਆਰਤੀ ਤੋਂ ਉਨ੍ਹਾਂ ਦੀ ਨਿਮਰਤਾ ਤੇ ਸਰਲ ਭਾਖਾ ਦਾ ਗਿਆਨ ਹੋ ਜਾਂਦਾ ਹੈ ।

**੧੧. ਧੰਨਾ** :-(ਜਨਮ ਸੰਮਤ ੧੪੭੨ ਲਗ ਭਗ) ਆਨੰਦ ਸ਼ਿਸ਼ ਪਰੰਪਰਾ ਵਿਚ ਇਨ੍ਹਾਂ ਨੂੰ ਭੀ ਥਾਂ ਪ੍ਰਾਪਤ ਹੈ । ਇਹ ਸਰਲ ਹਿਰਦੈ ਦੇ ਕਿਸਾਨ ਜੱਟ ਸਨ । ਆਦਿ ਗ੍ਰੰਥ ਵਿਚ) ਇਨ੍ਹਾਂ ਦੇ ਤਿੰਨ ਸ਼ਬਦ (ਦੋ ਰਾਗ ਆਸਾ ਤੇ ਇਕ ਰਾਗ ਧਨਾਸਰੀ ਵਿਚ ਪ੍ਰਾਪਤ ਹਨ । ਕੁਝ ਲੇਖਕਾਂ ਨੇ ਰਾਗ ਆਸਾ ਦੇ ਦੋ ਪਦਾਂ ਦੇ ਵਿਚਲੇ ਗੁਰੂ ਅਰਜਨ ਦੇ ਸ਼ਬਦ ਨੂੰ ਭੀ ਇਨ੍ਹਾਂ ਦਾ ਹੀ ਸਮਝ ਲਇਆ ਹੈ । ਪਰੰਤੂ ਅਸਲ ਵਿਚ ਉਹ ਇਨ੍ਹਾਂ ਦੇ ਪਹਿਲੇ ਸ਼ਬਦ ਦੀ ਵਿਆਖਿਆ ਕਰਦਾ ਹੋਇਆ ਇਨ੍ਹਾਂ ਨੂੰ ਭਗਤੀ ਵਲ ਪ ਰਦਾ ਹੈ ।



Digitized by Panjab Digital Library | www.panjabdigilib.org

ਪਹਿਲੇ ਦੋ ਪਦਾਂ ਵਿਚ ਇਨ੍ਹਾਂ ਨੇ ਭਗਤੀ ਅਪਣਾਉਣ ਦਾ ਵਰਣਨ ਕੀਤਾ ਹੈ। ਤੇ ਭਗਤ ਬਣਾ ਕੇ ਇਨ੍ਹਾ ਨੇ ਆਰਤੀ ਕੀਤੀ ਹੈ। ਜਿਸ ਵਿਚ ਭਗਤਾਂ ਦੇ ਕੰਮ ਸੰਵਾਰਣ ਵਾਲੇ ਰੱਬ ਤੋ, ਸਾਰੀਆਂ ਲੋੜੀਦੀਆਂ ਸਾਧਾਰਣ ਵਸਤੂਆਂ ਨਾਲ ਸੁਗ੍ਰਾਹਿਮੀ ਦੀ ਭੀ ਯਾਚਨਾ ਕੀਤੀ ਹੈ। ਇਨ੍ਹਾਂ ਦੀ ਸਰਲ ਤੇ ਸਪਸ਼ਟ ਭਾਸ਼ਾ ਇਨ੍ਹਾਂ ਦੇ ਨਿਰਛਲ ਤੇ ਪਵਿਤਰ ਤੇ ਅਬੰਧ ਹਿਰਦੇ ਦਾ ਗਿਆਨ ਕਰਵਾਉਂਦੀ ਹੈ। ਇਨ੍ਹਾਂ ਦੀ ਆਰਤੀ ਇਨ੍ਹਾਂ ਦਾ ਭੋਲਾਪਨ ਦਰਸਾਂਦੀ ਹੈ। ਇਹੋ ਜੱਟ ਦੀ ਭਗਤੀ ਹੈ।

**ਪੀਪਾ:**— (ਜਨਮ ਸੰਮਤ ੧੪੮੨ ਲਗ ਭਗ) ਇਹ ਕਦੇ ਗਾਗ-ਰਾਉਣ ਗੜ੍ਹ ਦੇ ਰਾਜਾ ਸਨ। ਲੇਕਨ ਰਾਮਾਨੰਦ ਤੋਂ ਪ੍ਰਭਾਵਿਤ ਹੋ ਕੇ ਰਾਜ ਭਾਗ ਛੋਡ ਉਨ੍ਹਾਂ ਦੇ ਸ਼ਿਸ਼ ਹੋ ਗਏ। 'ਪੀਪਾ ਜੀ ਦੀ ਬਾਣੀ' ਨਾਮ ਤੋਂ ਇਨ੍ਹਾਂ ਦੀ ਬਾਣੀ ਦੇ ਕੁਝ ਪੁਰਾਣੇ ਅਪ੍ਰਕਾਸ਼ਿਤ ਸੰਗ੍ਰਹ ਮਿਲਦੇ ਹਨ। ਗੁਰੂ ਗਰੰਥ ਵਿਚ ਇਨ੍ਹਾਂ ਦਾ ਇਕੋ ਹੀ ਸ਼ਬਦ ਹੈ। ਜਿਸ ਵਿਚ ਇਨ੍ਹਾਂ ਨੇ 'ਜੋ ਬ੍ਰਹਮੰਡੇ ਸੋਈ ਪਿੰਡੇ' ਮਨ ਨੇ ਸਰੀਰ ਦੀ ਮਹਤਤਾ ਪ੍ਰਗਟਾਈ ਹੈ ਤੇ ਗੁਰੂ ਕਿਰਪਾ ਨਾਲ ਦੇਹ ਵਿਚ ਹੀ ਰੱਬ ਨੂੰ ਅਨੁਭਵ ਕਰਨ ਦੀ ਪ੍ਰੇਰਣਾ ਕੀਤੀ ਹੈ। ਭਾਸ਼ਾ ਸਰਲ ਤੇ ਸਪਸ਼ਟ ਹੁੰਦਿਆਂ ਭੀ ਇਨ੍ਹਾਂ ਦਾਂ ਸ਼ਬਦ ਤਕਾਂਤਕ ਹੈ।

**੧੩. ਸਦਨਾ :**— (ਲਗ ਭਗ ੧੪ ਵੀਂ ਸਦੀ) ਕਸਾਈ ਦਾ ਕੰਮ ਕਰਦੇ ਹੋਏ ਭੀ ਆਮ ਜੀਵ ਹੱਤਿਆ ਨਹੀਂ ਕਰਦੇ ਸਨ। ਇਹ ਪ੍ਰਸਿਧ ਹੈ। ਗੁਰੂ ਗ੍ਰੰਥ ਵਿਚ ਇਨ੍ਹਾ ਦਾ ਇਕੋ ਸ਼ਬਦ ਮਿਲਦਾ ਹੈ ਤੇ ਬਾਹਰ ਇਕ ਹੋਰ ਮਿਲਦਾ ਹੈ। ਉਦਾਹਰਣ ਵਜੋਂ 'ਭੇਖ ਧਾਰੀ ਦਾ ਸਿੱਟਾ ਕਰ ਰਬ ਲਈ ਤਤ੍ਰਪੂਰਣ ਦੀ ਮਹਤਤਾ' ਦੱਸੀ ਹੈ ਤੇ ਆਪਣੇ ਹਉਮੇ ਨੂੰ ਗਵਾ ਕੇ ਨਿਮਰਤਾ ਪੂਰਵਕ ਉਹਦੀ ਸ਼ਰਣ ਵਿਚ ਜਾਕੇ ਰਖਿਆ ਕਰਨ ਦੀ ਪ੍ਰਾਰਥਨਾ ਕੀਤੀ ਹੈ। ਸਰਲ ਢੰਗ ਵਿਚ ਉਦਾਹਰਣ ਵਜੋਂ ਸੰਖੇਪ ਵਿਚ ਬਹੁਤ ਕੁਝ ਕਹਿਕੇ ਇਨੀਂ ਨੇ ਆਪਣ ਵਧੇਰੇ ਗਿਆਨ ਦਾ ਪਰਿਚੈ ਦਿੱਤਾ ਹੈ।

**੧੪. ਨਾਮਦੇਵ:**— (ਸੰਮਤ ੧੩੨੯ ਤੋਂ ੧੪੦੭) ਮਹਾਰਾਸ਼ਟਰੀ ਸੰਤ ਛਿਪੀ ਨਾਮਦੇਵ ਆਪਣੇ ਆਰੰਭ ਦੇ ਜੀਵਨ ਵਿਚ ਸਗੁਨ ਉਪਾਸ਼ਕ ਰਹੇ ਸਨ। ਗਿਆਨ ਦੇਣ ਤੋਂ ਪ੍ਰਭਾਵਿਤ ਹੁੰਦੇ ਹੋਇਆ ਭੀ ਵਿਧੋਵਾ ਖੇਤਰ ਦੇ ਸ਼ਿਸ਼ ਮੰਨੇ ਜਾਂਦੇ ਹਨ। ਤੰਤਰ ਪੁਰ ਦੇ ਬੀਠਨ ਇਨ੍ਹਾਂ ਦੇ ਅਗਧਾਯ ਦੇਵ



Digitized by Panjab Digital Library | www.panjabdigilib.org

ਸਨ। ਆਪਣੇ ਪਿਛਲੇਰੇ ਜੀਵਨ ਵਿਚ ਇਨ੍ਹਾਂ ਨੇ ਪੰਜਾਬ ਦਾ ਦੌਰਾ ਕੀਤਾ। ਉਸ ਵੇਲੇ ਇਹ ਸਰਗੁਣ ਉਪਾਸ਼ਕ ਬਣ ਚੁਕੇ ਸਨ। ਵਧੇਰੇ ਮਰਾਠੀ ਅਭੰਗਾ ਦੇ ਇਲਾਵਾ ਇਨ੍ਹਾਂ ਦੇ ਗੁਰੂ ਗਰੰਥ ਵਿਚ ਵੀ ਸ਼ਬਦ ਤਿੰਨ ਰਾਗਾਂ ਵਿਚ ਮਿਲਦੇ ਹਨ। ਗੁਰੂ ਗਰੰਥ ਦੇ ਸੰਤਾਂ ਵਿਚ ਕਬੀਰ ਮਗਰੋਂ ਇਨ੍ਹਾਂ ਨੂੰ ਹੀ ਮੁਖ ਸਥਾਨ ਪ੍ਰਾਪਤ ਹੈ। ਇਨ੍ਹਾਂ ਦੀਆ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਸੰਤ ਹੋਕੇ ਭੀ ਪ੍ਰਮੁਖ ਤੌਰ ਤੇ ਇਹ ਭਗਤ ਹੀ ਸਨ। ਇਨ੍ਹਾਂ ਵਿਚ ਕਬੀਰ ਦੀ ਕੌੜੀ ਤੇ ਵਿਰੋਧੀ ਬਾਣੀਆਂ ਦੇ ਥਾਂ ਮਿੱਠੀ ਤੇ ਸਹਿਯੋਗੀ ਸੁਰ ਸੁਣਾਈ ਦਿੰਦੀ ਹੈ। ਪਰ ਉਪਦੇਸ਼ ਦੇ ਥਾਂ ਇਨ੍ਹਾਂ ਨੇ ਆਪ ਮੁਹਾਰੇ ਭਗਤੀ ਵਿਚ ਮਸਤ ਹੋਣਾ ਚੰਗਾ ਸਮਝਿਆ ਹੈ। ਨਾਮਦੇਵ ਹੋਣ ਕਰਕੇ ਇੰਜ ਜਾਪਦਾ ਹੈ ਜਿਵੇਂ ਨਾਮ ਨੂੰ ਹੀ ਇਨ੍ਹਾਂ ਨੇ ਆਪਣਾ ਦੀਨ ਮੰਨ ਲਇਆ ਹੈ। ਅਤੇ ਨਾਮ ਦੀ ਸਚਾਈ ਨੂੰ ਹੀ ਅਨੁਭਵ ਕਰਦਿਆਂ ਹੋਇਆਂ, ਜੀਵਨ ਬਤੀਤ ਕਰ ਦਿੱਤਾ। ਇਨ੍ਹਾਂ ਦੀਆ ਉੱਚੀਆਂ ਭਾਵਨਾਵਾਂ ਅਤਿਅੰਤ ਪਰਮ ਬਣ ਕੇ ਫੁੱਟੀਆਂ ਹਨ। ਗੁਰੂ ਗ੍ਰੰਥ ਵਿਚ ਪ੍ਰਾਪਤ ਇਨ੍ਹਾਂ ਦੇ ਸ਼ਬਦਾਂ ਦੀ ਭਾਸ਼ਾ ਹਿੰਦੀ ਹੁੰਦੇ ਹੋਇਆਂ ਭੀ ਮਰਾਠੀ ਤੇ ਪੰਜਾਬੀ ਦਾ ਪ੍ਰਭਾਵ ਕਿਧਰੇ ਕਿਧਰੇ ਮਿਲਦਾ ਹੈ। ਇਨ੍ਹਾਂ ਦੀ ਭਾਖਾ ਦੀ ਸਰਲ ਸ਼ਬਦਾਵਲੀ ਇਨ੍ਹਾਂ ਦੇ ਸਿਮਰ ਸੁਭ ਅਤੇ ਉਦਾਰ ਹਿਰਦੈ ਦੀ ਸੂਚਕ ਹੈ। ਭਗਤਾਂ ਵਿਚ ਸਭ ਤੋਂ ਪਹਿਲਾ ਸੰਤਾਂ ਦੇ ਗੁਣਾ ਦੇ, ਸੰਗਚਰਕ ਹੋਣ ਕਰਕੇ ਇਨ੍ਹਾਂ ਦੀ ਇਤਿਹਾਸਕ ਮਹਤਤਾ ਭੀ ਹੈ।

੧੫ ਤ੍ਰਿਲੋਚਨ :—(ਜਨਮ ਸੰਮਤ ੧੩੨੪) ਭੂਤ ਵਰਤਮਾਨ ਤੇ ਭਵਿਖਤ ਨੂੰ ਵੇਖਣ ਦੀ ਸਮਰਥਾ ਰਖਣ ਦੇ ਕਾਰਣ ਹੀ ਸਭਵ ਹੈ। ਇਨ੍ਹਾਂ ਦਾ ਨਾਂ ਤ੍ਰਿਲੋਚਨ ਪਿਆ ਹੋਵੇ। ਭਗਤ ਨਾਮ ਦੇਵ ਨਾਲ ਇਨ੍ਹਾਂ ਦੀ ਵਾਰਤਾ ਦਾ ਭੀ ਵਰਣਨ ਮਿਲਦਾ ਹੈ। ਕੁਛ ਪੁਰਾਤਨ ਸੰਗ੍ਰਹਾਂ ਵਿਚ ਇਨ੍ਹਾਂ ਦੀਆਂ ਰਚਨਾਵਾਂ ਤੋਂ ਇਲਾਵਾ ਗੁਰੂ ਗ੍ਰੰਥ ਵਿਚ ਇਨ੍ਹਾ ਦੇ ਚਾਰ ਪਦ ਸੰਗ੍ਰਹਿਤ ਹਨ। ਇਸ ਵਿਚ ਭੇਖਧਾਰੀ, ਬਾਹਰੀ ਅਡੰਬਰ—ਬਰਾਂਹਮਣ ਤੇ ਜੋਗੀਆਂ ਨੂੰ ਸੰਬੋਧਨ ਕਰਕੇ ਸਚਾਈ ਦਾ ਬੋਧ ਕਰਵਾਇਆ ਹੈ। ਤੇ ਦੂਜੇ ਥਾਂ ਸੰਸਾਰਕ ਗ੍ਰਹਿਣੀ ਨੂੰ ਸੰਸਾਰ ਦੀ ਅਸਾਰਤਾ ਦਰਸਾਈ ਹੈ। ਮਰਨ ਵੇਲੇ ਕੀ ਚਾਹ ਹੋਵੇ ਤੇ ਕੀ ਮਿਲਦਾ ਹੈ। ਇਕ ਸ਼ਬਦ ਵਿਚ ਇਹ ਦਸਿਆ ਹੈ। ਉਨ੍ਹਾਂ ਦੀ ਸ਼ੁਧ ਤੇ ਸਰਸ ਭਾਸ਼ਾ ਵਿਚ ਮਰਾਠੀ ਦਾ ਪ੍ਰਭਾਵ ਭੀ ਝਲਕਾਰੇ ਮਾਰਦਾ



Digitized by Panjab Digital Library | www.panjabdigilib.org

ਹੈ । ਸ਼ਾਇਦ ਇਹ ਦੱਖਣ ਪ੍ਰਦੇਸ਼ ਦੇ ਹੀ ਹਨ ।

**੧੬ ਬੇਨੀ** :—ਲਗ ਭਗ ੧੪ਵੀਂ ਸ਼ਤਾਬਦੀ—ਇਹ ਸ਼ਾਇਦ ਕਿਸੇ ਪੱਛਮੀ ਪ੍ਰਾਂਤ ਦੇ ਨਿਵਾਸੀ ਸਨ । ਬੇਨੀ ਦੇ ਇਕ ਹੋਰ ਸੰਗ੍ਰਹ ਵਿਚ ਸੱਤ ਸ਼ਬਦ ਪ੍ਰਾਪਤ ਹਨ । ਜਿਹੜੇ ਅਜੇ ਲੋਕਾਂ ਸਾਹਮਣੇ ਨਹੀਂ ਆਏ । ਪਰੰਤੂ ਗੁਰੂ ਗ੍ਰੰਥ ਵਿਚ ਕੇਵਲ ਤਿੰਨ ਹੀ ਦਰਜ ਹਨ । ਇਕ ਵਿਚ ਜੋਗੀਆ ਦੀ ਸਾਧਨਾ ਦਾ ਵਰਣਨ ਤੇ ਦੂਜੇ ਵਿਚ ਬਾਹਰੀ ਆਡੰਬਰ ਦਾ । ਅਲੰਕਾਰਾਂ ਦੇ ਕਾਰਣ ਕਠਨ ਹੁੰਦਿਆਂ ਹੋਇਆ ਭੀ ਇਹ ਸ਼ਬਦ ਕਵਿਤਾ ਦੀ ਦ੍ਰਿਸ਼ਟੀ ਨਾਲ ਚੰਗਾ ਬਣ ਸਕਿਆ ਹੈ । ਇਨ੍ਹਾਂ ਦੀ ਮਹੱਤਤਾ ਇਸ ਦ੍ਰਿਸ਼ਟਿਕੋਣ ਤੋਂ ਵਧੇਰੀ ਹੈ ਕਿ ਗੁਰੂ ਨਾਨਕ ਇਨ੍ਹਾਂ ਦੇ ਤਿੰਨਾਂ ਹੀ ਸ਼ਬਦਾ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਤੇ ਜਿਥੋਂ ਤੀਕ ਹੋ ਸਕਿਆ ਆਪਣੀ ਬਾਣੀ ਵਿਚ ਉਸਦਾ ਪ੍ਰਯੋਗ ਕੀਤਾ ਹੈ ।

**੧੭ ਜੈ ਦੇਵ (੧੩ਵੀਂ ਸ਼ਤਾਵਦੀ)**

ਲਕਲਮਨ ਸਿੰਘ ਦੇ ਸਮਕਾਲੀਨ ਅਤੇ ਉਨ੍ਹਾਂ ਦੇ ਦਰਬਾਰੀ ਸੰਸਕ੍ਰਿਤ ਦੇ ਪ੍ਰਸਿਧ ਕਵੀ ਸਨ । 'ਗੀਤ ਗੋਬਿੰਦ' ਵਿਚ ਗਾਥਾ ਕ੍ਰਿਸ਼ਨ ਪ੍ਰੇਮ ਦੇ ਬਹੁਤ ਹੀ ਮਿਠੇ ਗੀਤ ਗਾਏ ਹਨ । ਕਵੀ ਵਿਦਵਾਨਾਂ ਨੇ ਸੰਸਕ੍ਰਿਤ ਕਵੀ ਜੈਦੇਵ ਤੇ ਸੰਤ ਕਵੀ ਜੈਦੇਵ ਨੂੰ ਭਿੰਨ ਭਿੰਨ ਵਿਅਕਤੀ ਮੰਨਿਆ ਹੈ । ਗੁਰੂ ਗ੍ਰੰਥ ਵਿਚ ਇਨ੍ਹਾਂ ਦੇ ਕੇਵਲ ਦੋ ਸ਼ਬਦ ਮਿਲਦੇ ਹਣ । ਇਕ ਵਿਚ ਅੰਤਰ ਯੋਗ ਦਾ ਵਰਣਨ ਹੈ ਤੇ ਦੂਜੇ ਵਿਚ ਭਗਤੀ ਦਾ ਸੰਦੇਸ਼ । ਪਹਿਲੇ ਵਿਚ ਜੋਗੀਆਂ ਦੇ ਸ਼ਬਦ ਭਾਸ਼ਾ ਅਤੇ ਸ਼ੈਲੀ ਦੇ ਦਰਸ਼ਨ ਹੁੰਦੇ ਹਨ ਤੇ ਦੂਜੇ ਵਿਚ ਅਨੁਸਵਾਗਤ ਸੰਸਕ੍ਰਿਤ ਮਈ ਭਾਸ਼ਾ; ਜਿਹੜੀ ਕਵੀ ਜੈਦੇਵ ਦੀ ਭਾਸ਼ਾ ਤੋਂ ਬਹੁਤ ਦੂਰ ਨਹੀਂ—ਸੰਭਵ ਹੈ ਇਨ ਥਰਾਨੋਮਾਸਕੋ ਭਗਤ ਜੈਦੇਵ ਦੇ ਹੀ ਸ਼ਬਦ ਹੋਣ । ਗੁਰੂ ਨਾਨਕ ਨੇ ਭੀ ਇਨ੍ਹਾਂ ਹੀ ਰਾਗਾਂ ਵਿਚ ਇਨ੍ਹਾਂ ਭਾਵਾਂ ਨਾਲ ਮਿਲਦੇ ਸ਼ਬਦ ਲਿਖੇ ਹਨ । ਭਾਸ਼ਾ ਅਤੇ ਸ਼ਬਦ ਪ੍ਰਯੋਗ ਤੋਂ ਪ੍ਰਤੀਤ ਹੁੰਦਾ ਹੈ ਕਿ ਲਿਖਦੇ ਸਮੇਂ ਉਨ੍ਹਾਂ ਕੋਲ ਜੈਦੇਵ ਦੇ ਦੋਵੇਂ ਸ਼ਬਦ ਸਨ - ਜਿਨ੍ਹਾਂ ਤੋਂ ਪ੍ਰੇਰਣਾ ਤੋਂ ਲੈਕੇ ਹੀ ਉਨ੍ਹਾਂ ਨੇ ਇਸ ਭਾਵ ਦੇ ਸ਼ਬਦ ਲਿਖੇ ।

**੧੮ ਸੂਰਦਾਸ** :—(ਸੰਮਤ ੧੫੪੦ ਤੋਂ ੧੬੨੦)

ਹਿੰਦੀ ਦੇ ਮਹਾਨ ਕਵੀਆਂ ਵਿਚ ਸਥਾਨ ਪ੍ਰਾਪਤ ਕਰਨ ਵਾਲੇ ਸੂਰ



Digitized by Panjab Digital Library | www.panjabdigilib.org

ਸਾਗਰ ਦੇ ਪ੍ਰਸਿਧ ਲੇਖਕ ਵਾਤਸਲ ਰਾਜ—ਅੰਧ ਰਾਜ ਸੂਰ ਦਾ ਭੀ ਗੁਰੂ ਗ੍ਰੰਥ ਵਿਚ ਇਕ ਸ਼ਬਦ ਪ੍ਰਾਪਤ ਹੈ। ਪਰਾਮਾਣਿਕ ਪ੍ਰਤਿ ਵਿਚੋਂ ਉਸਦੀ ਕੇਵਲ ਇਕੋ ਤੁਕ ਛਾਡ ਮਨ ਹਰੀ ਬਿਧਮਨ ਕੋ 'ਸੰਗ-ਪ੍ਰਾਪਤ ਹੈ ਗੁਰੂ ਵਿਚਾਰਧਾਰਾ ਦੇ ਅਨੁਭਵ ਨਾ ਹੋਣ ਦੇ ਕਾਰਣ ਬਾਕੀ ਦੇ ਸ਼ਬਦ ਨਹੀਂ ਚੜ੍ਹਾਏ ਗਏ। ਸਗੋਂ ਅਗਲੇ ਸ਼ਬਦ ਵਿਚ ਗੁਰੂ ਅਰਜਨ ਨੇ ਇਸਦੀ ਵਿਆਖਿਆ ਕੀਤੀ ਹੈ।

**੧੯. ਪਰਮਾਂਨੰਦ:**—ਅਸ਼ਟ ਛਾਪ ਦੇ ਪ੍ਰਸਿਧ ਕਵੀਆਂ ਵਿਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। ਕ੍ਰਿਸ਼ਨ ਦੇ ਉਪਾਸ਼ਕ ਹੁੰਦੇ ਹੋਈਆਂ ਭੀ ਸੂਰ ਤੋਂ ਪਹਿਲਾਂ ਗੁਰੂ ਗਰੰਥ ਵਿਚ ਇਨ੍ਹਾਂ ਦਾ ਭੀ ਇਕ ਸ਼ਬਦ ਅੰਕਿਤ ਹੈ। ਜਿਸ ਵਿਚ ਸਤਿਸੰਗ ਤੇ ਉਸਤੋਂ ਵਧਕੇ ਅੰਨ ਪਾਵਨੀ ਭਗਤੀ ਦਾ ਮਹਤਵ ਦਰਸਾਇਆ ਹੈ। ਸ਼ੁਧ ਤੇ ਸਰਲ ਬ੍ਰਜ ਭਾਸ਼ਾ ਦੇ ਦਰਸ਼ਨ ਹੁੰਦੇ ਹਨ।

**੨੦. ਸ਼ੇਖ ਫ਼ਰੀਦ:**—ਸੰਮਤ ੧੨੩੦-੧੩੨੨) ਪ੍ਰਸਿਧ ਫਕੀਰ ਸ਼ਕਰ ਗੰਜ ਦੀਆਂ ਕੁਝ ਰਚਨਾਵਾਂ (੪ ਸ਼ਬਦ ਤੇ ੧੧੨) ਸਲੋਕ ਉਨ੍ਹਾਂ ਦੇ ਗਿਆਰਵੇਂ ਉਤ੍ਰਾਧਿਕਾਰੀ ਤੋਂ ਗੁਰੂ ਨਾਨਕ ਨੇ ਪ੍ਰਾਪਤ ਕਰ ਆਪਣੀਆਂ ਰਚਨਾਵਾਂ ਨਾਲ ਰੱਖੀਆਂ ਅਤੇ ਉਨ੍ਹਾਂ ਨੂੰ ਹੀ ਗੁਰੂ ਗ੍ਰੰਥ ਵਿਚ ਥਾਂ ਮਿਲਿਆ ਇਨ੍ਹਾਂ ਦੇ ਵਧੇਰੇ ਸਲੋਕਾਂ ਦੀ ਵਿਆਖਿਆ ਵਿਚ ਚਾਰ ਗੁਰੂਆਂ ਦੇ ਸਲੋਕ ਭੀ ਮਿਲਦੇ ਹਨ। ਮੁਸਲਮਾਨ ਹੁੰਦਿਆਂ ਹੋਇਆਂ ਭੀ ਇਨ੍ਹਾਂ ਨੂੰ ਗੁਰੂ ਗ੍ਰੰਥ ਵਿਚ ਥਾਂ ਮਿਲਿਆ—ਇਨ੍ਹਾਂ ਨੇ ਥੋੜੇ ਜਿਹੇ ਜੀਵਨ ਵਿਚ ਜਵਾਨੀ ਵਿਚ ਹੀ ਵਿਸ਼ਿਆਂ ਦਾ ਤਿਆਗ ਕਰ ਨਾਮ ਕਮਾਉਣ ਦਾ ਉਪਦੇਸ਼ ਦਿੱਤਾ। ਕਬੀਰ ਵਾਂਗ ਇਨ੍ਹਾਂ ਦੇ ਸਲੋਕਾਂ ਵਿਚ ਭੀ ਉਪਦੇਸ਼ ਦਾ ਸੁਰ ਹੀ ਪਰਧਾਨ ਹੈ। ਇਨ੍ਹਾਂ ਦੀ ਭਾਸ਼ਾ ਵਿਚ ਸੁਭਾਵਿਕ ਰੂਪ ਵਜੋਂ ਵਰਤੇ ਗਏ ਫਾਰਸੀ ਦੇ ਸ਼ਬਦਾਂ ਖਟਕਦੇ ਨਹੀਂ ਸਗੋਂ ਭਾਵਾਨੁਕੂਲ ਹੋਣ ਕਰਕੇ ਕਥਨ ਨੂੰ ਸਰਲ ਬਣਾ ਦਿੰਦੇ ਹਨ। ਕਬੀਰ ਦੇ ਪਿਛੋਂ ਨਾਮ ਦੇਵ ਤੇ ਰਵੀਦਾਸ ਵਾਂਗ ਹੀ ਇਨ੍ਹਾਂ ਦੀ ਭੀ ਵਧੇਰੇ ਬਾਣੀ ਮਿਲਦੀ ਹੈ। ਪੰਜਾਬੀ ਭਾਖਾ ਦੀ ਉਤਪਤੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਪੰਜਾਬੀ ਭਾਸ਼ਾ ਦਾ ਪਿਤਾ ਕਿਹਾ ਜਾਂਦਾ ਹੈ। ਸਾਹਿਤ ਵਿਚ ਇਹੋ ਇਨ੍ਹਾਂ ਦੀ ਇਤਿਹਾਸਕ ਮਹਤਤਾ ਹੈ।

**੨੧. ਭੀਖਨ:**—(ਮ੍ਰਿਤੂ ਸੰਮਤ ੧੬੩੦-੩੧)—ਇਹ ਮੁਸਲਮਾਨ ਸੰਤ



Digitized by Panjab Digital Library | www.panjabdigilib.org

ਪ੍ਰਸਿਧ ਹਨ। ਪਰੰਤੂ ਇਨ੍ਹਾਂ ਦੀਆਂ ਰਚਨਾਵਾਂ ਨੂੰ ਦੇਖ ਕੇ ਕੁਝ ਵਿਦਵਾਨਾਂ ਨੇ ਇਨ੍ਹਾਂ ਨੂੰ ਹਿੰਦੂ ਭੀ ਮੰਨਿਆ ਹੈ। ਗੁਰੂ ਗ੍ਰੰਥ ਵਿਚ ਪ੍ਰਾਪਤ ਦੋ ਸ਼ਬਦਾਂ ਵਿਚੋਂ ਇਕ ਵਿਚ ਇਨ੍ਹਾਂ ਨੇ ਨਾਮ ਦੀ ਮਹੱਤਤਾ ਦੱਸੀ ਹੈ ਤੇ ਦੂਜੇ ਵਿਚ ਸਤਗੁਰੂ ਦੀ ਸਰਨ ਜਾ ਕੇ ਮੋਖ ਦੁਆਰ ਦੇ ਦਰਸ਼ਨ ਕੀਤੇ ਹਨ'–ਇਨ੍ਹਾਂ ਦੀ ਭਾਸ਼ਾ ਦੀ ਸਰਲ ਤੇ ਸਪਸ਼ਟ, ਰਵਾਨੀ ਨੇ ਇਨ੍ਹਾਂ ਦੇ ਮੁਸਲਮਾਨ ਹੋਣ ਦਾ ਕੋਈ ਚਿੰਨ੍ਹ ਨਹੀਂ ਰਹਿਣ ਦਿੱਤਾ। ਸਗੋਂ ਇਨ੍ਹਾਂ ਦੇ, ਰਸੀਲੇ ਹਿਰਦੈ ਦੇ ਦਰਸ਼ਨ ਹੁੰਦੇ ਹਨ। ਜਿਸ ਆਧਾਰ ਤੇ ਇਨ੍ਹਾਂ ਨੂੰ ਹਿੰਦੂ ਭਗਤ ਮੰਨ ਲੈਣਾ ਭੀ ਅਨੁਚਿਤ ਨਹੀਂ। ਸ਼ਾਇਦ ਜਨਮ ਤੋਂ ਮੁਸਲਮਾਨ ਹੋਕੇ ਭੀ ਜੀਵਨ ਭਰ ਕਰਮ ਵਜੋਂ ਹਿੰਦੂ ਹੀ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਗੁਰੂ ਵੰਸ਼ ਨਾਲ ਸੰਬੰਧਿਤ ਸੁੰਦਰ ਦੇ ਸਦ ਨਾਮਕ ਰਚਨਾ ਵਿਚ ਸੰਗ੍ਰਹਿਤ ਦੇ ਸ਼ਬਦਾਂ ਵਿਚ ਮੌਤ ਸਮੇਂ ਤੇ ਦਿੱਤਾ ਹੋਇਆ ਤੀਜੇ ਗੁਰੂ ਅਮਰਦਾਸ ਦਾ ਆਖਰੀ ਸੰਦੇਸ਼ ਮਿਲਦਾ ਹੈ। ਬਿਹਾਗੜਾ ਵਾਰ ਵਿਚ ਗੁਰ ਭਗਤ ਮਰਦਾਨਾ ਦੇ ਤਿੰਨ ਸ਼ਬਦ ਅੰਕਿਤ ਹਨ। ਜਿਨ੍ਹਾਂ ਵਿਚ ਸ਼ਰਾਬ ਤੋਂ ਉਤਪੰਨ ਮਸਤੀ ਤੇ ਵਿਸਮਾਦ ਤੋਂ ਉਤਪੰਨ ਮਸਤੀ ਦਾ ਅਲੰਕਾਰਕ ਭਾਸ਼ਾ ਵਿਚ ਵਰਣਨ ਹੈ। ਵਾਰ ਰਾਮਕਲੀ ਵਿਚ ਸੱਤਾ ਤੇ ਬਲਵੰਡ ਦ ਅੱਠ ਸਹਜ ਮਿਲਦੇ ਹਨ। ਜਿਹੜੇ ਗੁਰੂ ਪ੍ਰਤਿ ਵਿਖਾਏ ਗਏ ਬੁਰੇ ਰਵਈਏ ਲਈ ਖ਼ਿਮਾ, ਯਾਚਨਾ ਦੇ ਰੂਪ ਵਿਚ ਮਾਵੀਆਂ ਦੇ ਨਾਂ ਤੇਂ ਪ੍ਰਸਿਧ ਹਨ। ਚੇਲਿਆਂ ਦਾ ਪ੍ਰਾਸ਼ਚਿਤ ਇਸ ਵਿਚ ਉਭਰ ਕੇ ਆਇਆ ਹੈ ਤੇ ਪਸ਼ਚਾਤਾਪ ਦੀ ਅੱਗ ਨੇ ਉਨ੍ਹਾਂ ਦੀ ਹਉਮੈ ਨੂੰ ਜਲਾ ਦਿੱਤਾ ਹੈ। ਗੁਰੂ ਗ੍ਰੰਥ ਦ ਲਗ ਭਗ ਅੰਤ ਵਿਚ ਕਲ ਆਦਿ ਗਿਆਰਾਂ ਭੱਟਾਂ ਦੇ ੧੨੩ ਸਵਈਏ ਗੁਰੂ ਨਹੀਂ, ਗੁਰੂ ਪਦ ਪ੍ਰਸੰਸਾ ਦੇ ਰੂਪ ਵਿਚ ਮਿਲਦੇ ਹਨ। ਕੌਣ ਕੌਣ ਇਨ੍ਹਾਂ ਚੋਂ ਪ੍ਰਮੁਖ ਹੈ ਤੇ ਉਸੇ ਦੇ ੪੦ ਸਵਯੇ ਹਨ। ਬਾਕੀ ਸਾਰਿਆਂ ਦਾ ਸੁਰ ਉਸ ਦਾ ਸਹਾਇਕ ਸੁਰ ਹੈ। ਜਨ ਸਾਧਾਰਣ ਦੀ ਸਰਲ ਤੇ ਸਪਸ਼ਟ ਪੰਜਾਬੀ ਦਾਆਸਰਾ ਲਿਆ ਗਇਆਹੈ।

ਇਸ ਤਰ੍ਹਾਂ ਗੁਰੂ ਗ੍ਰੰਥ ਦੀ ਸਰਵ ਪੱਖੀ ਜਾਣ ਪਛਾਣ ਉਸਦੇ ਲਿਖਾਰੀਆਂ ਤੇ ਸੰਗ੍ਰਹਿਕਾਂ ਦੀ ਜਾਣ ਪਛਾਣ ਬਿਨਾਂ ਪੂਰਣ ਨਹੀਂ ਹੋ ਸਕਦੀ। ਇਸ ਲਈ ਗੁਰੂ ਗ੍ਰੰਥ ਦੁਆਰਾ ਗੁਰੂ ਬਣਨ ਵਾਲੇ ਸਾਰੇ ਸੰਗ੍ਰਹਿਕਾਂ ਦੀ ਸੰਖੇਪ ਵਿਚ ਸਾਹਿਤਕ ਜਾਣ ਪਛਾਣ ਕਰਵਾਈ ਗਈ ਹੈ।



Digitized by Panjab Digital Library | www.panjabdigilib.org

# ਅੰਤਕਾ

ਸੰਸਾਰ ਵਿਚ ਸਫ਼ਲ ਉਹੋ ਹੈ ਜਿਹੜਾ ਆਪਣੇ ਆਪ ਨੂੰ ਪਰਸਥਿਤੀਆਂ ਦੇ ਅਨੁਕੂਲ ਢਾਲ ਲਵੇ, ਅਗੇ ਉਹ ਜਿਹੜਾ ਪਰਸਥਿਤੀਆਂ ਨੂੰ ਆਪਣੇ ਅਨੁਕੂਲ ਢਾਲਕੇ ਭੀ ਉਨ੍ਹਾਂ ਤੋਂ ਵਿਜਿਤ ਨਾ ਹੋਵੇ । ਨਾਸ਼ਵਾਨ ਸੰਸਾਰ ਦਾ ਸਦਾ ਰਹਿਣ ਵਾਲਾ ਇਤਿਹਾਸ ਇਸ ਗੱਲ ਦਾ ਸਾਖੀ ਹੈ । ਮਨੁਖ ਹੀ ਨਹੀਂ ਇਹ ਨਿਯਮ ਪ੍ਰਕ੍ਰਿਤੀ ਦੇ ਹਰ ਇਕ ਪਦਾਰਥ ਦੇ ਵਿਸ਼ੈ ਵਿਚ ਭੀ ਓਨਾਂ ਹੀ ਸੱਚ ਹੈ ਚਾਹੇ ਉਹ ਕਿਸੇ ਭੀ ਖੇਤਰ ਨਾਲ ਕਿਉਂ ਨਾ ਸੰਬੰਧਿਤ ਹੋਵੇ । ਬੁਧ, ਚੰਦਰ ਗੁਪਤ, ਕਾਲੀਦਾਸ,ਸ਼ੈਕਸਪੀਅਰ, ਰਵਿਦਰ, ਗਾਂਧੀ ਤੇ ਅਰਵਿੰਦ ਸਾਰੇ ਇਸੇ ਵਰਗ ਵਿਚ ਆਉਂਦੇ ਹਨ । ਵੇਦ, ਰਾਮਾਇਣ, ਮਹਾਂ ਭਾਰਤ ਤੇ ਗੀਤਾ ਭੀ ਇਸ ਨਿਯਮ ਦੇ ਪ੍ਰਭਾਵ ਤੋਂ ਬਾਹਿਰ ਨਹੀਂ । ਇਨ੍ਹਾਂ ਦਾ ਸਦਾ ਇਕੋ ਜਿਹਾ ਰਹਿਣ ਵਾਲਾ ਮਹਤਵ ਹੀ ਇਨ੍ਹਾਂ ਦੀ ਮਹਾਨਤਾ ਦਾ ਆਧਾਰ ਸੰਭਵ ਹੈ । ਇਸ ਲਈ ਹਰ ਇਕ ਵਸਤੂ ਦਾ ਮੁਲ ਪਾਉਣ ਦਾ ਮਾਪ ਦੰਡ ਇਹੋ ਹੈ । ਸਮਾਜ ਨੂੰ ਉਸ ਦੀ ਦੇਣ' ਕਿਸ ਰੂਪ ਵਿਚ ਕਿਸੇ ਨੇ ਸਮਾਜ ਨੂੰ ਕਿੰਨੇ ਚਿਰ ਲਈ ਪ੍ਰਭਾਵਿਤ ਕੀਤਾ, ਇਸੇ ਤੋਂ ਹੀ ਉਸਦੇ ਮਹਤਵ ਦਾ ਬੋਧ ਹੁੰਦਾ ਹੈ । ਗੁਰੂ ਗ੍ਰੰਥ ਭੀ ਇਹੋ ਜਿਹੀ ਹੀ ਰਚਨਾ ਹੈ । ਇਹ ਉਹ ਖੀਰ ਸਮੁੰਦਰ ਹੈ ਜਿਸ ਵਿਚੋਂ ਜੋ ਭੀ ਲਭਿਆ ਜਾਏ ਆਸਾਨੀ ਨਾਲ ਲਭਿਆ ਜਾ ਸਕਦਾ ਹੈ । ਇਸ ਲਈ ਅੰਮ੍ਰਿਤ ਦੇਣ ਨਾਲੋਂ ਇਸ ਦੀ ਮਹਾਨ ਦੇਣ ਦਾ ਪਰਿਚਯ ਦੇਣਾ ਆਵੱਸ਼ਕ ਹੈ ।

ਗ੍ਰੰਥ ਬੁਨਿਆਦੀ ਤੌਰ ਤੇ ਅਧਿਆਤਮਕ ਰਚਨਾ ਹੈ । ਇਹ 'ਜਿਹ ਡਿੱਠਾ ਮੈ ਤੇਹੋ ਕਹਿਆ ਦਾ ਸੰਗ੍ਰਹਿ ਹੈ । ਅੰਤਰ ਦ੍ਰਿਸ਼ਟਿਗਤ ਰਿਸ਼ੀਆਂ ਦੇ ਅਨੁਭਵਾਂ ਦੀ ਭਾਂਤੀ ਇਹ ਭੀ ਸੰਤਾਂ ਦੀ ਤਿੱਖੀ ਅਨੁਭੂਤੀ ਦੀ ਅਭਿਵਿਅੰਜਣਾ ਹੀ ਹੈ । ਇਸ ਲਈ ਇਸ ਦੀ ਪ੍ਰਮੁਖ਼ ਦੇਣ ਅਧਿਆਤਮਕ ਹੀ ਹੈ । ਇਹ ਨਾ ਕੇਵਲ ਬ੍ਰਹਮ ਦੇ ਮਹਾਤਮ ਨਾਲ ਮਨੁਖ ਮਾਤਰ ਦਾ



Digitized by Panjab Digital Library | www.panjabdigilib.org

ਪਰਿਚੈ ਕਰਾਉਂਦਾ ਹੈ। ਸਗੋਂ ਮਾਨਵ ਦੀ ਸੁੱਤੀ ਆਤਮਾ ਨੂੰ ਜਗਾ ਕੇ ਉਸ ਨੂੰ ਅਧਿਆਤਮ ਦੇ ਰਾਹ ਦਾ ਰਾਹੀ ਬਣਨ ਦੀ ਭੀ ਪ੍ਰੇਰਣਾ ਦਿੰਦਾ ਹੈ। ਇਸ ਦੀ ਇਹ ਪ੍ਰੇਰਣਾ ਸਮੇਂ, ਸਥਾਨ ਤੇ ਪਰਿਸਥਿਤੀਆਂ ਦੇ ਪ੍ਰਭਾਵ ਨਾਲ ਘਟਣ ਵਾਲੀ ਨਹੀਂ ਸਗੋਂ ਸਦਾ ਰਹਿਣ ਵਾਲੀ ਤੇ ਮਹਾਨ ਹੈ। ਅਸਲ ਵਿਚ ਮਨੁਖ ਮਾਤਰ ਨੂੰ ਮਨੁਖ ਧਰਮ ਦੇ ਗੁਰੂ ਗ੍ਰੰਥ ਦੀ ਇਹ ਸਭ ਤੋਂ ਵੱਡੀ ਦਾਤ ਹੈ।

ਅਨੁਭੂਤੀ ਆਧਾਰਿਤ ਗੁਰੂ ਗ੍ਰੰਥ ਇਕ ਲੜੀ ਵਿਚ ਬੰਨ੍ਹੀ ਹੋਈ ਕਿਸੇ ਬੌਧਿਕ ਵਿਚਾਰਧਾਰਾ ਨੂੰ ਸਾਹਮਣੇ ਨਾ ਰਖਣ ਕਰਕੇ ਦਾਰਸ਼ਨਿਕ ਨਹੀਂ ਪਰੰਤੂ "ਬ੍ਰਹਮ ਸੂਤਰ" ਵਾਂਗ ਸੰਗਠਿਤ ਜਪੁਜੀ ਤੇ ਸੁਖਮਨੀ ਕਿਸੇ ਭੀ ਦਰਸ਼ਨ ਤੋਂ ਘੱਟ ਨਹੀਂ। ਇਸ ਲਈ ਇਹ ਸਿਖ ਧਰਮ ਦਾ ਆਧਾਰ ਹੈ। ਠੋਸ ਦਰਸ਼ਨ—ਉਸ ਵਿਚ ਆਪ ਹੀ ਮਿਲਦਾ ਹੈ। ਦਾਰਸ਼ਨਿਕ ਵਾਦ ਵਿਵਾਦ ਦਾ ਵਧ ਮਹਤਵ ਅਨੁਭੂਤੀ-ਗਤ ਜੀਵਨ ਵੀ ਹੈ। ਗੁਰੂ ਗ੍ਰੰਥ ਦੇ ਇਸ ਵਿਚਾਰ ਨੇ ਤਤਕਾਲੀਨ ਦਾਰਸ਼ਨਿਕ ਖੇਤਰ ਵਿਚ ਉਪਸਥਿਤ, ਭਿਆਨਕ ਪਰਿਸਥਿਤੀਆਂ ਨੂੰ ਦੂਰ ਕਰਕੇ ਹਰ ਇਕ ਸੰਪਰਦਾਇ ਦੇ ਲੋਕਾਂ ਨੂੰ ਨੇੜੇ ਲਿਆਕੇ ਉਨ੍ਹਾਂ ਨੂੰ ਵਧੇਰੇ ਉਦਾਰ ਦੇ ਸਹਿਣ ਸ਼ੀਲ ਬਣਾਇਆ ਹੈ।

ਅਧਿਆਤਮਕ ਪਥ ਦਾ ਸਾਧਨ ਪਰਮ ਗੁਰੂ ਗ੍ਰੰਥ ਨੇ ਜ਼ਿੰਦਗੀ ਅਤੇ ਧਰਮ ਵਿਚ ਬਣੀ ਖਾਈ ਨੂੰ ਭਰਕੇ ਦੋਨਾਂ ਵਿਚ ਗੂੜ੍ਹਾ ਸੰਬੰਧ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਧਰਮ ਸਮਾਜ ਦੇ ਹੁੰਦਿਆ ਹੋਇਆਂ ਭੀ ਉਸ ਤੋਂ ਪਹਿਲਾਂ ਵਿਅਕਤੀਗਤ ਹੈ। ਇਸ ਲਈ ਸਦਾਚਾਰ ਦਾ ਮਹਤਵ ਸਥਾਪਿਤ ਕਰਦਿਆਂ ਹੋਇਆਂ ਚਰਿਤ੍ਰਵਾਨ ਨੂੰ ਹੀ ਧਰਮ ਚੰਗਾ ਸਵੀਕਾਰ ਕੀਤਾ ਗਿਆ ਹੈ। ਇਹ ਭੀ ਸਪਸ਼ਟ ਕਰ ਦਿਤਾ ਹੈ ਕਿ ਜ਼ਾਤ, ਪਾਤ, ਕੰਮ ਆਦਿ ਦਾ ਧਰਮ ਨਾਲ ਕੋਈ ਸੰਬੰਧ ਨਹੀਂ, ਇਥੇ ਤਾਂ "ਹਰੀ ਕਉ ਭਜੇ ਸੋ ਹਰੀ ਕਾ ਹੋਈ" ਦੀ ਧੁਨੀ ਹੀ ਸਰਵਤਰ ਸੁਣਾਈ ਦਿੰਦੀ ਹੈ। ਗੁਰੂ ਗ੍ਰੰਥ ਵਿਚ ਜੁਲਾਹੇ ਕਬੀਰ, ਚਮਾਰ ਰਵਿਦਾਸ, ਛੀਬਾਂ, ਨਾਮਦੇਵ, ਨਾਈ ਸੈਣ, ਧੰਨਾ (ਜੱਟ) ਅਤੇ ਕਸਾਈ ਸਦਨਾ ਦੀ ਬਾਣੀ ਇਸ ਦਾ ਹੀ ਕ੍ਰਿਆਤਮਕ ਪ੍ਰਮਾਣ ਹੈ। ਇਸ ਕਥਨੀ ਤੇ ਕਰਨੀ ਵਿਚ ਏਕਤਾ ਸਥਾਪਿਤ ਕਰਦਿਆਂ ਗੁਰੂ ਗ੍ਰੰਥ ਨੇ ਬਾਹਰੀ ਅਡੰਬਰਾਂ ਨੂੰ ਬੇਕਾਰ ਦਸਿਆ ਹੈ। ਜਪ, ਤਮ ਮਾਲਾ, ਪੂਜਾ,



Digitized by Panjab Digital Library | www.panjabdigilib.org

ਤੀਰਥ, ਤਿਲਕ, ਇਸ ਨਾਲ ਤੇ ਭੇਖ ਨੂੰ ਬੇਅਰਥ ਦੱਸਿਆ ਹੈ। ਇਸੇ ਲਈ ਧਾਰਮਿਕ ਖੇਤਰ ਦਾ ਗੁਰੂ ਨਹੀਂ ਗੁਰੂ ਹੀ ਸਤ ਕਰਮਾਂ ਦੁਆਰਾ ਮਨੁੱਖ ਦਾ ਪਥ ਪਰਦਰਸ਼ਕ ਬਣਦਾ ਹੈ। ਇਸ ਤਰ੍ਹਾਂ ਸਨਿਆਸ ਦਾ ਵਿਰੋਧ ਕਰਕੇ ਨਿਰਲੇਪ ਗ੍ਰਿਹਸਤ ਜੀਵਨ ਅਤੇ ਚੰਗੇ ਕਰਮ ਕਰਨ ਨਾਲ ਹੀ ਜੀਵਨ ਦਾ ਮਹਤਵ ਸਥਾਪਿਤ ਕੀਤਾ ਹੈ। ਸਾਧਨਾ ਦੇ ਖੇਤਰ ਵਿਚ ਗਿਆਨ ਦਾ ਸਹਾਰਾ ਲੈਕੇ ਸਤ ਕਰਮ ਕਰਦਿਆਂ ਹੋਇਆਂ ਨਾਮ ਮਾਰਗ (ਭਗਤੀ ਦਾ ਹੀ ਇਕ ਅੰਗ) ਦੇ ਦੁਆਰਾ ਖੋਹਲ ਦਿੱਤੇ ਜਿਸ ਵਿਚ—ਸਾਧਾਰਣ ਪ੍ਰਵੇਸ਼ ਕਰ ਸਕਿਆ ਅਤੇ ਉਹੋ ਮਾਰਗ ਉਸਦਾ ਵਿਵਹਾਰਕ ਧਰਮ ਬਣ ਗਇਆ। ਧਰਮ ਨੂੰ ਮਨੋ-ਵਿਗਿਆਨਕ ਆਧਾਰ ਦੇਕੇ ਹਠ-ਯੋਗ ਤੋਂ ਵਧ ਅਭਿਆਸ ਨਾਲ ਮਨ ਨੂੰ ਵਸ ਵਿਚ ਕਰਨ ਦਾ ਪਾਠ ਪੜ੍ਹਾਇਆ ਕਿਉਂਕਿ "ਮਨ ਜੀਤੈ ਜਗਿ ਜੀਤ" । ਦਾ ਉਚਾਰਣ ਕਰਦਿਆਂ ਹੋਇਆਂ ਬਹੁਤ ਪੁਰਾਣੀ ਗਲ ਨੂੰ ਹੀ ਇਕ ਦਮ ਨਵੇਂ ਤੇ ਪ੍ਰਭਾਵਕ ਢੰਗ ਨਾਲ ਕਿਹਾ। ਇਤਨਾ ਹੀ ਨਹੀਂ ਧਾਰਮਿਕ ਥਾਵਾਂ ਨੂੰ ਸਮਾਜਕ ਸੰਗਠਨ ਦਾ ਥਾਂ ਬਣਾਨ ਦੀ ਭੀ ਪ੍ਰੇਰਣਾ ਇਸ ਤੋਂ ਮਿਲੀ ਅਤੇ ਇਸ ਤਰ੍ਹਾਂ ਧਰਮ ਨੂੰ ਸੰਕੀਰਣਤਾ ਦੇ ਘੇਰੇ ਵਿਚੋਂ ਕਢਕੇ ਉਦਾਰ ਦ੍ਰਿਸ਼ਟੀ ਦਿਤੀ। ਸਾਰੇ ਹੀ ਧਰਮਾਂ ਦਾ ਆਦਰ ਕਰਦੇ ਹੋਏ 'ਸਹਿ ਅਸਤਿਤਵ ਦੀ ਭਾਵਨਾ ਵਿਕਾਸ ਕਰਦਾ ਹੋਈ ਮਾਨਵ ਧਰਮ ਦੀ ਪਰਿਤਿਸ਼ਟਤਾ ਕੀਤੀ।ਅਸਲ ਵਿਚ ਗ੍ਰੰਥ ਦਾ ਧਰਮ ਸਿਖ ਧਰਮ ਤੋਂ ਵਧ ਸ਼ਿਸ਼ ਧਰਮ ਹੈ। ਅਤੇ ਇਹ ਸ਼ਿਸ਼ ਧਰਮ ਹੀ ਮਾਨਵ ਧਰਮ ਹੈ। ਸੰਸਾਰ ਦੇ ਕਿਸੇ ਭੀ ਧਰਮ ਨਾਲ ਇਸਦਾ ਵਿਰੋਧ ਨਹੀਂ ਅਤੇ ਕੋਈ ਅਜਿਹੀ ਵਿਸ਼ੇਸ਼ ਗਲ ਨਹੀਂ ਮਿਲਦੀ ਜਿਹੜੀ ਹੋਰ ਧਰਮੀਆਂ ਇਹ ਮੰਨਣ ਤੋਂ ਰੁਕਾਵਟ ਪਾਵੇ। ਇਸ ਤੋਂ ਸਪਸ਼ਟ ਹੈ ਕਿ ਇਸ ਦਾ ਧਰਮ, ਮਾਨਵ ਧਰਮ ਹੀ ਹੈ। ਸੰਸਾਰ ਦੇ ਮਨੁਖ ਮਾਤਰ ਨੂੰ ਗੁਰੂ ਗ੍ਰੰਥ ਦੀ ਇਹੋ ਹੀ ਮਹਾਨ ਧਾਰਮਿਕ ਦੇਣ ਹੈ।

ਇਹ ਮਾਨਵ ਕਰਮ ਦੁਆਰਾ ਸਮਾਜ ਵਿਚ ਸਮਤਾ ਗੁਰੂ ਗ੍ਰੰਥ ਦੀ ਸਾਮਾਜਿਕ ਦੇਣ ਹੈ। ਮਨੁੱਖ ਮਨੁੱਖ ਦੀ ਸਮਤਾ ਵਿਚ ਨਾ ਧੰਨ ਦਾ ਨਾ ਪਦਵੀ ਦਾ, ਨਾ ਧਰਮ ਦਾ; ਨਾ ਲਿੰਗ ਦਾ ਅਤੇ ਨਾ ਅਵਸਥਾ ਦਾ ਭੇਦ ਸਵੀਕਾਰ ਕੀਤਾ ਗਇਆ ਹੈ। ਸਿਖ ਧਰਮ ਵਿਚ ਅੰਮ੍ਰਿਤ ਪਾਨ ਕਰਨ ਵੇਲੇ ਇਸ



Digitized by Panjab Digital Library | www.panjabdigilib.org

ਇਕ ਦਾ ਪੂਰਣ ਪਰਿਚਯ ਮਿਲਦਾ ਹੈ। ਇਸ ਲਈ ਹੀ ਕਟੜ ਪੰਥੀ ਬ੍ਰਾਹਮਣਾਂ ਨੂੰ ਸਮਝਾਕੇ ਸਮਾਜ ਸੁਧਾਰ ਦੇ ਸੂਰ ਨੂੰ ਪ੍ਰਧਾਨਤਾ ਦੇਣੀ ਪਈ। ਚਰਿਤ੍ਰਵਾਨ ਵਿਅਕਤੀ ਨੂੰ ਸਮਾਜ ਵਿਚ ਆਦਰ ਪ੍ਰਾਪਤ ਹੋਇਆ। ਗ੍ਰਹਸਤ ਸਮਾਜ ਦੇ ਨਿਰਮਾਣ ਵਿਚ ਹਰ ਵਿਅਕਤੀ ਨੂੰ ਕਰਮਬਧ ਬਣਾਕੇ ਜ਼ਿਮੇਦਾਰੀ ਸੰਭਾਲੀ ਗਈ। ਸਮਾਜ ਤੇ ਭਾਰ ਬਣਕੇ ਨਿਰਰਥਕ ਜੀਵਨ ਬਿਤਾਉਣ ਵਾਲਿਆਂ ਦੇ ਉਤਸ਼ਾਹ ਰਹਿਤ ਜੀਵਨ ਨੂੰ ਦਿਖਾਇਆ ਇਸ ਤਰ੍ਹਾਂ ਸਮਾਜ ਦੇ ਅੰਗ ਵਿਅਕਤੀ ਦੇ ਵਿਅਕਤਿਤਵ ਦਾ ਵਿਕਾਸ ਕਰਕੇ ਸਮਾਜ ਵਿਚ ਨੈਤਿਕ ਆਦਰਸ਼ਾਂ ਦੀ ਸਥਾਪਨਾ ਕੀਤੀ। ਸਤਿ ਸੰਗ ਦਾ ਮਹਤਵ ਦਸਦਿਆਂ ਹੋਇਆਂ ਧਰਮ-ਥਾਵਾਂ ਨੂੰ ਸਮਾਜਕ-ਸੰਗਠਨ ਤੇ ਵਿਚਾਰ ਦੇ ਵਟਾਂਦਰੇ ਦੇ ਕੇਂਦਰ ਬਣਾਇਆ। ਵਿਅਕਤਿਗਤ ਉਦਾਹਰਣ ਤੋਂ ਸਮਾਜ ਦੇ ਹਰ ਇਕ ਵਿਅਕਤੀ ਨੂੰ ਅਤਿਆਚਾਰ ਦੇ ਵਿਰੋਧ ਵਿਚ ਬਲੀਦਾਨ ਦੀ ਪ੍ਰੇਰਣਾ ਦੇ ਕੇ, ਨਿਡਰ, ਨਿਰਭੈ, ਸਵਸਥ ਅਤੇ ਸੁਤੰਤਰ ਸਮਾਜ ਦੀ ਨੀਂਹ ਰੱਖੀ। ਇਸ ਤਰ੍ਹਾਂ ਸਮੁਚੇ ਸਮਾਜ ਨੂੰ ਸੰਗਠਿਤ ਕਰਕੇ ਰਾਸ਼ਟਰੀ ਪਧਰ ਤੇ ਲਿਆਉਣ ਦਾ ਯਤਨ ਕੀਤਾ।

ਇਹ ਰਾਸ਼ਟਰੀ ਪੱਧਰ ਭੀ ਰਾਜਨੀਤੀ ਵਿਚ ਪ੍ਰਵੇਸ਼ ਕਰ ਗਈ ਅਤੇ ਸਮੇਂ ਦੀ ਪੁਕਾਰ ਅਨੁਸਾਰ ਗੁਰੂ ਗ੍ਰੰਥ ਦਾ ਇਹ ਮਧੁਰ ਸੂਰ ਕਿ ਧਰਮ, ਸਮਾਜ ਤੋਂ ਵਖਰੇ ਨਹੀਂ, ਸਗੋਂ ਇਕੋ ਹੀ ਦੇਹ ਦੇ ਭਿੰਨ ਭਿੰਨ ਪਾਸੇ ਹਨ, ਅਜ ਤਕ ਜਨ-ਸਾਧਾਰਣ ਨੂੰ ਇਸ ਵਿਚਾਰਨੇ ਪ੍ਰਭਾਵਿਤਕੀਤਾ ਹੋਇਆਹੈ।ਕਿਉਂ ਕਿ ਧਾਰਮਿਕ ਜੀਵਨ ਦੇ ਵਿਕਾਸ ਲਈ ਨਾ ਕੇਵਲ ਰਾਜਨੀਤਕ ਸ਼ਾਂਤੀ, ਸਗੋਂ ਸਵਸਥ ਸਮਾਜਕ ਵਾਤਾਵਰਣ ਦੀ ਭੀ ਲੋੜ ਹੁੰਦੀ ਹੈ। ਸਾਮਾਜਿਕ ਸਮਤਾ, ਰਾਜਨੀਤਕ ਪ੍ਰਜਾਤੰਤ੍ਰਵਾਦ ਦੇ ਹੀ ਅਸ ਤਿਤਵ ਦੀ ਸਥਾਪਨਾ ਦਾ ਸੂਰ ਹੈ। ਹਰ ਵਿਅਕਤੀ ਨੂੰ ਆਪਣੇ ਧਰਮ ਕੰਮ ਅਤੇ ਵਿਚਾਰਾਂ ਵਿਚ ਸੁਤੰਤਰਤਾ ਹੋਣੀ ਚਾਹੀਦੀ ਹੈ। ਜਦੋਂ ਤਕ ਕਿ ਉਹ ਸਮਾਜ ਲਈ ਘਾਤਕ ਨਾ ਸਿਧ ਹੋਣ। ਜਿਥੇ ਇਕ ਪਾਸੇ ਬਾਦਸ਼ਾਹ ਨੂੰ ਉਸਦੇ ਕਰਤਵ ਦਾ ਗਿਆਨ ਕਰਾਇਆ ਹੈ, ਉਥੇ ਸਾਧਾਰਣ ਜਨਤਾ ਨੂੰ ਭੀ ਉਨ੍ਹਾਂ ਦੇ ਅਧਿਕਾਰਾਂ ਤੋਂ ਜਾਣੂ ਕਰਾ ਕੇ ਚੇਤੰਨ ਕੀਤਾ ਹੈ। ਇਨ੍ਹਾਂ ਸਭ ਤੋਂ ਵਧ ਕੇ ਰਾਜਨੀਤਕ ਖੇਤਰ ਵਿਚਲੇ ਅਤਿਆਚਾਰਾਂ ਨੂੰ ਰੋਕਣ ਲਈ ਵੀਰਤਾ ਦੀ ਪ੍ਰਤੀਕ ਨਵੀਂ ਉਤਪੰਨ ਸਿਖ



Digitized by Panjab Digital Library | www.panjabdigilib.org

ਜਾਤੀ ਨੂੰ ਦ੍ਰਿੜ ਨੈਤਿਕ ਆਧਾਰ ਦਿਤਾ ।

"ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ" ।

ਇਸ ਵਿਚ ਹੀ ਇਸਦੇ ਗੁਰੂ-ਪਦ ਦਾ ਰਹਸ ਛੁਪਿਆ ਹੋਇਆ ਹੈ।

ਗੁਰੂ ਗ੍ਰੰਥ ਦਾ ਉਦੇਸ਼ ਕਿਸੇ ਸਾਹਿਤ ਨੂੰ ਸਮਰਿਧ ਕਰਨਾ ਨਹੀਂ ਸੀ, ਤਾਂ ਭੀ ਸੰਸਾਰ ਦੇ ਰਹਸਵਾਦੀ ਸਾਹਿਤ ਨਾਲੋਂ ਇਹ ਆਪ ਹੀ ਸਮਰਿਧ ਹੋ ਗਇਆ ਹੈ। ਅਵਿਕਸਿਤ ਪੇਂਡੂ ਪੰਜਾਬੀ ਭਾਸ਼ਾ ਦਾ ਇਸ ਦੁਆਰਾ ਨਾ ਕੇਵਲ ਵਿਕਾਸ ਅਤੇ ਸਵ ਰੂਪ ਹੀ ਸਾਡੇ ਸਾਹਮਣੇ ਅਉਂਦਾ ਹੈ, ਸਗੋਂ ਉਸਦਾ ਬਹੁਮੁਖੀ ਵਿਕਾਸ ਭੀ ਇਸ ਵਿਚ ਮਿਲਦਾ ਹੈ। ਗੁਰੂ ਗ੍ਰੰਥ ਵਿਚ ਬਹੁ-ਭਾਂਤੀ ਵਿਸ਼ੈ ਮਾਨਵ ਮਨ ਦੇ ਹਰ ਇਕ ਭਾਵ ਦੇ ਸੂਖਮ ਕਲਪਨਾਵਾਂ ਸਾਰੀਆਂ ਹੀ ਸ਼ੈਲੀਆ ਵਿਚ ਲਿਖੀਆਂ ਸਾਡੇ ਸਾਹਮਣੇ ਆਉਂਦੀਆਂ ਹਨ। ਕਿਸੇ ਭਾਸ਼ਾ ਦੇ ਆਰੰਭ ਵਿਚ ਉਸਦੇ ਸਾਹਿਤ ਦਾ ਬਹੁਮਖੀ ਵਿਕਾਸ ਅਤੇ ਉਤਮ ਸਾਹਿਤ ਦਾ ਨਿਰਮਾਣ ਸਾਹਿਤਕ ਖੇਤਰ ਵਿਚ ਗੁਰੁ ਗ੍ਰੰਥ ਦੀ ਅਦੁਤੀ ਦੇਣ ਹੈ। ਇਸ ਦੇ ਕੁਝ ਗੀਤ ਅਜ ੫੦੦ ਵਰ੍ਹੇ ਬੀਤਿਆਂ ਭੀ ਪੰਜਾਬੀ ਦੇ ਉਤਮ ਗੀਤਾਂ ਵਿਚ ਅਪਣੀ ਥਾਂ ਬਣਾਈ ਬੈਠੇ ਹਨ। ਨਵੀਨ ਛੰਦਾਂ, ਰਾਗਾਂ ਅਤੇ ਸੁਰਾਂ ਦਾ ਮੇਲ ਗੁਰੂ ਗ੍ਰੰਥ ਦੀ ਪੰਜਾਬੀ ਨੂੰ ਆਪਣੀ ਮੌਲਿਕ ਦੇਣ ਹੈ! ਅਸਲ ਵਿਚ ਗੁਰੂ ਗ੍ਰੰਥ ਨਾ ਕੇਵਲ ਅਜ ਤਕ ਦੇ ਪੰਜਾਬੀ ਅਤੇ ਸੰਤ ਲੇਖਕਾਂ ਲਈ ਆਦਰਸ਼-ਕਾਵਿ ਪ੍ਰਸਤੁਤ ਕਰਦਾ ਆ ਰਹਿਆ ਹੈ,ਸਗੋਂ ਕਾਵਿ ਦੇ ਮਾਪ ਦੰਡਾਂ ਦਾ ਨਿਰਮਾਣ ਭੀ ਇਸੇ ਦੇ ਆਧਾਰ ਉਤੇ ਹੋਇਆ ਹੈ। ਭਾਵਾਂ ਦੇ ਅਨੁਕੂਲ ਰਾਗਾਂ ਦੀ ਵਰਤੋਂ ਇਸ ਦੀ ਆਪਣੀ ਵਿਸ਼ੇਸ਼ਤਾ ਹੈ। ਇਸ ਲਈ ਰਾਗਾਂ ਦਾ ਇਸ ਵਿਚ ਵਿਸ਼ੇਸ਼ ਮਹਤਵ ਅਤੇ ਵਿਗਿਆਨਕ ਕ੍ਰਮ ਇਸ ਦੀ ਪੂਰਣ ਦਾਤ ਹੈ। ਪੰਜਾਬ ਦੇ ਹਰ ਇਕ ਲੇਖਕ ਨੇ ਇਸ ਤੋਂ ਪ੍ਰੇਰਣਾ ਭੀ ਲਈ ਹੈ। ਅਤੇ ਇਸ ਦੇ ਪ੍ਰਭਾਵ ਦੀ ਅਮਿਟ ਛਾਪ ਭੀ ਉਸ ਤੇ ਅੰਕਿਤ ਹੈ। ਸਾਹਿਤਕ ਖੇਤਰ ਵਿਚ ਗੁਰੂ ਗ੍ਰੰਥ ਦੀ ਇਸਤੋਂ ਵਡੀ ਦਾਤ ਹੋਰ ਕੀ ਹੋ ਸਕਦੀ ਹੈ।

ਸੰਗੀਤ ਦੇ ਖੇਤਰ ਵਿਚ ਰਾਗ ਦਾ ਮਹੱਤਵ ਸਥਾਪਿਤ ਕਰਨ ਵਿਚ ਗੁਰੂ ਗ੍ਰੰਥ ਦੀ ਆਪਣੀ ਹੀ ਮੌਲਿਕ ਦੇਣ ਹੈ। ਅਸਲ ਵਿਚ ਇਹ ਰਾਗ ਹੀ ਲੀਨਤਾ ਅਤੇ ਵਿਸਮਾਦ ਦਾ ਆਧਾਰ ਹੈ, ਇਸ ਤਰ੍ਹਾਂ ਸੰਗੀਤ ਉਸ ਸਮੇਂ



Digitized by Panjab Digital Library | www.panjabdigilib.org

ਵਿਚ ਨਾ ਕੇਵਲ ਮਨੋਰੰਜਨ ਦਾ ਹੀ ਸਾਧਨ ਬਣਿਆ ਰਿਹਾ ਸਗੋਂ ਅਧਿਆਤਮਕ ਖੇਤਰ ਵਿਚ ਭੀ ਇਸਦਾ ਮਹਤਵ ਪੂਰਣ ਸਥਾਨ ਬਣ ਗਿਆ ਹੈ !

ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਨੇ ਤਤਕਾਲੀਨ ਭਾਰਤ ਦੀ ਧਾਰਮਿਕ, ਸਾਮਾਜਿਕ, ਰਾਜਨੀਤਕ ਪਰਿਸਥਿਤੀ ਦਾ ਜਿਉਂਦਾ ਤਿਉਂ ਚਿਤਰ ਉਪਸਥਿਤ ਕੀਤਾ ਹੈ। ਇਤਿਹਾਸਕਾਰਾਂ ਲਈ ਹੋਰ ਠੀਕ ਸਾਮਗ੍ਰੀ ਦੇ ਅਭਾਵ ਵਿਚ ਗੁਰੂ ਗ੍ਰੰਥ ਦੇ ਪਰਾਮਾਣਿਕ ਵਿਵਰਣ ਅਤਿਅੰਤ ਉਪਯੋਗੀ ਸਿਧ ਹੁੰਦੇ ਹਨ।

ਇਸ ਤਰ੍ਹਾਂ ਗੁਰੂ ਗ੍ਰੰਥ ਅਧਿਆਤਮਕ, ਦਾਰਸ਼ਨਿਕ, ਧਾਰਮਿਕ, ਸਾਮਾਜਿਕ, ਰਾਜਨੀਤਕ, ਸਾਹਿਤਕ, ਸੰਗੀਤਾਤਮਕ ਅਤੇ ਇਤਿਹਾਸਕ ਸਾਰੇ ਹੀ ਦ੍ਰਿਸ਼ਟੀਕੋਣਾ ਤੋਂ ਭਾਰਤੀ ਸੰਸਕ੍ਰਿਤੀ ਨੂੰ ਪੁਨਰ ਸੁਰਜੀਤ ਕਰਦਿਆਂ ਹੋਇਆਂ ਰਾਸ਼ਟਰੀ ਜਾਗ੍ਰਿਤੀ ਦਾ ਸੰਦੇਸ਼ ਲੈਕੇ ਆਇਆ ਇਕ ਸੰਦੇਸ਼ ਹੀ ਹੈ। ਅਮਰ ਹੋਕੇ ਗੁਰੂ ਗ੍ਰੰਥ ਦੇ ਅੰਮ੍ਰਿਤ ਦਾ ਸੂਰਜ ਬਣਕੇ ਜੁਗ ਜਗਾਂਤਰ ਤਕ ਭਾਰਤੀ ਰਾਸ਼ਟਰ ਨੂੰ ਹੀ ਨਹੀਂ ਮਨੁਖ ਮਾਤਰ ਨੂੰ ਪ੍ਰੇਰਦਾ ਰਵੇਗਾ।

ਇਹੋ ਹੀ ਹੈ ਅਮਰ ਗੁਰੂ ਦੇ ਅਮਰ ਗੁਰੂ ਗ੍ਰੰਥ ਦੀ ਅਮਰ ਦਾਤ ਅਤੇ ਇਸੇ ਵਿਚ ਹੀ ਛੁਪਿਆ ਹੈ, ਉਸਦਾ ਅਮਰ ਭਾਵ।

## ਗੁਰੂ ਗ੍ਰੰਥ ਦੇ ਵਾਕਿਫ਼ਾਂ ਦੀ ਵਾਕਿਫ਼ੀ

ਗੁਰੂ ਗ੍ਰੰਥ ਦੀ ਜਾਣ ਪਛਾਣ ਕਰਾਉਣ ਤੋਂ ਪਹਿਲਾਂ ਜਾਣੂ ਕਰਾਉਣ ਵਾਲਿਆਂ ਦੀ ਜਾਣ ਪਛਾਣ ਨਾ ਕਰਾਉਣਾ ਉਨ੍ਹਾਂ ਨਾਲ ਅਨਿਆ ਹੋਵੇਗਾ, ਜਦੋਂ ਕਿ ਮੇਰਾ ਸਾਰੇ ਵਾਕਿਫ਼ਾਂ ਨਾਲ ਗੂੜ੍ਹਾ ਸੰਬੰਧ ਤਾਂ ਕੀ, ਕਈਆਂ ਨਾਲ ਤਾਂ ਪਰਤੱਖ ਸੰਬੰਧ ਵੀ ਨਾ ਹੋ ਸਕਿਆ ਜਿਸਦਾ ਕਾਰਣ ਮੇਰਾ ਅਭਾਵ ਹੈ। ਇਹ ਮੰਨਦਿਆਂ ਮੈਨੂੰ ਜ਼ਰਾ ਜਿਨਾ ਵੀ ਸੰਕੋਚ ਨਹੀਂ। ਗੁਰੂ ਗ੍ਰੰਥ ਪਹਿਲੇ ਅਧਿਆਤਮਕ ਰਚਨਾ ਹੈ ਤੇ ਬਾਅਦ ਵਿਚ ਸਾਹਿਤਕ। ਭਾਸ਼ਾ ਵਿਗਿਆਨੀਆਂ ਤੇ ਸੰਗੀਤ ਪਾਰਖੂਆਂ ਨੇ ਵੀ ਇਸਦੇ ਨਾਲ ਆਪਣਾ ਸੰਬੰਧ ਜੋੜਿਆ ਹੈ। ਇਤਿਹਾਸਕਾਰਾਂ ਨੇ ਭੀ ਇਸ ਵਿਚੋਂ ਦੇਸ਼ ਦੀ ਰਾਜਨੀਤਕ, ਸਾਮਾਜਿਕ ਧਾਰਮਿਕ ਤੇ ਸਾਂਸਕ੍ਰਿਤਕ ਦਸ਼ਾ ਦਾ ਚਿਤਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਨੋਵਿਗਿਆਨੀਆਂ ਨੇ ਮਾਨਵ-ਮਨ ਦੇ ਵਿਗਿਆਨਕ-ਵਿਕਾਸ-ਕ੍ਰਮ ਨੂੰ



Digitized by Panjab Digital Library | www.panjabdigilib.org

ਇਸ ਵਿਚੋਂ ਲੱਭਿਆ ਹੈ। ਜੋ ਕੁਝ ਭੀ ਹੋਵੇ, ਇਨ੍ਹਾਂ ਸਭ ਤੋਂ ਵਧ ਕੇ ਸਿਖ ਧਰਮ ਦਾ ਤਾਂ ਇਹ ਸਰਵਸਵ ਹੀ ਹੈ। ਇਸ ਕਰਕੇ ਇਸਦੀ ਕੀਮਤ ਪਾਉਣ ਵਾਲਿਆਂ ਦੀ ਇਸ ਕਿਰਤ ਨਾਲ ਸੰਖੇਪ ਜਾਣ ਪਛਾਣ ਕਰਵਾਈ ਜਾਂਦੀ ਹੈ।

ਗੁਰੂ ਗ੍ਰੰਥ ਤੋਂ ਬਾਹਰ ਇਸਦੇ ਲੇਖਕ ਭਾਈ ਗੁਰਦਾਸ ਦਾ ਇਸਦੇ ਨਾਲ ਸਭ ਤੋਂ ਡੂੰਘੇਰਾ ਸਬੰਧ ਰਹਿਆ ਹੈ। ਉਨ੍ਹਾਂ ਨੇ ਆਪਣੀਆਂ ਵਾਰਾਂ ਤੇ ਕਵਿਤਾਂ ਵਿਚ ਸਿਖ ਧਰਮ ਦੀ ਵਿਆਖਿਆ ਕੀਤੀ ਹੈ। ਇਸ ਲਈ ਗੁਰੂ ਅਰਜਨ ਸਾਹਿਬ ਦੇ ਕਥਨ ਅਨੁਸਾਰ ਸਾਰੇ ਹੀ ਸਿਖ ਧਰਮ ਦੇ ਜਾਣਕਾਰਾਂ ਨੇ ਇਨ੍ਹਾਂ ਨੂੰ ਸਿਖ ਧਰਮ ਦੀ ਕੁੰਜੀ ਕਹਿਆ ਹੈ।ਜਿਹੜਾ ਉਚਿਤ ਤੇ ਸਹੀ ਭੀ ਹੈ। ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗਰੰਥ ਵਿਚ ਆਪਣਾ ਕੋਈ ਸ਼ਬਦ ਨਾ ਲਿਖਕੇ ਹੀ ਪਹਿਲੇ ਗੁਰੂ ਤੋਂ ਚਲੀ ਆ ਰਹੀ ਗੁਰੂ ਜੋਤੀ ਇਸ ਦੇ ਸਮਰਪਨ ਕਰਕੇ ਯੁਗਾਂ ਯੁਗਾਂਤਰਾਂ ਲਈ ਸਿਖ ਧਰਮ ਦਾ ਗੁਰੂ ਬਣਾ ਦਿੱਤਾ। ਉਨ੍ਹਾਂ ਨੇ ਆਪਣੇ ਦਸ਼ਮ ਗਰੰਥ ਦੁਆਰਾ ਅਨੁਭੂਤਿਗਤ ਸਚਾਈਆਂ ਨੂੰ ਬੌਧਿਕ ਤੇ ਦਾਰਸ਼ਨਿਕ ਆਧਾਰ ਤੋਂ ਸਬੱਲ ਬਣਾਉਣ ਦੀ ਕੋਸ਼ਿਸ਼ ਕੀਤੀ ਕਿਉਂਕਿ ਹਰ ਇਕ ਧਰਮ ਨੂੰ ਚਰੰਜੀਵਤਾ ਲਈ ਇਕ ਨਿਯਮ-ਬਧ ਦਰਸ਼ਨ ਦੀ ਲੋੜ ਹੁੰਦੀ ਹੈ।

ਦਸਮ ਗੁਰੂ ਦੇ ਸਮਕਾਲੀਨ ਅਤੇ ਉਸਦੇ ਨਾਲ ਡੂੰਘੇਰੇ ਸੰਬੰਧ ਰੱਖਣ ਵਾਲੇ ਭਾਈ ਨੰਦ ਲਾਲ, ਭਾਈ ਦੇਸਾ ਸਿੰਘ ਤੇ ਭਾਈ ਪਰਹਲਾਦ ਸਿੰਘ ਦੇ ਰਹਿਤਨਾਮੇ ਸਿਖ ਧਰਮ ਦਾ ਵਿਵਹਾਰਕ ਰੂਪ ਦਰਸਾਂਦੇ ਹਨ। ਪਰਤੱਖ ਰੂਪ ਵਿਚ ਗੁਰੂ ਗਰੰਥ ਨਾਲ ਇਨ੍ਹਾਂ ਦਾ ਸਬੰਧ ਨਾ ਹੁੰਦੇ ਹੋਇਆਂ ਭੀ ਇਹ ਉਸਦੀ ਮਹਤਤਾ ਨੂੰ ਪੇਸ਼ ਕਰਦੇ ਹਨ ਅਤੇ ਇਹੋ ਇਨ੍ਹਾਂ ਦੇ ਦੇਣ ਹੈ।

ਵੇਦਾਂਤੀ ਦ੍ਰਿਸ਼ਟਿਕੋਣ ਨੂੰ ਲੈ ਕੇ ਚਲਣ ਵਾਲੇ ਗੁਲਾਬ ਸਿੰਘ ਦਾ 'ਮੋਕਸ਼ ਪੰਥ' (੧੭੭੮) ਆਦਿ ਪੁਸਤਕਾਂ ਸਿਖ ਦਰਸ਼ਨ ਤੇ ਚਾਨਣਾ ਪਾਉਂਦੀਆਂ ਹਨ। ਸਾਧੂ ਸਿੰਘ ਦੀ 'ਗੁਰ ਸ਼ਿਕਸ਼ਾ ਪਰਭਾਕਰ ਭੀ ਇਸ ਸਬੰਧ ਵਿਚ ਚੰਗੀ ਕਿਰਤ ਹੈ। ਪੰਡਤ ਤਾਰਾ ਸਿੰਘ ਦੀ 'ਗੁਰਮਤ—ਨਿਰਣਯ ਸਾਗਰ" (੧੮੮੭) ਟੀਕਾ ਪੱਦਤੀ ਤੇ ਹੁੰਦਿਆਂ ਹੋਇਆਂ ਭੀ ਦਾਰਸ਼ਨਿਕ ਦ੍ਰਿਸ਼ਟਿਕੋਣ ਹੀ ਸਾਹਮਣੇ ਰੱਖਦੀ ਹੈ। ਦਾਰਸ਼ਨਿਕ ਖੇਤਰ



Digitized by Panjab Digital Library | www.panjabdigilib.org

ਵਿਚ ਇਸ ਵੇਲੇ ਤਕ ਭਾਈ ਕਾਹਨ ਸਿੰਘ ਦੀ 'ਗੁਰਮਤ ਪਰਭਾਕਰ' (੧੮੮੯) ਤੇ 'ਗੁਰਮਤ ਸੁਧਾਕਰ' (੧੯੦੦) ਭੀ ਛੱਪ ਚੁੱਕੀਆਂ ਹਨ।

ਸਵਾਮੀ ਦਯਾ ਨੰਦ ਤੇ ਆਰੀਆ ਸਮਾਜ ਦੀ ਪ੍ਰਤਿਕ੍ਰਿਆ ਵਿਚ ਗਿਆਨੀ ਦਿੱਤ ਸਿੰਘ ਦਾ ਮੌਲਿਕ ਸੁਰ 'ਸਿਖ ਹਿੰਦੂ ਨਹੀਂ' (੧੯੦੭) ਨਵੀਂ ਦਸ਼ਾ ਵਿਚ ਕੋਸ਼ਿਸ਼ ਸੀ। ਇਹ ਦਾਰਸ਼ਨਿਕ ਨਾਂ ਹੁੰਦਿਆਂ ਭੀ ਪੂਰਣ ਰੂਪ ਵਿਚ ਪਿਛੋਕੜ ਦੇ ਦਾਰਸ਼ਨਿਕ ਤੇ ਧਾਰਮਿਕ ਸਾਹਿਤ ਨੂੰ ਪ੍ਰਭਾਵਿਤ ਕਰਦਾ ਰਹਿਆ ਹੈ। ਇਸ ਲਈ ਇਸ ਦਾ ਇਤਿਹਾਸਕ ਮੁੱਲ ਭੁਲਾਇਆ ਨਹੀਂ ਜਾ ਸਕਦਾ। ਡਾ: ਚਰਣ ਸਿੰਘ ਨੇ 'ਬਾਣੀ ਬਿਉਰਾ' ਪ੍ਰਕਾਸ਼ਿਤ ਕੀਤਾ, ਜਿਸ ਵਿਚ ਅਣਥਕ ਮਿਹਨਤ ਤੇ ਅਤਿ ਸੂਖਮ ਵਿਸ਼ਲੇਸ਼ਣ ਦੁਆਰਾ ਗੁਰੂ ਗਰੰਥ ਦੀਆਂ ਸਾਰੀਆਂ ਬਾਣੀਆਂ ਦੀ ਗਿਣਤੀ ਦਾ ਵਿਸਤਾਰ ਸਹਿਤ ਵਰਣਨ ਕੀਤਾ। ਜਿਸ ਬਿਨਾਂ ਗੁਰੂ ਗਰੰਥ ਦਾ ਕੋਈ ਭੀ ਪਾਠਕ ਅਗਾਂਹ ਨਹੀਂ ਵਧ ਸਕਦਾ। ਇਨ੍ਹਾਂ ਸਤਰਾਂ ਦੇ ਲੇਖਕ ਨੇ ਭੀ ਉਸਦੀ ਚੰਗੀ ਵਰਤੋਂ ਕੀਤੀ ਹੈ ਪਰ ਕਿਧਰੇ ਕਿਧਰੇ ਥੋੜੇ ਬਹੁਤ ਸੰਸ਼ੋਧਨ ਨਾਲ।

ਇਸ ਤੋਂ ਉਪਰੰਤ ਜਰਮਨੀ ਦੇ ਡਾਕਟਰ ਟਰੰਪਸ ਦੇ "ਆਦਿ ਗ੍ਰੰਥ" (੧੮੭੭) ਜੋ ਕਿ ਪਛਮੀ ਖੋਜੀਆਂ ਦਾ ਇਸ ਪਾਸੇ ਪਹਿਲਾਂ ਚੰਗਾ ਕੰਮ ਕਹਿਆ ਜਾ ਸਕਦਾ ਹੈ ਅਤੇ ਉਸ ਮਗਰੋਂ ਮੈਕਾਲਫ਼ ਦੀ ਮਹਤਵ ਪੂਰਨ ਰਚਨਾ 'ਦੀ ਸਿਖ ਰੀਲੀਜਨ (The Sikh Religion) (੧੯੦੯) ਵਿਸ਼ੇਸ਼ ਤੌਰ ਤੇ ਉਲੇਖਨੀਯ ਹੈ। ੨੮੪ ਦੇ ਲਗ ਭਗ ਤੀਜੇ ਹਿਸੇ ਦੇ ਅਨੁਵਾਦ ਨੂੰ ਦੇਖ ਕੇ ਇਸਨੇ ਨਾ ਕੇਵਲ ਸਾਰੇ ਗੁਰੂ ਗਰੰਥ ਦਾ ਅਨੁਵਾਦ ਕੀਤਾ ਬਲਕਿ ਸਾਰੇ ਲੇਖਕਾਂ ਦਾ ਭੀ ਸਵਿਸਤਾਰ ਅਤੇ ਖੋਜ ਭਰਪੂਰ ਇਤਿਹਾਸਕ ਬਿਆਨ ਤੇ ਵਰਣਨ ਕੀਤਾ। ਇਸ ਪਾਸੇ ਅੱਜ ਤੱਕ ਕੋਈ ਭਾਰਤੀ ਇਤਨਾ ਭੀ ਕੰਮ ਨਹੀਂ ਕਰ ਸਕਿਆ। ਇਸ ਦੀ ਮਹਤਤਾ ਇਸ ਤੋਂ ਹੀ ਸਪਸ਼ਟ ਹੈ ਕਿ ਗੁਰੂ ਗਰੰਥ ਦਾ ਕੋਈ ਭੀ ਲੇਖਕ— ਅੱਜ ਪੰਜਾਹ ਸਾਲ ਬੀਤਣ ਮਗਰੋਂ ਤਾਂ ਕੀ—ਜੁਗਾਜੁਗਾਂਤਰਾਂ ਤੀਕ ਇਸ ਦੀ ਸਹਾਇਤਾ ਬਿਨਾ ਅਪੂਰਨ ਰਹੇਗਾ। ਫਿਰ ਖਜ਼ਾਨ ਸਿੰਘ ਦੀ 'ਹਿਸਟਰੀ ਐਂਡ ਫਿਲਾਸਫੀ ਆਫ਼ ਸਿਖ ਰੀਲੀਜਨ' ੧੯੧੪ ਦੋ ਭਾਗਾਂ ਵਿਚ ਪ੍ਰਕਾਸ਼ਿਤ ਹੋਈ ਜਿਸਦਾ ਦੂਜਾ ਭਾਗ ਸਿਖ ਧਰਮ ਦੇ ਦਰਸ਼ਨ ਦਾ ਚੰਗਾ



Digitized by Panjab Digital Library | www.panjabdigilib.org

ਗਿਆਨ ਕਰਾਉਂਦਾ ਹੈ। ਪ੍ਰਿੰਸੀਪਲ ਜੋਧ ਸਿੰਘ ਦਾ 'ਗੁਰਮਤ ਨਿਰਣੈ' (੧੯੩੨) ਭੀ ਸਿਖ ਦਰਸ਼ਨ ਸੰਬੰਧੀ ਸ਼ਲਾਘਾ ਯੋਗ ਕਿਰਤ ਹੈ। ਇਧਰ ਅੰਗਰੇਜ਼ੀ ਵਿਚ ਤੇਜਾ ਸਿੰਘ ਦਾ 'ਸਿਖਜ਼ਿਮ ਐਂਡ ਇਟਸ ਆਈਡਲਿਜ਼ਮ (੧੯੩੮) ਗੁਰੂ ਗਰੰਥ ਦੇ ਆਧਾਰ ਤੇ ਸਿਖ ਧਰਮ ਤੇ ਚੰਗਾ ਚਾਨਣ ਪਾਉਂਦੀ ਹੈ। ਇਤਨਾ ਕੁਝ ਹੁੰਦਿਆਂ ਹੋਇਆਂ ਭੀ ਆਧੁਨਿਕ ਯੁਗ ਦੇ ਅਨੁਕੂਲ ਸਭ ਤੋਂ ਪਹਿਲਾਂ ਵਿਗਿਆਨਕ ਵਿਸ਼ਲੇਸ਼ਣਾਤਮਕ ਅਤੇ ਦਾਰਸ਼ਨਿਕ ਅਧਿਐਨ ਪੇਸ਼ ਕਰਨ ਦਾ ਮਾਣ ਡਾ: ਸ਼ੇਰ ਸਿੰਘ ਦੀ 'ਫਿਲਾਸਫ਼ੀ ਆਫ਼ ਸਿਖਜ਼ਿਮ' ਨੂੰ ਦਿੱਤਾ ਜਾ ਸਕਦਾ ਹੈ। ਇਹ ਇਨ੍ਹਾਂ ਦੇ ਲੰਡਨ ਵਿਸ਼ਵਵਿਦਿਆਲੇ ਤੋਂ ਮਨਜ਼ੂਰ ਹੋਈ ਪੀ. ਐਚ. ਡੀ ਦੇ ਹੀ ਪ੍ਰਬੰਧ ਦਾ ਸੰਸ਼ੋਧਿਤ ਤੇ ਵਧਿਆ ਹੋਇਆ ਰੂਪ ਹੈ। ਅਸਲ ਵਿਚ ਇਸ ਤੋਂ ਹੀ ਗੁਰੂ ਗਰੰਥ ਦਾ ਦਾਰਸ਼ਨਿਕ ਅਧਿਐਨ ਆਰੰਭ ਹੁੰਦਾ ਹੈ। ਕਿਉਂਕਿ ਉਹ ਭੀ ਵਿਸ਼ਾਲ ਆਕਰ ਵਾਲੇ ਗੁਰੂ ਗਰੰਥ ਦੀ ਨਿਰੋਲ ਰੂਪ ਰੇਖਾ ਨੂੰ ਹੀ ਸਾਹਮਣੇ ਰਖਦਾ ਹੈ :—

"Keeping the facts in view, it will not be a matter of surprise if my present attempt results in just a rare out live of the Philosophy of Sikhism,"

ਇਹ ਮਹਾਨ ਲੇਖਕ ਦੀ ਨਿਮਰਤਾ ਦਾ ਸੂਚਕ ਹੈ। ਗਿਆਨੀ ਪਰਤਾਪ ਸਿੰਘ ਦੀ ਗੁਰਮਤ ਫਿਲਾਸਫ਼ੀ ਆਦਿ ਤੋਂ ਉਪਰੰਤ (੧੯੫੧) (ਦੂਜਾ ਸੰਸਕਰਨ) ਕਈ ਨਵੇਂ ਲੇਖਕਾਂ ਦੀਆਂ ਕਿੰਨੀਆਂ ਹੀ ਪੁਸਤਕਾਂ ਦੇਖਣ ਵਿਚ ਆਉਂਦੀਆਂ ਹਨ। ਡਾ. ਗਰੀਨ ਲੈਨ ਦੀ 'ਗੌਸਪਲ ਆਫ ਦੀ ਗੁਰੂ ਗ੍ਰੰਥ (੧੯੫੨) ਇਸ ਪਾਸੇ ਅੰਤਿਮ ਸ਼ਲਾਘਾ ਯੋਗ ਪੁਸਤਕ ਹੈ। ਡਾ: ਜੈ ਰਾਮ ਮਿਸ਼ਰਾ ਦਾ 'ਫਿਲਾਸਫ਼ੀ ਆਫ ਸਿਖਜ਼ਿਮ' (੧੯੫੬) ਸ੍ਵੀਕ੍ਰਿਤ ਪਰੰਤੂ ਅਣਛਪਿਆ ਪ੍ਰਬੰਧ ਇਸ ਪਾਸੇ ਨਵੇਂ ਢੰਗ ਦਾ ਨਵਾਂ ਹੀ ਪ੍ਰਬੰਧ ਹੈ।

ਅੰਗਰੇਜ਼ੀ ਤੇ ਪੰਜਾਬੀ ਵਿਚ ਡਾ: ਮੋਹਨ ਸਿੰਘ ਦੀ 'ਹਿਸਟਰੀ ਆਫ ਪੰਜਾਬੀ ਲਿਟਰੇਚਰ (੧੯੩੨) ਤੇ 'ਪੰਜਾਬੀ ਸਾਹਿਤ ਦਾ ਇਤਿਹਾਸ' (੧੯੪੮) ਭੀ ਗ੍ਰੰਥ ਬਾਰੇ ਕਾਫ਼ੀ ਵਾਕਫ਼ੀਅਤ ਦਿੰਦੇ ਹਨ। ਇਥੇ ਦ੍ਰਿਸ਼ਟਿ ਕੋਣ ਪ੍ਰਮੁਖ ਰੂਪ ਵਿਚ ਸਾਹਿਤਕ ਹੀ ਰਹਿਆ ਹੈ। ਗ੍ਰੰਥ ਦੀ ਸਰਬ-ਪਖੀ



Digitized by Panjab Digital Library | www.panjabdigilib.org

ਮਹੱਤਤਾ ਨੂੰ ਉਭਾਰ ਕੇ ਅੱਜ ਤੱਕ ਦੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਉਸਦੀ ਚੰਗੀ ਦੇਣ ਨੂੰ ਪ੍ਰਗਟਾਇਆ ਹੈ। ਡਾ: ਗੁਪਾਲ ਸਿੰਘ ਨੇ ਭੀ ਆਪਣੇ 'ਪੰਜਾਬੀ ਸਾਹਿਤ ਦਾ ਇਤਿਹਾਸ' (੧੯੪੬) ਵਿਚ ਪੰਦਰਹਾਂ ਵੀਹ ਸਫ਼ੇ ਦਾ ਗੁਰੂ ਗ੍ਰੰਥ ਤੇ ਵਖਰਾ ਹੀ ਅਧਿਆਏ ਲਿਖ ਕੇ ਚੰਗੀ ਵਿਸ਼ਲੇਸ਼ਣਾਤਮਕ ਜਾਣ ਪਛਾਣ ਕਰਾਈ ਹੈ। ਹੋਰ ਪੰਜਾਬੀ ਸਾਹਿਤ ਦੇ ਇਤਿਹਾਸ ਲੇਖਕਾਂ ਵਿਚ ਭੀ ਸੰਖੇਪ ਜਾਣ ਪਛਾਣ ਮਿਲਦੀ ਹੈ।

ਹਿੰਦੀ ਸਾਹਿਤ ਦੇ ਇਤਿਹਾਸ ਵਿਚ ਰਾਮ ਚੰਦਰ ਸ਼ੁਕਲ ਨੇ (੧੯੨੯) ਥੋੜਾ ਜਿਹਾ ਡਾ: ਰਾਮ ਕੁਮਾਰ ਵਰਮਾ (੧੯੩੮) ਨੇ ਹੋਰ ਵਧੇਰੇ ਤੇ ਅਚਾਰੀਆ ਹਜ਼ਾਰੀ ਪ੍ਰਸ਼ਾਦ ਦਿਵੇਦੀ (੧੯੫੨) ਨੇ ਸੂਖਮ ਵਿਸ਼ਲੇਸ਼ਣਾਤਮਕ ਬਿਉਰੇ ਦਿੱਤੇ ਹਨ। ਇਨ੍ਹਾਂ ਤੋਂ ਇਲਾਵਾ ਪੁਰਸ਼ ਰਾਮ ਚਤੁਰ ਵੇਦੀ ਨੇ ਉਤਰੀ ਭਾਰਤ ਦੀ ਸੰਤ ਪਰੰਪਰਾ (੧੯੫੧) ਵਿਚ ਗੁਰੂ ਗਰੰਥ ਦਾ ਸੰਖੇਪ ਤੇ ਨਾਨਕ ਪੰਥ ਦਾ ਸਵਿਸਤਾਰ ਵਰਣਨ ਕੀਤਾ ਹੈ। 'ਸੰਤ ਸੁਧਾਕਰ' ਵਿਚ ਵਿਯੋਗੀ ਹਰੀ ਨੇ ਭੀ ਗੁਰੂ ਗਰੰਥ ਤੋਂ ਕਾਫ਼ੀ ਬਾਣੀ ਉਤਾਰਦਿਆਂ ਲੇਖਕਾਂ ਦਾ ਭੀ ਸੰਖੇਪ ਪਰਿਚਯ ਕਰਵਾਇਆ ਹੈ। ਇਨ੍ਹਾਂ ਸਭ ਪੁਸਤਕਾਂ ਵਿਚ ਸਾਹਿਤਕ ਦ੍ਰਿਸ਼ਟੀਕੋਣ ਪਰਧਾਨ ਰਹਿਆ ਹੈ—ਦਾਰਸ਼ਨਿਕ ਜਾਂ ਧਾਰਮਿਕ ਘਟ।

ਸਿਖਾਂ ਦੇ ਇਤਿਹਾਸ ਵਿਚ ਉਲੇਖਬਨੀ ਕਨਿਘਮ (੧੮੪੯) ਨਾਰੰਗ (੧੯੧੩) ਤੇ ਸਵਰਗੀ ਪ੍ਰਿੰਸੀਪਲ ਤੇਜਾ ਸਿੰਘ ਅਤੇ ਗੰਡਾ ਸਿੰਘ (੧੯੫੦) ਦੇ ਇਤਿਹਾਸ ਗਰੰਥ ਪ੍ਰਮਾਣਿਕ ਤੇ ਮਹਤਵ ਪੂਰਣ ਬਿਉਰਾ ਦੇਂਦੇ ਹਨ।

ਅਲੋਚਨਾਤਮਕ ਨਿਬੰਧਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਦਿਆਂ ਲੱਗ ਭੱਗ ਸਾਰੇ ਰਸਾਲਿਆਂ ਵਿਸ਼ੇਸ਼ ਤੌਰ ਤੇ ਗੁਰਮਤ ਪ੍ਰਕਾਸ਼ ਵਿਚ ਸਮੇਂ ਸਮੇਂ ਸਿਰ ਗੁਰੂ ਗਰੰਥ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਉਂਦੇ ਰਹੇ ਹਨ। ਪਰੰਤੂ ਪ੍ਰਿੰਸੀਪਲ ਸਾਹਿਬ ਸਿੰਘ ਦੇ ਡੂੰਘੇ ਗਿਆਨ, ਸੂਖਮ ਵਿਸ਼ਲੇਸ਼ਣ ਤੇ ਮੌਲਿਕ ਚਿੰਤਨ ਦੇ ਪਰਿਨਾਮ ਵਜੋਂ ਲਿਖੇ ਗਏ ਲੇਖਾਂ ਦੇ ਸੰਗ੍ਰਹਿ 'ਧਾਰਮਿਕ ਲੇਖ' (੧੯੪੬) ਤੇ "ਕੁਝ ਹੋਰ ਧਾਰਮਿਕ ਲੇਖ" (੧੯੪) ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ। ਅਸਲ ਵਿਚ ਸਾਰੇ ਪੱਖਾਂ ਤੋਂ ਗੁਰੂ ਗਰੰਥ ਦਾ



Digitized by Panjab Digital Library | www.panjabdigilib.org

ਵਿਗਿਆਨਕ ਤੇ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਨ ਦਾ ਸਿਹਰਾ ਇਨ੍ਹਾਂ ਦੇ ਸਿਰ ਹੀ ਹੈ।

ਗੁਰੂ ਗਰੰਥ ਦੀ ਰਚਨਾ ਤੇ ਉਸ ਸਬੰਧੀ ਲੋਕਾਂ ਵਿਚ ਪਰਚਲਿਤ ਗੱਲਾਂ (ਜਨ ਸ਼ਰੁਤੀ) ਦਾ ਵਿਸਤਾਰ ਨਾਲ ਇਤਿਹਾਸਕ ਬਿਉਰਾ ਦੇਣ ਨਾਲ ਸੰਤੋਖ ਸਿੰਘ ਦਾ 'ਗੁਰਪਰਤਾਪ ਸੂਰਜ' (੧੮੪੩) ਤੇ ਗਿਆਨ ਸਿੰਘ ਦਾ 'ਤਵਾਰੀਖ ਗੁਰੂ ਖਾਲਸਾ' ਭੀ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ।

ਜਿਥੇ 'ਸ਼ਬਦਾਰਥ' ਗੁਰੂ ਗਰੰਥ ਦੇ ਅਰਥ ਸਮਝਣ ਵਿਚ ਵਧੇਰੇ ਸਹਾਇਕ ਸਿੱਧ ਹੁੰਦਾ ਹੈ। ਉਥੇ ਸ੍ਰੀ ਗੁਰੂ ਗਰੰਥ ਕੋਸ਼ (੧੯੨੭) ਉਸਦਾ ਮਹਤਵ ਸਰਬ ਪੱਖੀ ਬਿਉਰਾ ਦੇਣ ਦਾ ਸ਼ਲਾਘਾ ਯੋਗ ਕੰਮ ਹੈ।

ਇਨਾਂ ਕਝ ਹੁੰਦਿਆਂ ਹੋਇਆਂ ਭੀ ਜਨ ਸਾਧਾਰਣ ਦੇ ਗੁਰੂ ਗਰੰਥ ਦੀ ਜਨ-ਸਾਧਾਰਣ ਦੀ ਭਾਸ਼ਾ ਵਿਚ ਸਰਬ ਪਖੀ ਜਾਣ ਪਛਾਣ ਕਰਾਕੇ ਜਨ-ਸਾਧਾਰਣ ਲਈ ਹੀ ਉਸਨੂੰ ਉਪਯੋਗੀ ਬਣਾਉਣ ਦਾ ਇਹ ਇਕ ਨਿੱਕਾ ਜਿਹਾ ਪਹਿਲਾ ਉਦੱਮ ਹੈ।



Digitized by Panjab Digital Library | www.panjabdigilib.org

# ਕੁਝ ਵਿਸ਼ੇਸ਼ ਸਹਾਇਕ ਗ੍ਰੰਥਾਂ ਦੀ ਸੂਚੀ


ਪੰਜਾਬੀ

੧ ਸ੍ਰੀ ਗੁਰੂ ਗ੍ਰੰਥ ਸਾਹਿਬ (ਦੇਵ ਨਾਗਰੀ ਲਿੱਪੀ ਸ੍ਰੋ ਗੁ: ਪ੍ਰ: ਕ: ਅੰਮ੍ਰਿਤਸਰ ੭੯੫

੨ ਸ੍ਰੀ ਗੁਰੂ ਗ੍ਰੰਥ ਕੋਸ਼ ਖ਼ਾਲਸਾ ਟ੍ਰੈਕਟ ਸੁਸਾਇਟੀ (ਅੰਮ੍ਰਿਤਸਰ ੭੯੨)

੩ ਸ਼ਬਦਾਰਥ (ਗੁਰੂ ਬਾਣੀ ਟ੍ਰਸਟ, ਲਾਹੌਰ ੭੯੪੫)

੪ ਗੁਰੂ ਪ੍ਰਤਾਪ ਸੂਰਜ ਗ੍ਰੰਥ ਸੰਤੋਖ ਸਿੰਘ ੯੮੪੩)

੫ ਤਵਾਰੀਖ਼ ਗੁਰੂ ਖ਼ਾਲਸਾ : ਗਿਆਨ ਸਿੰਘ

੬ ਬਾਣੀ ਬਿਉਰਾ : ਡਾ: ਚਰਣ ਸਿੰਘ

੭ ਗੁਰਮਤ ਨਿਰਣੈ : ਭਾਈ ਜੋਧ ਸਿੰਘ ੧੯੩੨,

੮ ਧਾਰਮਿਕ ਲੇਖ : ਸਾਹਿਬ ਸਿੰਘ ੧੯੪੬

੯ ਕੁਝ ਹੋਰ ਧਾਰਿਮਕ ਲੇਖ (ਸਾਹਿਬ ਸਿੰਘ ੧੯੪੩)

੧੦ ਪੰਜਾਬੀ ਸਾਹਿਤ ਦਾ ਇਤਿਹਾਸ (ਡਾ: ਗੋਪਾਲ ਸਿੰਘ ਦਰਦੀ ੧੯੪੬)

ਹਿੰਦੀ

੧੧ ਉਤਰੀ ਭਾਰਤ ਕੀ ਸੰਤ ਪ੍ਰੰਪਰਾ (ਪਰਸ ਰਾਮ ਚਤੁਰ ਵੇਦੀ ੧੯੫੧)

੧੨ ਹਿੰਦੀ ਕਾਵਿ ਮੇਂ ਨਿਰਗੁਣ ਸੰਪਰਦਾਇ । ਡਾ: ਪੀਤਾਂਬਰ ਦੱਤ ਬੜਥਵਾਲ

੧੩ ਕਬੀਰ (ਆਚਾਰੀਆ ਹਜ਼ਾਰੀ ਪ੍ਰਸਾਦਿ ਦਵੇਦੀ ੧੯੪੧

੧੪ ਸੰਤ ਕਬੀਰ ਡਾ: ਰਾਮ ਕੁਮਾਰ ਵਰਮਾ । ੧੯੪ ਦੂਜਾ ਸੰਸਕਰਣ

੧੫ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ : ਜੈ ਰਾਮ ਮਿਸਰਾ ਅਪ੍ਰਕਾਸ਼ਿਤ ਤ੍ਰਬੰਧ

1 The sikh religion, its Gurus, sacred writing and authers (Mecauliff. M.A. 1909j

2 Philosophy of sikhism Dr. Sher Singh 1944

3 Gospel of the Guru Granth (Duncan Greenless 1952

4 A History of Panjabi Literature. Dr. Mohan Singh 1932

5 A short History of the Sikhs, Canninghaın (Vol—1) Teja 8ingh Ganda Singh J. D. 1950.

6 History of the Sikhs Canningham J. D. 1849

7 The Book of the ten Masters, Puran Singh 1926.

8 Guru Nanak as a poet (Unpublished Thesis Taran Singh.


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B - 0623

Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ ਪਰਮਪਾਲ ਸੈਣੀ

Digitized by Panjab Digital Library | www.panjabdigilib.org